# ਯੋਜਨਾ

**ਸਾਲ 34 • ਅੰਕ 10 • ਅਕਤੂਬਰ 2017 • ਕੁੱਲ ਪੰਨੇ 56**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


| | | |
|---|---|---|
| • ਸਵੱਛ ਭਾਰਤ ਦਾ ਨਿਰਮਾਣ | - ਪ੍ਰਮੇਸ਼ਵਰਨ ਅਈਯਰ | 4 |
| • ਪੇਂਡੂ ਭਾਰਤ ਲਈ ਯੋਗ ਮੌਕੇ | - ਅਮਰਜੀਤ ਸਿਨਹਾ | 8 |
| • ਜਾਤੀਵਾਦ ਮੁਕਤ ਭਾਰਤ ਦੀ ਸਿਰਜਣਾ | - ਅਮਰਜੀਤ ਐੱਸ ਨਾਰੰਗ | 13 |
| • ਕਿਸਾਨਾਂ ਦੀ ਭਲਾਈ ਵਿੱਚ ਖੇਤੀ ਪ੍ਰਣਾਲੀ | - ਜਗਦੀਪ ਸਕਸੈਨਾ | 16 |
| • ਤੀਹਰੇ ਤਲਾਕ ਖਿਲਾਫ਼ ਫੈਸਲਾ : ਮੁਸਲਿਮ ਔਰਤਾਂ ਲਈ ਜਿੱਤ | - ਆਰ ਕੇ ਸਿਨਹਾ | 20 |
| • ਨਵੇਂ ਭਾਰਤ ਲਈ ਨਵੀਨਤਾ ਨਿਰਦੇਸ਼ਤ ਸੁਧਾਰ | - ਉੱਨਤ ਪੰਡਿਤ | 23 |
| • ਭਾਰਤ ਦੀ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਾਈ | - ਵੀ. ਸ੍ਰੀਨਿਵਾਸ | 28 |
| • ਨਵੇਂ ਭਾਰਤ ਵਿੱਚ ਹੁਨਰ ਅਤੇ ਉੱਦਮਤਾ ਦਾ ਵਿਕਾਸ | - ਅਮਿਤ ਕੁਮਾਰ ਦਿਵੇਦੀ<br>- ਸਰਵਾਨਨ ਵੇਲੂਸਾਮੀ | 32 |
| • ਨਵੇਂ ਭਾਰਤ ਵਿੱਚ ਸਮਾਜਿਕ ਨਿਆਂ | - ਸਵਦੇਸ਼ ਸਿੰਘ | 38 |
| • ਨਵੇਂ ਭਾਰਤ ਦੇ ਨਿਰਮਾਣ ਵਿੱਚ ਔਰਤਾਂ ਦੀ ਭੂਮਿਕਾ | - ਕ੍ਰਿਸ਼ਨ ਚੰਦ ਚੌਧਰੀ | 42 |
| • 'ਸੰਕਲਪ ਤੋਂ ਸਿੱਧੀ' ਕਰੇਗੀ ਨਵੇਂ ਭਾਰਤ ਦਾ ਨਿਰਮਾਣ | - ਅਵਿਨਾਸ਼ ਰਾਏ ਖੰਨਾ | 46 |
| • ਪੁਸਤਕ ਮੇਲਾ | - | 48 |
| • ਵਿਕਾਸ ਖਾਕਾ | - | 50 |



***ਯੋਜਨਾ*** **ਪੰਜਾਬੀ ਸਮੇਤ ਅਸਾਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ-ਵਿੰਗ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਅਨੰਤਪੁਰਮ 695001 (ਫ਼ੋਨ. 2330650) • ਕਮਰਾ ਨੰ. 204, ਦੂਜੀ ਮੰਜ਼ਿਲ, ਸੀ.ਜੀ.ਓ. ਟਾਵਰ, ਕਵਾਦੀਗੁਡਾ, ਹੈਦਰਾਬਾਦ - 500080 (ਫ਼ੋਨ.24605383) • ਪਹਿਲੀ ਮੰਜ਼ਿਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੂਰੂ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਪੇਂਸ਼ਨ ਪਾਰਾ ਰੋਡ, ਹਾਊਸ ਨੰ:-4, ਪੀ ਓ, ਸਿਲਪੁਕਰੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 -** ***ਯੋਜਨਾ*** **ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਸਵੱਛ ਭਾਰਤ ਦੀ ਸਿਰਜਣਾ

ਪ੍ਰਮੇਸ਼ਵਰਨ ਅਈਯਰ

**15** ਅਗਸਤ, 2014 ਨੂੰ ਮਾਨਯੋਗ ਪ੍ਰਧਾਨ ਮੰਤਰੀ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਗੰਦਗੀ ਅਤੇ ਖੁੱਲ੍ਹੇ ਵਿੱਚ ਪਖ਼ਾਨਾ ਕਰਨ ਦੀ ਪ੍ਰਥਾ ਵਿਰੁੱਧ ਮੁਹਿੰਮ ਛੇੜਨ ਅਤੇ ਖੁੱਲ੍ਹੀ ਥਾਂ ਉਤੇ ਗੰਦਗੀ ਕਰਨ ਤੋਂ ਮੁਕਤ ਭਾਰਤ ਕਾਇਮ ਕਰਨ ਦਾ ਗਾਂਧੀ ਜੀ ਦਾ ਸੁਪਨਾ ਪੂਰਾ ਕਰਨ ਲਈ ਜੰਗ ਛੇੜਨ ਦਾ ਜੋ ਸੱਦਾ ਦਿੱਤਾ ਸੀ, ਉਸ ਨੂੰ ਉਨ੍ਹਾਂ ਦੇ 150ਵੇਂ ਜਨਮ ਦਿਨ ਅਰਥਾਤ 2 ਅਕਤੂਬਰ, 2019 ਤੱਕ ਪੂਰਾ ਕੀਤਾ ਜਾਵੇਗਾ।

ਇਹ ਦੁਨੀਆਂ ਵਿੱਚ ਕਿਸੇ ਦੇਸ਼ ਦੇ ਮੁਖੀ ਵਲੋਂ ਸਫਾਈ ਦੇ ਮੁੱਦੇ ਉਤੇ ਕੀਤਾ ਗਿਆ ਇਕ ਬਹੁਤ ਹੀ ਦਲੇਰੀ ਭਰਿਆ ਅਤੇ ਖਾਹਿਸ਼ੀ ਐਲਾਨ ਸੀ। ਸਭ ਤੋਂ ਉਪਰਲੇ ਪੱਧਰ ਤੋਂ ਲੈ ਕੇ ਸਫਾਈ ਦੇ ਮੁੱਦੇ ਉਤੇ ਬਹਿਸ ਨੂੰ ਬੰਦ ਕਮਰਿਆਂ ਵਿੱਚੋਂ ਬਾਹਰ ਕੱਢ ਕੇ ਦੇਸ਼ ਦੀ ਨੀਤੀ ਅਤੇ ਵਿਕਾਸ ਦਾ ਹਿੱਸਾ ਬਣਾਇਆ ਗਿਆ। ਖੁੱਲ੍ਹੀ ਥਾਂ ਤੇ ਪਖਾਨਾ ਕਰਨਾ 1 ਲੱਖ ਤੋਂ ਵੱਧ ਬੱਚਿਆਂ ਦੀ ਮੌਤ ਦਾ ਹਰ ਸਾਲ ਕਾਰਨ ਬਣਦਾ ਹੈ ਅਤੇ ਇਹ ਮੌਤਾਂ ਪੇਟ ਦੀ ਇਨਫੈਕਸ਼ਨ ਕਾਰਨ ਹੁੰਦੀਆਂ ਹਨ। ਵਿਸ਼ਵ ਬੈਂਕ ਵਲੋਂ ਕੀਤੇ ਗਏ ਇਕ ਅਧਿਐਨ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤ ਦੇ ਬੱਚਿਆਂ ਵਿੱਚੋਂ 40 ਪ੍ਰਤਿਸ਼ਤ ਦਾ ਪੂਰੀ ਤਰ੍ਹਾਂ ਵਿਕਾਸ ਨਹੀਂ ਹੋਇਆ, ਇਸ ਦਾ ਮੁੱਖ ਕਾਰਨ ਸਫਾਈ ਦੀ ਅਣਹੋਂਦ ਹੈ। ਇਸ ਦਾ ਮਾੜਾ ਅਸਰ ਉਨ੍ਹਾਂ ਦੀ ਆਰਥਿਕ ਸਮਰੱਥਾ ਉੱਤੇ ਵੀ ਪੈਂਦਾ ਹੈ ਅਤੇ ਇਸ ਦੀ ਭਾਰਤ ਦੇ ਕੁੱਲ ਘਰੇਲੂ ਉਤਪਾਦ ਦੇ 6 ਪ੍ਰਤਿਸ਼ਤ ਦੇ ਬਰਾਬਰ ਲਾਗਤ ਆਉਂਦੀ ਹੈ। ਮਹਿਲਾ ਸੁਰੱਖਿਆ ਅਤੇ ਸਨਮਾਨ ਵਿੱਚ ਖੁੱਲ੍ਹੀ ਥਾਂ ਉਤੇ ਪਖਾਨੇ ਜਾਣਾ ਇਕ ਵੱਡੀ ਰੁਕਾਵਟ ਬਣਦਾ ਹੈ। ਸਾਡੇ ਪ੍ਰਧਾਨ ਮੰਤਰੀ ਨੇ ਵੇਖਿਆ ਕਿ ਇਸ ਦਿਸ਼ਾ ਵਿੱਚ ਕੋਈ ਹਾਂ-ਪੱਖੀ ਕੰਮ ਕੀਤੇ ਜਾਣ ਦੀ ਲੋੜ ਹੈ ਅਤੇ ਇਹ ਮੁੱਦਾ ਇਕ ਸਮਾਂਬੱਧ ਢੰਗ ਨਾਲ ਅਤੇ ਮਿਸ਼ਨ ਮੋਡ ਵਿੱਚ ਹੱਲ ਹੋਣਾ ਚਾਹੀਦਾ ਹੈ। 21ਵੀਂ ਸਦੀ ਦਾ ਭਾਰਤ, ਜੋ ਕਿ ਵਿਸ਼ਵ ਦੀ ਆਰਥਿਕ ਸੁਪਰ ਤਾਕਤ ਬਣਨ ਦੀ ਰਾਹ ਦੇ ਅੱਗੇ ਵਧ ਰਿਹਾ ਹੈ, ਵਿੱਚ ਗੰਦਗੀ ਅਤੇ ਖੁੱਲ੍ਹੀ ਥਾਂ ਉਤੇ ਸ਼ੌਚ ਕਰਨ ਦੀ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਸਾਫ ਸਫਾਈ ਪਿੱਛੇ ਆਪਣੀ ਪੂਰੀ ਤਾਕਤ ਲਗਾ ਦਿੱਤੀ ਅਤੇ ਇਸ ਨੂੰ ਰਾਸ਼ਟਰੀ ਪਹਿਲ ਬਣਾਇਆ।

## ਐਸ ਬੀ ਐੱਮ ਦੀ ਪ੍ਰਗਤੀ

ਸਵੱਛ ਭਾਰਤ ਮਿਸ਼ਨ (ਐੱਸ ਬੀ ਐੱਮ) ਨੇ ਆਪਣੇ 3 ਸਾਲ ਲਗਭਗ ਮੁਕੰਮਲ ਕਰ ਲਏ ਹਨ। ਇਸ ਦੀ ਸਮੁੱਚੀ ਤਰੱਕੀ ਬਹੁਤ ਵਧੀਆ ਰਹੀ ਹੈ। ਕੁਝ ਰਾਜਾਂ ਨੇ ਦੂਜਿਆਂ ਨਾਲੋਂ ਬੇਹਤਰ ਕੰਮ ਕੀਤਾ ਹੈ। ਦਿਹਾਤੀ ਸਫਾਈ ਦੇ ਖੇਤਰ ਵਿੱਚ 68 ਪ੍ਰਤਿਸ਼ਤ ਤੱਕ ਕੰਮ ਹੋ ਚੁੱਕਾ ਹੈ ਜੋ ਕਿ ਸ਼ੁਰੂ ਵਿੱਚ ਸਿਰਫ 39 ਪ੍ਰਤਿਸ਼ਤ ਸੀ। ਦਿਹਾਤੀ ਭਾਰਤ ਦੇ 230 ਮਿਲੀਅਨ ਤੋਂ ਵੱਧ ਲੋਕਾਂ ਨੇ ਖੁੱਲ੍ਹੇ ਵਿੱਚ ਸ਼ੌਚ ਜਾਣਾ ਬੰਦ ਕਰ ਦਿੱਤਾ ਹੈ। 103 ਜ਼ਿਲ੍ਹਿਆਂ ਅਤੇ ਲਗਭਗ 235,000 ਪਿੰਡਾਂ ਨੂੰ ਖੁੱਲ੍ਹੀ ਥਾਂ ਉਤੇ ਪਖਾਨੇ ਤੋਂ ਮੁਕਤ (ਓ ਡੀ ਐੱਫ) ਐਲਾਨ ਦਿੱਤਾ ਗਿਆ ਹੈ। 5 ਰਾਜਾਂ – ਸਿੱਕਮ, ਹਿਮਾਚਲ ਪ੍ਰਦੇਸ਼, ਕੇਰਲ, ਹਰਿਆਣਾ ਅਤੇ ਉੱਤਰਾਖੰਡ ਖੁੱਲ੍ਹੀ ਥਾਂ ਉਤੇ ਸ਼ੌਚ ਜਾਣ ਤੋਂ ਮੁਕਤ ਹੋ ਗਏ ਹਨ। ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਪਵਿੱਤਰ ਗੰਗਾ ਨਦੀ ਦੇ ਕੰਢੇ ਸਥਿਤ 4,000 ਤੋਂ ਵੱਧ ਪਿੰਡ ਇਸ ਬੁਰਾਈ ਤੋਂ ਮੁਕਤ ਹੋ ਗਏ ਹਨ।


## ਐੱਸ ਬੀ ਐੱਮ ਅਨੋਖਾ ਕਿਵੇਂ ਹੈ?

ਐੱਸ ਬੀ ਐੱਮ ਇਕ ਵਿਸ਼ਵ ਪੱਧਰ ਦਾ ਅਨੋਖਾ ਪ੍ਰੋਗਰਾਮ ਹੈ ਜਿਸ ਦਾ ਦਾਇਰਾ ਅਤੇ ਉੱਚਾਈ ਹੋਰ ਕਿਸੇ ਵੀ ਸਫਾਈ ਦੇ ਪ੍ਰੋਗਰਾਮ ਤੋਂ ਵੱਖਰੀ ਹੈ। ਦਿਹਾਤੀ ਭਾਰਤ ਦੇ 550 ਮਿਲੀਅਨ ਲੋਕਾਂ ਨੂੰ ਖੁੱਲ੍ਹੀ ਥਾਂ ਉਤੇ ਸ਼ੌਚ ਤੋਂ ਮੁਕਤ ਕਰਵਾਉਣਾ ਇਕ ਬੇਮਿਸਾਲ ਪ੍ਰਾਪਤੀ ਬਣ ਗਈ



ਹੈ ਜੋ ਕਿ ਬਹੁਤ ਮੁਸ਼ਕਿਲ ਕੰਮ ਸੀ। ਸੜਕਾਂ, ਪੁਲਾਂ ਅਤੇ ਬਿਜਲੀ ਪਲਾਂਟਾਂ ਦਾ ਢਾਂਚਾ ਖੜ੍ਹਾ ਕਰਨਾ ਵੱਖਰੀ ਚੀਜ਼ ਹੈ, ਲੱਖਾਂ ਲੋਕਾਂ ਦੀਆਂ ਆਦਤਾਂ ਬਦਲਣਾ ਅਤੇ ਉਨ੍ਹਾਂ ਨੂੰ ਇਕ ਅਜਿਹੇ ਸਵੈ-ਇੱਛਕ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨਾ ਵੱਖਰੀ ਗੱਲ ਹੈ। ਇਹ ਅੰਦੋਲਨ ਸਦੀਆਂ ਤੋਂ ਚੱਲੀ ਆ ਰਹੀ ਖੁੱਲ੍ਹੀ ਥਾਂ ਉਤੇ ਸ਼ੌਚ ਜਾਣ ਦੀਆਂ ਆਦਤਾਂ ਤੋਂ ਮੁਕਤੀ ਹਾਸਿਲ ਕਰਨ ਲਈ ਸੀ। ਐੱਸ ਬੀ ਐੱਮ ਦਾ ਉਦੇਸ਼ ਲੋਕਾਂ ਦੇ ਦਿਮਾਗ ਬਦਲਣਾ ਸੀ ਨਾ ਕਿ ਕੋਈ ਢਾਂਚਾ ਤਿਆਰ ਕਰਨਾ ਸੀ। ਇਸੇ ਕਾਰਨ ਹੀ ਇਹ ਪ੍ਰੋਗਰਾਮ ਪਹਿਲਾਂ ਦੇ ਸਫਾਈ ਦੇ ਪ੍ਰੋਗਰਾਮਾਂ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਦਾ ਸੀ।

ਸਭ ਤੋਂ ਪਹਿਲੀ ਪ੍ਰਮੁੱਖ ਤਬਦੀਲੀ ਇਹ ਲਿਆਂਦੀ ਜਾਣੀ ਸੀ ਕਿ ਸੂਚਨਾ, ਸਿੱਖਿਆ ਅਤੇ ਸੰਚਾਰ (ਆਈ ਈ ਸੀ) ਰਾਹੀਂ ਲੋਕਾਂ ਦਾ ਮਨ ਬਦਲਣਾ ਅਤੇ ਪਖਾਨਾ ਸੀਟਾਂ ਵੱਲ ਧਿਆਨ ਦੇਣ ਦੀ ਬਜਾਏ ਪਿੰਡਾਂ ਵੱਲ ਧਿਆਨ ਦੇਣਾ। ਇਸ ਸਾਰੇ ਕੰਮ ਦੇ ਪਿੱਛੇ ਭਾਈਚਾਰਾ ਹੀ ਕੇਂਦਰਿਤ ਸੀ। ਉਹ ਸਵੱਛਤਾ ਕ੍ਰਾਂਤੀ ਦੀ ਆਵਾਜ਼ ਬੁਲੰਦ ਕਰ ਰਹੇ ਹਨ। ਬੱਚੇ, ਔਰਤਾਂ, ਬਜ਼ੁਰਗ ਅਤੇ ਖ਼ਾਸ ਤੌਰ ਤੇ ਸਾਰੇ ਯੋਗ ਸ਼ਹਿਰੀ ਸਵੱਛਤਾ ਚੈਂਪੀਅਨ ਬਣ ਕੇ ਉੱਭਰੇ। ਉਹ ਆਪਣੇ ਭਾਈਚਾਰਿਆਂ ਨੂੰ ਇਕੱਠੇ ਕਰਕੇ ਲੋਕਾਂ ਨੂੰ ਖੁੱਲ੍ਹੀ ਥਾਂ ਉਤੇ ਸ਼ੌਚ ਜਾਣ ਤੋਂ ਪ੍ਰਹੇਜ਼ ਕਰਨ ਦੀ ਪ੍ਰੇਰਨਾ ਦੇ ਰਹੇ ਹਨ। ਮਾਨਯੋਗ ਪ੍ਰਧਾਨ ਮੰਤਰੀ ਨੇ 10 ਅਜਿਹੀਆਂ ਪ੍ਰੇਰਨਾਮਈ ਔਰਤਾਂ ਨੂੰ ਬੀਤੇ ਦਿਨੀਂ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਉਤੇ ਆਯੋਜਿਤ ਇਕ ਵਿਸ਼ੇਸ਼ ਸਮਾਰੋਹ ਵਿੱਚ 6000 ਔਰਤਾਂ ਦੀ ਮੌਜੂਦਗੀ ਵਿੱਚ ਸਵੱਛਤਾ ਚੈਂਪੀਅਨ ਦਾ ਪੁਰਸਕਾਰ ਦਿੱਤਾ।




ਸਫਾਈ ਦੀ ਪ੍ਰੇਰਨਾ ਦੇਣ ਵਾਲੇ ਲੱਖਾਂ ਲੋਕਾਂ, ਜਿਨ੍ਹਾਂ ਨੂੰ ਕਿ ਸਵੱਛਾਗ੍ਰਹੀਜ਼ ਕਿਹਾ ਜਾਂਦਾ ਹੈ, ਨੂੰ ਭਾਈਚਾਰਕ ਸਫਾਈ ਸੰਬੰਧੀ ਸਿਖਲਾਈ ਦਿੱਤੀ ਜਾ ਰਹੀ ਹੈ। ਪੀਣ ਵਾਲੇ ਪਾਣੀ ਅਤੇ ਸਫਾਈ ਬਾਰੇ ਮੰਤਰਾਲਾ (ਐੱਮ ਡੀ ਡਬਲਿਯੂ ਐੱਸ) ਵਲੋਂ ਇਸ ਸੰਬੰਧ ਵਿੱਚ ਕਈ ਕਲਾਸਾਂ ਵੀ ਆਯੋਜਿਤ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਇਨ੍ਹਾਂ ਸਿਖਲਾਈ ਪ੍ਰੋਗਰਾਮਾਂ ਵਿੱਚ ਤੇਜ਼ੀ ਲਿਆਂਦੀ ਜਾ ਸਕੇ। ਇਨ੍ਹਾਂ ਪ੍ਰੋਗਰਾਮਾਂ ਵਿੱਚ ਇਕ ਕੇਂਦਰੀ ਟ੍ਰੇਨਰ ਵੱਖ-ਵੱਖ ਥਾਵਾਂ ਉਤੇ ਇਨ੍ਹਾਂ ਸਿਖਿਆਰਥੀਆਂ ਨਾਲ ਗੱਲਬਾਤ ਕਰਦਾ ਹੈ ਅਤੇ ਉਨ੍ਹਾਂ ਨੂੰ ਭਾਈਚਾਰਕ ਇਕੱਠ ਵਿੱਚ ਪ੍ਰਭਾਵੀ ਢੰਗ ਨਾਲ ਸਿਖਲਾਈ ਦੇਣ ਬਾਰੇ ਨੁਕਤੇ ਦੱਸਦਾ ਹੈ। ਇਹ ਲੋਕ ਪਿੰਡ ਪੱਧਰ ਉੱਤੇ ਉਤਸ਼ਾਹ ਆਧਾਰਿਤ ਸਿਸਟਮ ਅਧੀਨ ਕੰਮ ਕਰਦੇ ਹਨ ਅਤੇ ਲੋਕਾਂ ਦੇ ਮਨ ਵਿੱਚ ਤਬਦੀਲੀ ਲਿਆਉਣ ਲਈ ਯਤਨਸ਼ੀਲ ਰਹਿੰਦੇ ਹਨ। ਇਸ ਵੇਲੇ ਲਗਭਗ 150 ਸਵੱਛਾਗ੍ਰਹੀ ਦੇਸ਼ ਭਰ ਵਿੱਚ ਮੌਜੂਦ ਹਨ ਅਤੇ ਇਸ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਐੱਸ ਬੀ ਐੱਮ ਦਾ ਉਦੇਸ਼ ਹਰ ਪਿੰਡ ਵਿੱਚ ਘੱਟੋ-ਘੱਟ ਇਕ ਸਵੱਛਾਗ੍ਰਹੀ ਦੀ ਮੌਜੂਦਗੀ ਯਕੀਨੀ ਬਣਾਉਣਾ ਹੈ।




ਪੀਣ ਵਾਲੇ ਪਾਣੀ ਅਤੇ ਸਫਾਈ ਬਾਰੇ ਮੰਤਰਾਲਾ ਅਤੇ ਸੂਬਿਆਂ ਵਲੋਂ ਸਥਾਨਕ ਚੁਣੇ ਹੋਏ ਨੁਮਾਇੰਦੇ, ਮੁਢਲੇ ਪੱਧਰ ਦੇ ਸੰਗਠਨਾਂ, ਐੱਨ ਜੀ ਓਜ਼, ਯੁਵਾ ਸੰਗਠਨਾਂ, ਸਕੂਲੀ ਵਿਦਿਆਰਥੀਆਂ, ਕਾਰਪੋਰੇਟਾਂ ਅਤੇ ਸਿਵਲ ਸਫਾਈ ਸੰਗਠਨਾਂ ਨੂੰ ਇਸ ਅੰਦੋਲਨ ਨਾਲ ਜੋੜਨ ਦੀ ਕੋਸ਼ਿਸ਼ ਹੋ ਰਹੀ ਹੈ। ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਦੀ



ਵਰਤੋਂ ਕਰਕੇ ਸਵੱਛਤਾ ਸੰਬੰਧੀ ਸੰਦੇਸ਼ ਅਤੇ ਅਪੀਲਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਬਾਲੀਵੁਡ ਸਿਤਾਰਿਆਂ ਅਤੇ ਕ੍ਰਿਕਟਰਾਂ ਨੂੰ ਵੀ ਨਾਲ ਜੋੜਨ ਦਾ ਕੰਮ ਚੱਲ ਰਿਹਾ ਹੈ। ਸੁਪਰ ਸਟਾਰ ਅਮਿਤਾਭ ਬਚਨ ਇਕ 'ਦਰਵਾਜ਼ਾ ਬੰਦ' ਮੁਹਿੰਮ ਦੀ ਅਗਵਾਈ ਟੀ ਵੀ, ਰੇਡੀਓ ਅਤੇ ਬੋਰਡਾਂ ਉੱਤੇ ਦੇਸ਼ ਭਰ ਵਿੱਚ ਚਲਾ ਰਹੇ ਹਨ। ਅਕਸ਼ੇ ਕੁਮਾਰ ਨੇ ਇਸ ਵਿਸ਼ੇ ਨੂੰ ਲੈ ਕੇ 'ਟਾਇਲਟ – ਇਕ ਪ੍ਰੇਮ ਕਥਾ' ਨਾਂ ਦੀ ਫ਼ਿਲਮ ਵੀ ਬਣਾ ਦਿੱਤੀ ਹੈ ਜੋ ਕਿ ਇਸ ਸਾਲ ਦੀ ਸਭ ਤੋਂ ਵੱਡੀ ਹਿੱਟ ਫ਼ਿਲਮ ਸਿੱਧ ਹੋਈ ਹੈ।

ਇਕ ਵਾਰੀ ਜਦੋਂ ਕੋਈ ਪਿੰਡ ਆਪਣੇ ਆਪ ਨੂੰ ਗ੍ਰਾਮ ਸਭਾ ਵਿੱਚ ਓ ਡੀ ਐਫ ਐਲਾਨ ਦਿੰਦਾ ਹੈ ਤਾਂ ਬਾਅਦ ਵਿੱਚ ਉਸ ਦੇ ਇਸ ਦਰਜੇ ਦੀ ਤਸਦੀਕ ਕੀਤੀ ਜਾਂਦੀ ਹੈ। ਇਸ ਵੇਲੇ ਲਗਭਗ 60 ਪ੍ਰਤਿਸ਼ਤ ਅਜਿਹੇ ਪਿੰਡਾਂ ਦੀ ਤਸਦੀਕ ਹੋ ਚੁੱਕੀ ਹੈ ਜੋ ਗਿਣਤੀ ਕੁੱਝ ਮਹੀਨੇ ਪਹਿਲਾਂ ਸਿਰਫ 25 ਪ੍ਰਤਿਸ਼ਤ ਸੀ। ਐੱਸ ਬੀ ਐੱਮ – ਜੀ ਦੀਆਂ ਅਗਵਾਈ ਲੀਹਾਂ ਪਿੰਡ ਦੇ ਐਲਾਨੇ ਗਏ ਓ ਡੀ ਐੱਫ ਦਰਜੇ ਦੀ ਤਸਦੀਕ ਲਈ 90 ਦਿਨ ਦਾ ਸਮਾਂ ਦਿੰਦੀਆਂ ਹਨ। ਇਸ ਤਸਦੀਕ ਦੌਰਾਨ ਜੇ ਕੋਈ ਗੜਬੜ ਨਿਕਲਦੀ ਹੈ ਤਾਂ ਉਸ ਨੂੰ ਇਸ ਸਮੇਂ ਵਿੱਚ ਠੀਕ ਕਰਨਾ ਪੈਂਦਾ ਹੈ। ਓ ਡੀ ਐੱਫ ਦਰਜੇ ਦੀ ਸਮੇਂ ਸਿਰ ਤਸਦੀਕ ਐੱਸ ਬੀ ਐੱਮ ਅਤੇ ਪਹਿਲਾਂ ਦੇ ਸਫਾਈ ਪ੍ਰੋਗਰਾਮਾਂ ਵਿੱਚ ਦੂਸਰੇ ਵੱਡੇ ਫਰਕ ਨੂੰ ਦਰਸਾਉਂਦੀ ਹੈ।

ਇਸ ਪ੍ਰੋਗਰਾਮ ਵਿੱਚ ਜ਼ਿਲ੍ਹਾ ਅਤੇ ਸੂਬਾਈ ਪੱਧਰ ਉਤੇ ਤਸਦੀਕ ਕਰਨ ਦਾ ਇਕ ਸਪੱਸ਼ਟ ਢਾਂਚਾ ਦਰਸਾਇਆ ਗਿਆ ਹੈ। ਰਾਸ਼ਟਰੀ ਪੱਧਰ ਉਤੇ ਮੰਤਰਾਲਾ ਨੇ ਵੱਖਰੇ ਤੌਰ ਤੇ ਤਸਦੀਕ ਦੇ ਪ੍ਰਬੰਧ ਕੀਤੇ ਹਨ ਅਤੇ ਤੀਸਰੀ ਧਿਰ ਵਲੋਂ ਸੈਂਪਲ ਸਰਵੇ ਵੀ ਲਏ ਜਾਂਦੇ ਹਨ। ਇਸ ਦੀ ਸਭ ਤੋਂ ਤਾਜ਼ਾ ਉਦਾਹਰਣ ਰਾਸ਼ਟਰੀ ਪੱਧਰ ਉਤੇ 1,40,000 ਘਰਾਂ ਦਾ ਕੀਤਾ ਗਿਆ ਸਰਵੇ ਹੈ ਜੋ ਕਿ ਮਈ–ਜੂਨ 2017 ਵਿੱਚ ਕੁਆਲਿਟੀ ਕੌਂਸਲ ਆਫ ਇੰਡੀਆ ਵਲੋਂ ਕਰਵਾਇਆ ਗਿਆ ਸੀ ਅਤੇ ਇਸ ਵਿੱਚ ਵੇਖਿਆ ਗਿਆ ਸੀ ਕਿ ਦੇਸ਼ ਭਰ ਵਿੱਖ ਪਖਾਨਿਆਂ ਦੀ ਵਰਤੋਂ 91 ਪ੍ਰਤਿਸ਼ਤ ਦੇ ਉਤਸ਼ਾਹਜਨਕ ਅੰਕੜੇ ਉਤੇ ਪਹੁੰਚ ਚੁੱਕੀ ਹੈ।

ਪਿਛਲੇ ਪ੍ਰੋਗਰਾਮਾਂ ਦੀਆਂ ਕੁੱਝ ਉਦਾਹਰਣਾਂ ਨਜ਼ਰ ਆਈਆਂ ਸਨ ਜਿਥੇ ਕਿ ਓ ਡੀ ਐੱਫ ਐਲਾਨੇ ਗਏ ਪਿੰਡਾਂ ਨੇ ਖੁੱਲ੍ਹੇ ਥਾਂ ਉਤੇ ਸ਼ੌਚ ਦੇ ਮਾਮਲੇ ਨੂੰ ਇਕ ਪੁਰਾਣੀ ਆਦਤ ਦੱਸਦੇ ਹੋਏ ਇਸ ਨੂੰ ਖਤਮ ਕਰਨ ਤੋਂ ਅਸਮਰੱਥਤਾ ਜਤਾਈ ਸੀ। ਓ ਡੀ ਐੱਫ ਨੂੰ ਚਾਲੂ ਰੱਖਣਾ ਕੋਈ ਸੁਖਾਲਾ ਕੰਮ ਨਹੀਂ ਅਤੇ ਸੂਬਿਆਂ, ਜ਼ਿਲ੍ਹਿਆਂ ਅਤੇ ਪਿੰਡਾਂ ਨੂੰ ਆਈ ਈ ਸੀ ਉੱਤੇ ਪੂਰਾ ਧਿਆਨ ਕੇਂਦਰਿਤ ਕਰਨਾ ਪਵੇਗਾ ਤਾਂ ਕਿ ਓ ਡੀ ਐੱਫ ਕਾਇਮ ਰਹੇ। ਓ ਡੀ ਐੱਫ ਨੂੰ ਕਾਇਮ ਰੱਖਣ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਓ ਡੀ ਐੱਫ ਵਾਲੇ ਪਿੰਡਾਂ ਨੂੰ ਕੇਂਦਰੀ ਪ੍ਰਯੋਜਿਤ ਸਕੀਮਾਂ, ਜਿਵੇਂ ਕਿ ਪਾਈਪਾਂ ਰਾਹੀਂ ਵਾਟਰ ਸਪਲਾਈ ਦੀ ਸਕੀਮ ਵਿੱਚ ਪਹਿਲ ਦੇਣਾ ਸ਼ਾਮਿਲ ਹੈ। ਮੰਤਰਾਲਾ ਨੇ ਸੂਬਿਆਂ ਨੂੰ ਲੋੜੀਂਦੀਆਂ ਹਦਾਇਤਾਂ ਭੇਜੀਆਂ ਹਨ, ਜਿਨ੍ਹਾਂ ਵਿੱਚ ਕਿ ਮਾਲੀ ਸਹੂਲਤਾਂ ਦਾ ਵੀ ਪ੍ਰਬੰਧ ਹੈ, ਤਾਂ ਕਿ ਉਹ ਇਸ ਪ੍ਰੋਗਰਾਮ ਨੂੰ ਜਾਰੀ ਰੱਖ ਸਕਣ। ਜ਼ਿਲ੍ਹਿਆਂ ਨੂੰ 'ਸਵੱਛਤਾ ਦਰਪਣ' ਅਧੀਨ ਦਰਜੇ ਪ੍ਰਦਾਨ ਕੀਤੇ ਜਾ ਰਹੇ ਹਨ ਜਿਸ ਵਿੱਚ ਉਨ੍ਹਾਂ ਦੀ ਓ ਡੀ ਐੱਫ ਮਾਮਲੇ ਵਿੱਚ ਕਾਰਗੁਜ਼ਾਰੀ ਨੂੰ ਪਰਖਿਆ ਜਾ ਰਿਹਾ ਹੈ। ਇਸ ਨਾਲ ਜ਼ਿਲ੍ਹਿਆਂ ਵਿੱਚ ਸਿਹਤਮੰਦ ਮੁਕਾਬਲੇਬਾਜ਼ੀ ਵਧ ਰਹੀ ਹੈ। ਇਕ ਹੋਰ ਅਹਿਮ ਫਰਕ ਐੱਸ ਬੀ ਐੱਮ ਜੀ ਅਤੇ ਪੁਰਾਣੇ ਸਵੱਛਤਾ ਪ੍ਰੋਗਰਾਮਾਂ ਵਿੱਚ ਇਹ ਹੈ ਕਿ ਇਸ ਵਿੱਚ ਪੂਰਾ ਧਿਆਨ ਠੋਸ ਅਤੇ ਤਰਲ ਵੇਸਟ ਮੈਨੇਜਮੈਂਟ ਉੱਤੇ ਦਿੱਤਾ ਜਾ ਰਿਹਾ ਹੈ। ਅਸਲ ਵਿੱਚ ਇਸ ਵੇਸਟ ਨੂੰ ਇਕ ਸੋਮੇਂ ਵਜੋਂ ਲਿਆ ਜਾ ਰਿਹਾ ਹੈ ਅਤੇ ਇਸ ਨੂੰ ਠੋਸ ਅਤੇ ਤਰਲ ਰੀਸੋਰਸ ਮੈਨੇਜਮੈਂਟ (ਐੱਸ ਐੱਲ ਆਰ ਐੱਮ) ਦਾ ਨਾਂ ਦਿੱਤਾ ਗਿਆ ਹੈ। ਪਿੰਡ ਆਪਣੇ ਪੱਧਰ ਉੱਤੇ ਦਿਹਾਤੀ ਸਵੱਛ ਸੂਚਕ ਅੰਕ ਅਧੀਨ ਆਪਣੀ ਰੈਂਕਿੰਗ ਕਰ ਰਹੇ ਹਨ ਅਤੇ ਲਗਭਗ 1.5 ਲੱਖ ਪਿੰਡਾਂ ਨੇ ਇਹ ਕੰਮ ਮੁਕੰਮਲ ਕਰ ਲਿਆ ਹੈ। ਇਸ ਨਾਲ ਉਨ੍ਹਾਂ ਦੇ ਮੌਜੂਦਾ ਸਵੱਛਤਾ ਪੱਧਰ ਨੂੰ ਬੈਂਚ ਮਾਰਕ ਕਰਨ ਦਾ ਕੰਮ ਪੂਰਾ ਹੋਵੇਗਾ। ਓ ਡੀ ਐੱਫ ਵਾਲੇ ਪਿੰਡਾਂ, ਜਿਨ੍ਹਾਂ ਵਿੱਚ ਐੱਸ ਐੱਲ ਆਰ ਐੱਮ ਦੇ ਵੀ ਕਾਫੀ ਪ੍ਰਬੰਧ ਹਨ, ਨੂੰ ਓ ਡੀ ਐੱਫ + ਕਿਹਾ ਜਾਂਦਾ ਹੈ।

## ਐੱਸ ਬੀ ਐੱਮ ਹਰ ਇਕ ਦਾ ਫਰਜ਼

ਪ੍ਰਧਾਨ ਮੰਤਰੀ ਨੇ ਜਿਵੇਂ ਕਿ ਘੜੀ ਮੁੜੀ ਦੁਹਰਾਇਆ ਹੈ, ਸਫਾਈ ਹਰ ਕਿਸੇ ਦਾ ਫਰਜ਼ ਹੋਣਾ ਚਾਹੀਦਾ ਹੈ, ਇਹ ਕਿਸੇ ਇਕ ਮੰਤਰਾਲੇ ਦੀ ਜ਼ਿੰਮੇਵਾਰੀ ਨਹੀਂ ਹੋਣੀ ਚਾਹੀਦੀ। ਇਸ ਦਿਸ਼ਾ ਵਿੱਚ ਇਕ ਪ੍ਰਮੁੱਖ ਕਦਮ ਉਸ ਵੇਲੇ ਚੁੱਕਿਆ ਗਿਆ ਜਦੋਂ ਸਵੱਛ ਆਈਕੋਨਿਕ ਪਲੇਸਿਜ਼ (ਐੱਸ ਆਈ ਪੀ) ਅਤੇ ਸਵੱਛ ਐਕਸ਼ਨ ਪਲੈਨ ਯੋਜਨਾ (ਐੱਸ ਏ ਪੀ) ਲਾਗੂ ਕੀਤੀਆਂ ਗਈਆਂ। ਸਿੱਪ ਵਿੱਚ ਇਤਿਹਾਸਕ ਅਤੇ ਸਭਿਆਚਾਰਕ ਅਹਿਮੀਅਤ ਵਾਲੀਆਂ 20 ਪ੍ਰਮੁੱਖ ਥਾਵਾਂ ਦੀ ਚੋਣ ਕੀਤੀ ਗਈ ਅਤੇ ਉਨ੍ਹਾਂ ਥਾਵਾਂ ਨੂੰ ਸਵੱਛਤਾ ਦੇ ਮਾਮਲੇ ਵਿੱਚ ਸ਼ਾਨਦਾਰ ਬਣਾਉਣ ਦਾ ਕੰਮ ਪੂਰਾ ਤੇਜ਼ੀ ਨਾਲ ਜਾਰੀ ਹੈ। ਇਸ ਨਾਲ ਦੂਜੀਆਂ ਅਜਿਹੀਆਂ ਥਾਵਾਂ ਲਈ ਵੀ ਇਕ ਮਿਆਰ ਸਥਾਪਿਤ ਹੋ ਜਾਵੇਗਾ

ਜਿਸ ਨੂੰ ਉਹ ਹਾਸਿਲ ਕਰਨਾ ਚਾਹੁੰਣਗੀਆਂ। ਅਗਲੇ ਪੜਾਵਾਂ ਵਿੱਚ 80 ਹੋਰ ਥਾਵਾਂ ਦੀ ਵੀ ਚੋਣ ਕੀਤੀ ਜਾਵੇਗੀ। ਸੈਪ ਨਾਂ ਦਾ ਪ੍ਰੋਗਰਾਮ ਕੇਂਦਰ ਸਰਕਾਰ ਦੇ ਸਾਰੇ ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ ਜਿਸ ਵਿੱਚ ਕਿ ਉਨ੍ਹਾਂ ਵਿਭਾਗਾਂ ਵਿੱਚ ਸਫਾਈ ਰੱਖਣ ਅਤੇ ਹੋਰ ਸੰਬੰਧਿਤ ਸਰਗਰਮੀਆਂ ਦੀ ਸਹੁੰ ਚੁਕਾਈ ਜਾ ਰਹੀ ਹੈ। ਇਸ ਅਧੀਨ 2017-18 ਵਿੱਚ ਉਨ੍ਹਾਂ ਵਿਭਾਗਾਂ ਦੇ ਬਜਟ ਵਿੱਚੋਂ ਕੁੱਲ 12,000 ਕਰੋੜ ਰੁਪਏ ਖਰਚਣ ਦਾ ਟੀਚਾ ਰੱਖਿਆ ਗਿਆ ਹੈ। ਐੱਸ ਬੀ ਐੱਮ ਸ਼ਾਇਦ ਇਕੋ ਇਕ ਅਜਿਹਾ ਸਰਕਾਰੀ ਪ੍ਰੋਗਰਾਮ ਹੈ ਜਿਸ ਨੂੰ ਕਿ ਪੂਰੀ ਸਰਕਾਰੀ ਮਸ਼ੀਨਰੀ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ।

ਇਥੋਂ ਤੱਕ ਕਿ ਨਿੱਜੀ ਖੇਤਰ ਨੂੰ ਵੀ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਉਹ ਐੱਸ ਬੀ ਐੱਮ ਵਿੱਚ ਸਹਿਯੋਗ ਕਰਨ। ਉਹ ਇਸ ਲਈ ਸੀ ਐੱਸ ਆਰ ਅਧੀਨ ਸਿਰਫ ਪੈਸਾ ਹੀ ਨਾ ਦੇਣ ਸਗੋਂ ਆਪਣੇ ਮਨੁੱਖੀ ਅਤੇ ਪ੍ਰਬੰਧਕੀ ਸੋਮੇ ਵੀ ਮੁਹੱਈਆ ਕਰਵਾਉਣ। ਇਸ ਵਿੱਚ ਸਭ ਤੋਂ ਵੱਡਾ ਸਹਿਯੋਗ ਟਾਟਾ ਟਰੱਸਟ ਵਲੋਂ ਕੀਤਾ ਜਾ ਰਿਹਾ ਹੈ ਜਿਸ ਨੇ ਕਿ 600 ਨੌਜਵਾਨ ਪੇਸ਼ੇਵਰਾਂ ਨੂੰ ਭਾਰਤ ਦੇ ਹਰ ਜ਼ਿਲ੍ਹੇ ਵਿੱਚ ਕੰਮ ਕਰਨ ਲਈ ਰੱਖਿਆ ਹੈ। ਇਹ ਨੌਜਵਾਨ ਇਨ੍ਹਾਂ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕਰ ਰਹੇ ਹਨ। ਇਹ ਪੇਸ਼ੇਵਰ ਜਿਨ੍ਹਾਂ ਨੂੰ ਜ਼ਿਲ੍ਹਾ ਸਵੱਛ ਵਰਕਰ ਕਿਹਾ ਜਾਂਦਾ ਹੈ, ਨੇ ਨੌਜਵਾਨਾਂ ਵਿੱਚ ਐੱਸ ਬੀ ਐੱਮ ਜੀ ਨੂੰ ਲਾਗੂ ਕਰਨ ਦੀ ਇਕ ਭਾਵਨਾ ਭਰ ਦਿੱਤੀ ਹੈ ਅਤੇ ਸੂਬਾ ਸਰਕਾਰਾਂ ਵਲੋਂ ਇਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

## ਐੱਸ ਬੀ ਐੱਮ ਬਣ ਰਿਹਾ ਹੈ ਇਕ ਜਨ ਅੰਦੋਲਨ

ਐੱਸ ਬੀ ਐੱਮ ਆਪਣੀ ਸਥਾਪਨਾ ਦੇ ਤਿੰਨ ਸਾਲ ਪੂਰੇ ਹੋਣ ਨੇੜੇ ਪਹੁੰਚ ਰਿਹਾ ਹੈ, ਅਸੀਂ ਇਕ ਅਜਿਹੇ ਟਿਕਾਣੇ ਉਤੇ ਪੁੱਜ ਗਏ ਹਾਂ ਜਿਥੋਂ ਕਿ ਇਹ ਮਿਸ਼ਨ ਇਕ ਵੱਡਾ ਜਨ ਅੰਦੋਲਨ ਬਣ ਸਕਦਾ ਹੈ। ਮਾਨਯੋਗ ਪ੍ਰਧਾਨ ਮੰਤਰੀ ਦੇ ਨਵੇਂ ਭਾਰਤ ਦੀ ਕਾਇਮੀ ਦੇ ਸੱਦੇ ਤੋਂ ਪ੍ਰੇਰਿਤ ਹੋ ਕੇ ਐੱਸ ਬੀ ਐੱਮ ਜੀ ਨੇ ਕੁਝ ਨਵੀਆਂ ਪਹਿਲਕਦਮੀਆਂ ਹੱਥ ਵਿੱਚ ਲਈਆਂ ਹਨ ਤਾਂ ਕਿ ਆਮ ਜਨਤਾ ਨੂੰ ਭਾਰਤ ਦੀ ਸਵੱਛਤਾ ਕ੍ਰਾਂਤੀ ਨਾਲ ਜੋੜਿਆ ਜਾ ਸਕੇ। ਇਨ੍ਹਾਂ ਵਿੱਚੋਂ ਪਹਿਲੀ ਪਹਿਲਕਦਮੀ ਹੈ 'ਸਵੱਛਥਾਓ-ਸਵੱਛ ਭਾਰਤ ਹਾਕਾਥਾਓ' ਜਿਸ ਵਿੱਚ ਕੁਝ ਬਹੁਤ ਹੀ ਚੁਨੌਤੀਪੂਰਨ ਸਵਾਲ, ਜੋ ਕਿ ਐਸ ਬੀ ਐੱਮ – ਜੀ ਸਾਹਮਣੇ ਆ ਰਹੇ ਹਨ, ਦਾ ਹੱਲ ਖੋਜਪੂਰਨ ਦਖ਼ਲ ਦਿੱਤੇ ਬਿਨਾਂ ਪਖਾਨਿਆਂ ਦੀ ਵਰਤੋਂ ਨੂੰ ਸੰਭਵ ਬਣਾਇਆ ਜਾਣਾ, ਖ਼ਤਰਨਾਕ ਇਲਾਕਿਆਂ ਵਿੱਚ ਵੱਖ-ਵੱਖ ਤਰ੍ਹਾਂ ਦੇ ਪਖਾਨਿਆਂ ਦੇ ਤਕਨਾਲੋਜੀ ਵਾਲੇ ਡਿਜ਼ਾਈਨ ਵਿਕਸਤ ਕੀਤੇ ਜਾਣਾ, ਸਕੂਲਾਂ ਦੇ ਪਖਾਨਿਆਂ ਦੀ ਸੰਭਾਲ ਕਿਵੇਂ ਕਰਨਾ ਆਦਿ ਸ਼ਾਮਿਲ ਹਨ। ਦੇਸ਼ ਭਰ ਵਿੱਚੋਂ ਸਵੱਛਥਾਓ ਨੂੰ 3000 ਤੋਂ ਵੱਧ ਐਂਟਰੀਆਂ ਮਿਲ ਚੁੱਕੀਆਂ ਹਨ ਅਤੇ ਇਸ ਨਾਲ ਕਈ ਨਵੇਂ ਖੋਜ ਭਰੇ ਵਿਚਾਰ ਸਾਹਮਣੇ ਆਏ ਹਨ ਜਿਸ ਨਾਲ ਐੱਸ ਬੀ ਐੱਮ – ਜੀ ਦੇ ਟੀਚੇ ਆਸਾਨੀ ਨਾਲ ਹਾਸਿਲ ਕਰਨ ਵਿੱਚ ਮਦਦ ਮਿਲ ਸਕੇ।

ਮਾਨਯੋਗ ਪ੍ਰਧਾਨ ਮੰਤਰੀ ਦੀ 'ਸੰਕਲਪ ਸੇ ਸਿੱਧੀ' ਪਹਿਲਕਦਮੀ ਤੋਂ ਪ੍ਰੇਰਿਤ ਹੋ ਕੇ ਐੱਸ ਬੀ ਐੱਮ – ਜੀ ਨੇ 'ਸਵੱਛ ਸੰਕਲਪ ਸੇ ਸਵੱਛ ਸਿੱਧੀ' ਫ਼ਿਲਮ, ਲੇਖ ਅਤੇ ਪੇਂਟਿੰਗ ਮੁਕਾਬਲੇ ਦੇਸ਼ ਭਰ ਵਿੱਚ ਸ਼ੁਰੂ ਕਰਵਾਏ ਹਨ ਜੋ ਕਿ ਸਵੱਛਤਾ ਨੂੰ ਜਨ ਅੰਦੋਲਨ ਬਣਾਉਣ ਵਿੱਚ ਇਕ ਮੁੱਖ ਕਦਮ ਹਨ। ਵੱਖ-ਵੱਖ ਗਰੁੱਪਾਂ, ਜਿਵੇਂ ਕਿ ਸਕੂਲੀ ਬੱਚੇ, ਹਥਿਆਰਬੰਦ ਫੌਜਾਂ, ਨੌਜਵਾਨ ਸੰਗਠਨਾਂ ਅਤੇ ਜਨਤਾ ਨੂੰ ਇਸ ਕੰਮ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਸਵੱਛਤਾ ਬਾਰੇ ਆਪਣੇ ਵਿਚਾਰ ਲੇਖ ਦੇ ਰੂਪ ਵਿੱਚ ਜਾਂ ਵੀਡੀਓ ਰਿਕਾਰਡਿੰਗ ਦੇ ਰੂਪ ਵਿੱਚ ਸਾਹਮਣੇ ਰੱਖ ਸਕਣ। ਆਸ ਹੈ ਕਿ ਲਗਭਗ 1 ਕਰੋੜ ਲੇਖ ਅਤੇ 50,000 ਫ਼ਿਲਮਾਂ ਇਸ ਵਿਸ਼ੇ ਉੱਤੇ ਸਾਹਮਣੇ ਆਉਣਗੀਆਂ ਜਿਸ ਨਾਲ ਕਿ ਲੱਖਾਂ ਕਰੋੜਾਂ ਸ਼ਹਿਰੀਆਂ ਦੇ ਦਿਮਾਗ ਵਿੱਚ ਸਵੱਛਤਾ ਪ੍ਰਤੀ ਜਾਗਰੂਕਤਾ ਭਰੀ ਜਾ ਸਕੇਗੀ। ਲੱਖਾਂ ਹੋਰ ਲੋਕਾਂ ਦੇ ਮਨਾਂ ਵਿੱਚ ਸਵੱਛ ਭਾਰਤ ਮਿਸ਼ਨ ਬਾਰੇ ਉਤਸ਼ਾਹ ਪੈਦਾ ਹੋ ਸਕੇਗਾ।

ਸ਼ਾਇਦ ਇਨ੍ਹਾਂ ਸਭ ਤੋਂ ਖਾਹਿਸ਼ੀ ਪਹਿਲ-ਕਦਮੀਆਂ ਵਿੱਚੋਂ ਪ੍ਰਧਾਨ ਮੰਤਰੀ ਵਲੋਂ 27 ਅਗਸਤ ਨੂੰ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਕਹੀਆਂ ਗਈਆਂ ਗੱਲਾਂ ਹਨ, ਜਿਥੇ ਕਿ ਉਨ੍ਹਾਂ ਨੇ ਦੇਸ਼ ਨੂੰ ਅਪੀਲ ਕੀਤੀ ਸੀ ਕਿ ਉਹ 15 ਸਤੰਬਰ ਤੋਂ 2 ਅਕਤੂਬਰ 2017 ਤੱਕ ਇਕ ਸਮਾਂਬੱਧ ਪ੍ਰੋਗਰਾਮ ਅਧੀਨ ਇਸ ਵਿੱਚ ਸ਼ਾਮਲ ਹੋਣ, ਰਾਸ਼ਟਰਵਿਆਪੀ ਮੁਹਿੰਮ ਇਸ ਲਈ ਚਲਾਉਣ, ਜਨਤਕ ਸਥਾਨਾਂ ਦੀ ਸਫਾਈ ਕਰਨ ਅਤੇ ਸ਼੍ਰਮ ਦਾਨ ਰਾਹੀਂ ਐੱਸ ਬੀ ਐੱਮ ਪ੍ਰਤੀ ਜਾਗਰੂਕਤਾ ਪੈਦਾ ਕਰਨਾ। ਉਨ੍ਹਾਂ ਨੇ ਇਸ ਪਹਿਲਕਦਮੀ ਨੂੰ 'ਸਵੱਛਤਾ ਹੀ ਸੇਵਾ' ਦਾ ਨਾਂ ਦਿੱਤਾ। ਮੰਤਰਾਲਾ ਇਸ ਪ੍ਰੋਗਰਾਮ ਵਿੱਚ ਸਰਕਾਰੀ ਅਧਿਕਾਰੀਆਂ, ਪੀ ਆਰ ਆਈ ਨੁਮਾਇੰਦਿਆਂ, ਭਾਈਚਾਰਕ ਸੰਗਠਨਾਂ, ਨੌਜਵਾਨਾਂ ਦੇ ਗਰੁੱਪਾਂ, ਹਥਿਆਰਬੰਦ ਸੇਵਾਵਾਂ, ਕਾਰਪੋਰੇਟਾਂ ਅਤੇ ਸ਼ਹਿਰੀਆਂ ਨੂੰ ਸ਼ਾਮਲ ਕਰਨ ਲਈ ਯਤਨਸ਼ੀਲ ਹੈ। ਭਾਰਤ ਦੇ ਮਾਨਯੋਗ ਰਾਸ਼ਟਰਪਤੀ 15 ਸਤੰਬਰ ਨੂੰ ਉੱਤਰ ਪ੍ਰਦੇਸ਼ ਵਿੱਚ ਇਸ ਪੰਦਰਵਾੜੇ ਦੀ ਸ਼ੁਰੂਆਤ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਵਲੋਂ ਸਵੱਛ ਭਾਰਤ ਰਾਸ਼ਟਰੀ ਪੁਰਸਕਾਰ ਅਤੇ ਸਵੱਛ ਸੰਕਲਪ ਸੇ ਸਵੱਛ ਸਿੱਧੀ ਪੁਰਸਕਾਰ 2 ਅਕਤੂਬਰ, 2017 ਨੂੰ ਦੇ ਕੇ ਇਸ ਪੰਦਰਵਾੜੇ ਦੀ ਸਮਾਪਤੀ ਕੀਤੀ ਜਾਵੇਗੀ।

ਇਨ੍ਹਾਂ ਸਾਰੀਆਂ ਪਹਿਲਕਦਮੀਆਂ ਦੇ ਤੇਜ਼ੀ ਫੜਨ ਨਾਲ ਐੱਸ ਬੀ ਐੱਮ ਹੋਰ ਮਜ਼ਬੂਤ ਤਾਕਤ ਵਜੋਂ ਉੱਭਰਿਆ ਹੈ ਅਤੇ ਇਸ ਵਲੋਂ ਲੋਕਾਂ ਨੂੰ ਪ੍ਰੇਰਨਾ ਦਿੱਤੀ ਜਾ ਰਹੀ ਹੈ ਕਿ ਉਹ ਇਸ ਤਬਾਦਲਾ ਯਾਤਰਾ ਵਿੱਚ ਆਪਣਾ ਹਿੱਸਾ ਪਾਉਣ। ਇਸ ਨੇ ਦੇਸ਼ ਵਾਸੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਅਤੇ ਸਾਰਿਆਂ ਵਲੋਂ ਇਸ ਨੂੰ ਅਪਣਾਇਆ ਜਾ ਰਿਹਾ ਹੈ। ਆਜ਼ਾਦੀ ਤੋਂ 70 ਸਾਲ ਬਾਅਦ ਤੱਕ ਇੰਝ ਹੀ ਰਹਿਣ ਤੋਂ ਬਾਅਦ ਗਾਂਧੀ ਜੀ ਦਾ ਭਾਰਤ ਨੂੰ ਸਵੱਛ ਕਰਨ ਦਾ ਸੁਪਨਾ ਅਮਲੀ ਰੂਪ ਲੈ ਰਿਹਾ ਹੈ। ਪ੍ਰਧਾਨ ਮੰਤਰੀ ਲਈ ਇਹ ਬੜੀ ਦਲੇਰੀ ਭਰੀ ਗੱਲ ਸੀ ਕਿ ਉਨ੍ਹਾਂ ਨੇ ਜਨਤਕ ਤੌਰ ਤੇ ਭਾਰਤ ਨੂੰ ਖੁੱਲ੍ਹੇ ਪਖਾਨੇ ਤੋਂ ਮੁਕਤ ਕਰਨ ਦਾ ਵਾਅਦਾ ਕੀਤਾ ਹੈ ਜੋ ਕਿ 5 ਸਾਲ ਵਿੱਚ ਪੂਰਾ ਕੀਤਾ ਜਾਣਾ ਹੈ। ਇਹ ਇਕ ਅਜਿਹਾ ਟੀਚਾ ਸੀ ਜਿਸ ਨੂੰ ਕਿ ਪੂਰਾ ਕਰਨਾ ਅਸੰਭਵ ਨਜ਼ਰ ਆ ਰਿਹਾ ਸੀ। ਅਜੇ ਵੀ ਕਾਫੀ ਕੁਝ ਕੀਤਾ ਜਾਣਾ ਬਾਕੀ ਹੈ ਅਤੇ ਅਗਲੇ 12-15 ਮਹੀਨਿਆਂ ਵਿੱਚ ਇਸ ਕੰਮ ਵਿੱਚ ਹੋਰ ਤੇਜ਼ੀ ਆਉਣ ਦੀ ਆਸ ਹੈ। ਇਸ ਵਿੱਚ ਲੱਖਾਂ ਲੋਕਾਂ ਨੂੰ ਸਰਗਰਮ ਕੀਤਾ ਜਾਣਾ ਹੈ ਤਾਂ ਹੀ ਇਹ ਟੀਚਾ ਹਰ ਹਾਲਤ ਵਿੱਚ ਪੂਰਾ ਹੋ ਸਕੇਗਾ।

*(ਲੇਖਕ ਪੀਣ ਵਾਲੇ ਪਾਣੀ ਅਤੇ ਸਫਾਈ ਮੰਤਰਾਲਾ ਦਾ ਸਕੱਤਰ ਹੈ)*

*e-mail :param.iyer@gov.in*

# ਪੇਂਡੂ ਭਾਰਤ ਲਈ ਯੋਗ ਮੌਕੇ

ਅਮਰਜੀਤ ਸਿਨਹਾ

ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਨੇ ਭਾਰਤ ਛੱਡੋ ਅੰਦੋਲਨ 1942 ਦੀ 75ਵੀਂ ਵਰ੍ਹੇਗੰਢ ਦੇ ਮੌਕੇ ਉੱਤੇ ਗਰੀਬੀ ਭਾਰਤ ਛੱਡੋ ਦਾ ਨਾਅਰਾ ਦਿੱਤਾ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਇਹ ਮਿਸ਼ਨ 2022 ਤੱਕ ਪੂਰਾ ਹੋਣਾ ਚਾਹੀਦਾ ਹੈ। ਇਸ ਤੱਥ ਨੂੰ ਸਾਹਮਣੇ ਰੱਖਦੇ ਹੋਏ ਕਿ ਭਾਰਤ ਦੇ ਦਿਹਾਤੀ ਖੇਤਰਾਂ ਦੇ 8.85 ਕਰੋੜ ਪਰਿਵਾਰ ਜਾਂ ਤਾਂ ਵਾਂਝੇਪਨ ਦੇ ਸ਼ਿਕਾਰ ਹਨ ਜਾਂ ਫੇਰ ਗਰੀਬਾਂ ਵਿੱਚੋਂ ਗਰੀਬ ਹਨ, ਉਹ ਆਪਣੇ ਆਪ ਇਸ ਚੁਨੌਤੀ ਦੇ ਦਾਇਰੇ ਵਿੱਚ ਸ਼ਾਮਿਲ ਹੋ ਗਏ ਹਨ ਅਤੇ ਇਹ ਚੁਨੌਤੀ ਗੰਭੀਰ ਹੋ ਗਈ ਹੈ। ਪਰ ਪਿਛਲੇ ਢਾਈ ਸਾਲ ਵਿੱਚ ਜੋ ਕੋਸ਼ਿਸ਼ਾਂ ਹੋਈਆਂ ਹਨ ਉਨ੍ਹਾਂ ਨਾਲ ਸਾਨੂੰ ਇਹ ਭਰੋਸਾ ਹੋ ਗਿਆ ਹੈ ਕਿ ਸ਼ਾਇਦ ਅਸੀਂ ਦਿਹਾਤੀ ਪ੍ਰੋਗਰਾਮ ਅਤੇ ਦਿਹਾਤੀ ਗਰੀਬੀ ਨਾਲ ਨਜਿੱਠਣ ਦੇ ਮਾਮਲੇ ਵਿੱਚ ਸਹੀ ਰਾਹ ਉੱਤੇ ਹੀ ਵਧ ਰਹੇ ਹਾਂ।

ਬੀਤੇ ਦਿਨੀਂ ਐੱਚ ਐੱਸ ਬੀ ਸੀ ਵਲੋਂ ਜੋ ਅਧਿਐਨ ਕੀਤਾ ਗਿਆ ਉਸ ਵਿੱਚੋਂ ਪਤਾ ਲਗਦਾ ਹੈ ਕਿ 69 ਪ੍ਰਤਿਸ਼ਤ ਪੇਂਡੂ ਪਰਿਵਾਰ, ਜਿਨ੍ਹਾਂ ਕੋਲ ਇਕ ਹੈਕਟੇਅਰ ਤੱਕ ਜ਼ਮੀਨ ਹੈ ਜਾਂ ਫਿਰ ਜੋ ਬੇਜ਼ਮੀਨੇ ਹਨ, ਉਨ੍ਹਾਂ ਨੇ ਬਾਕੀ ਬਚੇ 31 ਪ੍ਰਤਿਸ਼ਤ ਪਰਿਵਾਰਾਂ ਵਾਂਗ ਪੇਂਡੂ ਤਬਾਹੀ ਦਾ ਸਾਹਮਣਾ ਕੀਤਾ ਨਹੀਂ ਲੱਗਦਾ। ਇਨ੍ਹਾਂ ਲੋਕਾਂ ਨੂੰ ਤਨਖ਼ਾਹਾਂ ਵਿੱਚ ਵਾਧਾ ਕਰਨ ਅਤੇ ਪੇਂਡੂ ਅਸਿੱਖਿਅਤ ਬੇਰੋਜ਼ਗਾਰੀ ਘਟਾਉਣ ਵਿੱਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਸ ਗੱਲ ਦੀ ਤਸਦੀਕ ਹੁੰਦੀ ਹੈ ਕਿ ਗਰੀਬ ਪੇਂਡੂਆਂ ਲਈ ਜੋ ਪਹਿਲਕਦਮੀਆਂ ਹੋਈਆਂ ਹਨ, ਭਾਵੇਂ ਉਹ ਸੋਕੇ ਦੇ ਸਮੇਂ ਵਿੱਚ ਜਾਂ ਖੇਤੀ ਵਸਤਾਂ ਦੀਆਂ ਕੀਮਤਾਂ ਵਿੱਚ ਕਮੀ ਦੇ ਦੌਰ ਵਿੱਚ ਹੋਈਆਂ ਹੋਣ, ਠੀਕ ਕੰਮ ਕਰ ਗਈਆਂ। ਦੀਨ ਦਿਆਲ ਉਪਾਧਿਆਏ ਨੈਸ਼ਨਲ ਰੂਰਲ ਲਾਈਵਲੀਹੁੱਡ ਮਿਸ਼ਨ (ਡੀ ਏ ਵਾਈ ਐੱਨ ਆਰ ਐੱਲ ਐੱਮ) ਦਾ ਇਰਮਾ ਵਲੋਂ ਜੋ 2017 ਵਿੱਚ ਰਾਸ਼ਟਰੀ ਪੱਧਰ ਉੱਤੇ ਜਾਇਜ਼ਾ ਲਿਆ ਗਿਆ, ਉਸ ਵਿੱਚ ਇਹ ਤੱਥ ਸਾਹਮਣੇ ਆਇਆ ਹੈ ਕਿ ਉਪਚਾਰ ਕੀਤੇ ਖੇਤਰ ਵਿੱਚ ਆਮਦਨ ਨਿਯੰਤ੍ਰਿਤ ਇਲਾਕੇ ਨਾਲੋਂ 22 ਪ੍ਰਤਿਸ਼ਤ ਵੱਧ ਰਹੀ ਅਤੇ ਉਪਜਾਊ ਅਸਾਸਿਆਂ ਅਤੇ ਵਿੱਦਿਆ, ਸਿਹਤ ਅਤੇ ਪੌਸ਼ਟਿਕਤਾ ਵਿੱਚ ਵੱਡਾ ਪੂੰਜੀ ਨਿਵੇਸ਼ ਵੇਖਿਆ ਗਿਆ। ਇਹ ਨਿਵੇਸ਼ ਉਸ ਥਾਂ ਉੱਤੇ ਨਜ਼ਰ ਆਇਆ ਜਿਥੇ ਕਿ ਡੀ ਏ ਵਾਈ – ਐੱਨ ਆਰ ਐੱਲ ਐੱਮ ਅਧੀਨ ਮਹਿਲਾਵਾਂ ਦੇ ਸਵੈ-ਸਹਾਇਤਾ ਗਰੁੱਪ ਸਰਗਰਮ ਸਨ। ਰਿਪੋਰਟ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਸਮਾਜਿਕ ਪੂੰਜੀ ਦੇ ਮਾਮਲੇ ਅਤੇ ਰੋਜ਼ੀਰੋਟੀ ਦਾ ਵਿਭਿੰਨੀਕਰਨ ਅਤੇ ਵਿਕਾਸ ਹੀ ਅੱਗੇ ਵਧਣ ਦਾ ਰਸਤਾ ਹੈ।

ਦਿਹਾਤੀ ਵਿਕਾਸ ਵਿਭਾਗ ਜਨਤਕ ਪ੍ਰੋਗਰਾਮਾਂ ਦਾ ਇਕ ਪ੍ਰਮੁੱਖ ਸੋਮਾ ਹੈ (ਰੋਜ਼ਗਾਰ, ਮੁਹਾਰਤ, ਸਮਾਜਿਕ ਸੁਰੱਖਿਆ, ਰੋਜ਼ੀ-ਰੋਟੀ ਦਾ ਵਿਭਿੰਨੀਕਰਨ, ਸੜਕ ਉਸਾਰੀ, ਮਕਾਨ ਉਸਾਰੀ, ਪਾਣੀ ਸੰਭਾਲ ਅਤੇ ਮੱਲ ਮੂਤਰ ਸੋਮਾ ਪ੍ਰਬੰਧਨ ਆਦਿ)। ਜੇ ਸਿਹਤ, ਵਿੱਦਿਆ, ਪੌਸ਼ਟਿਕਤਾ, ਮੁਹਾਰਤ ਆਦਿ ਖੇਤਰਾਂ ਵਿੱਚ ਨਾਲੋ-ਨਾਲ ਕਾਰਵਾਈ ਹੋ ਸਕੇ ਤਾਂ ਇਹ ਸੰਭਵ ਹੈ ਕਿ ਥੋੜ੍ਹੇ ਸਮੇਂ ਵਿੱਚ ਹੀ ਗਰੀਬਾਂ ਦੀ ਭਲਾਈ ਦੇ ਪ੍ਰਬੰਧ ਹੋ ਸਕਣ। ਗਰੀਬੀ ਮੁਕਤ ਹੋਣ ਨੂੰ ਵਾਂਝੇ ਪਰਿਵਾਰਾਂ ਲਈ ਸਮਾਜਿਕ ਮੌਕੇ ਪ੍ਰਦਾਨ ਕਰਨਾ ਮੰਨਿਆ ਜਾਂਦਾ ਹੈ। ਇਸ ਲਈ ਗਰੀਬੀ ਤੋਂ ਮੁਕਤ ਹੋਣਾ ਕਿਸੇ ਵਿਅਕਤੀ ਦੀ ਪੂਰੀ ਮਨੁੱਖੀ ਸਮਰੱਥਾ ਦਾ ਵਿੱਦਿਆ, ਸਿਹਤ, ਮੁਹਾਰਤ, ਸਫਾਈ, ਪੀਣ ਵਾਲੇ ਸਾਫ ਪਾਣੀ, ਪੌਸ਼ਟਿਕਤਾ, ਖੁਰਾਕ ਸੁਰੱਖਿਆ, ਰੋਜ਼ੀ-ਰੋਟੀ, ਮਕਾਨ ਉਸਾਰੀ, ਲਿੰਗਕ ਅਤੇ ਸਮਾਜਿਕ ਬਰਾਬਰੀ ਅਤੇ ਸਸ਼ਕਤੀਕਰਨ, ਕੁਨੈਕਟਿਵਿਟੀ, ਬਿਜਲੀ, ਸੋਮਿਆਂ ਦੀ ਸਹੀ ਵਰਤੋਂ ਦੇ ਢੰਗ ਅਤੇ ਸਭ ਤੋਂ ਵੱਧ ਵਿਭਿੰਨੀਕਰਨ ਆਰਥਿਕ ਸਰਗਰਮੀਆਂ ਵਿੱਚ ਵਰਤੋਂ ਕਰਨਾ ਕਿਹਾ ਜਾਂਦਾ ਹੈ। ਗਰੀਬੀ ਮੁਕਤ ਗ੍ਰਾਮ ਪੰਚਾਇਤਾਂ ਦੀ ਚੁਨੌਤੀ ਦਾ ਮਤਲਬ ਗਰੀਬੀ ਦੇ ਬਹੁ-ਪੱਖੀ ਸਰੂਪ ਨੂੰ ਦਖ਼ਲ ਦੇ ਕੇ ਮਿਟਾਉਣ ਲਈ ਯਤਨ ਕਰਨਾ ਹੈ। ਇਸ ਲਈ ਇਹ ਇਕ ਅਜਿਹੀ ਪਹੁੰਚ ਹੈ ਜੋ ਕਿ ਸਰਕਾਰ ਅਧੀਨ ਚੱਲਣ ਵਾਲੇ ਮਿਸ਼ਨ ਅੰਨਤੋਦਿਯਾ ਲਈ ਜ਼ਰੂਰੀ ਹੈ। ਅੰਨਤੋਦਿਯਾ ਮਿਸ਼ਨ ਗਰੀਬੀ ਨਾਲ ਨਜਿੱਠਣ ਦਾ ਇਕ ਬਹੁ-ਪੱਖੀ ਮਿਸ਼ਨ ਹੈ।

ਦਿਹਾਤੀ ਵਿਕਾਸ ਵਿਭਾਗ ਨੇ ਸੂਬਿਆਂ ਅਤੇ ਸਥਾਨਕ ਸਰਕਾਰਾਂ ਦੀ ਭਾਈਵਾਲੀ ਨਾਲ ਪ੍ਰੋਗਰਾਮ ਲਾਗੂ ਕਰਨ ਅਤੇ ਉਨ੍ਹਾਂ ਦੇ ਨਤੀਜਿਆਂ ਵਿੱਚ ਸੁਧਾਰ ਲਈ ਜ਼ੋਰਦਾਰ ਕਦਮ ਚੁੱਕੇ ਹਨ। ਉਥੇ ਨਾਲ ਹੀ ਇਸ ਨੇ ਪਿਛਲੇ ਢਾਈ ਸਾਲ ਵਿੱਚ ਕਈ ਤਬਦੀਲੀ ਸੰਬੰਧੀ ਦਖ਼ਲ ਵੀ ਦਿੱਤੇ ਹਨ ਜਿਸ ਨਾਲ ਅਸੀਂ ਮਿਸ਼ਨ ਅੰਨਤੋਦਿਯਾ ਦੀ ਪਹੁੰਚ ਦੇ ਹੋਰ ਨੇੜੇ ਆ ਗਏ ਹਾਂ।

## ਵੱਡੇ ਪੱਧਰ ਉੱਤੇ ਦਖ਼ਲਅੰਦਾਜ਼ੀ

ਦਿਹਾਤੀ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਦਿਹਾਤੀ ਪਰਿਵਾਰ ਹਨ ਜੋ ਕਿ ਲੱਖਾਂ ਬਸਤੀਆਂ ਅਤੇ ਪਿੰਡਾਂ ਵਿੱਚ ਫੈਲੇ ਹੋਏ ਹਨ। ਇਸ ਲਈ ਇਨ੍ਹਾਂ ਵਿੱਚ ਵੱਡੇ ਪੱਧਰ ਉਤੇ ਹੀ ਦਖ਼ਲ ਦਿੱਤਾ ਜਾ ਸਕਦਾ ਹੈ। ਕੇਂਦਰ ਸਰਕਾਰ ਵਲੋਂ ਅਲਾਟ ਕੀਤੇ ਫ਼ੰਡਾਂ ਅਤੇ ਦਿਹਾਤੀ ਵਿਕਾਸ ਵਿਭਾਗ ਵਲੋਂ ਅਸਲ ਖਰਚ ਕੀਤੀ ਰਕਮ ਵਿੱਚ ਭਾਰੀ ਵਾਧਾ ਹੋਇਆ ਹੈ। 2017–18 ਵਿੱਚ 1.05 ਲੱਖ ਕਰੋੜ ਰੁਪਏ ਅਲਾਟ ਕੀਤੇ ਗਏ ਹਨ ਜੋ ਕਿ 2012–13 ਦੇ ਮੁਕਾਬਲੇ ਦੁੱਗਣੇ ਹਨ। ਇਸ ਵਿੱਚ ਜੇ ਸੂਬਿਆਂ ਦਾ ਹਿੱਸਾ ਵੀ ਜੋੜ ਦਿੱਤਾ ਜਾਵੇ

(ਗੈਰ ਹਿਮਾਲਿਆ ਖੇਤਰਾਂ ਵਿੱਚ 60 ਅਨੁਪਾਤ 40 ਅਤੇ ਹਿਮਾਲੀਅਨ ਅਤੇ ਉੱਤਰ ਪੂਰਬੀ ਸੂਬਿਆਂ ਵਿੱਚ 90 ਅਨੁਪਾਤ 10) ਤਾਂ ਰਕਮ ਕਿੰਨੀ ਵੱਡੀ ਬਣ ਜਾਂਦੀ ਹੈ। 14ਵੇਂ ਵਿੱਤ ਕਮਿਸ਼ਨ ਵਲੋਂ ਗ੍ਰਾਮ ਪੰਚਾਇਤਾਂ ਨੂੰ ਜੋ ਸਾਲਾਨਾ ਰਕਮ ਤਬਦੀਲ ਕੀਤੀ ਜਾਂਦੀ ਹੈ ਉਹ 25,000 ਕਰੋੜ ਤੋਂ 30,000 ਕਰੋੜ ਰੁਪਏ ਦਰਮਿਆਨ ਹੈ। 70,000 ਕਰੋੜ ਰੁਪਏ ਤੋਂ ਵੱਧ ਦੀ ਰਕਮ 2015-17 ਵਿੱਚ ਮਹਿਲਾ ਐੱਸ ਐੱਚ ਜੀਜ਼ ਨੂੰ ਬੈਂਕ ਕਰਜ਼ਿਆਂ ਵਜੋਂ ਹਾਸਿਲ ਹੋਈ। ਇਸ ਵਿੱਚ ਵੀ ਪਿਛਲੇ ਸਾਲਾਂ ਨਾਲੋਂ ਕਈ ਗੁਣਾ ਵਾਧਾ ਹੋਇਆ। ਕੰਮ ਉਤੇ ਲਗਾਉਣ ਉੱਤੇ ਜ਼ੋਰ ਅਤੇ ਸਵੈ-ਰੋਜ਼ਗਾਰ ਮੁਹਾਰਤ ਨਾਲ ਦਿਹਾਤੀ ਖੇਤਰਾਂ ਵਿੱਚ ਆਰਥਿਕ ਸਰਗਰਮੀਆਂ ਵਿੱਚ ਭਾਰੀ ਵਾਧਾ ਵੇਖਿਆ ਗਿਆ ਹੈ। ਪਸ਼ੂ ਪਾਲਣ ਅਤੇ ਰੋਜ਼ੀ-ਰੋਟੀ ਦੇ ਵਿਭਿੰਨੀਕਰਨ ਨਾਲ ਪਰਿਵਾਰਾਂ ਦੀ ਆਮਦਨ ਵਿੱਚ ਹੋਰ ਵਾਧਾ ਵੇਖਿਆ ਗਿਆ। ਐੱਨ ਐੱਫ ਐੱਸ ਏ ਦੀ ਚਾਵਲ ਅਤੇ ਕਣਕ ਸਸਤੀਆਂ ਦਰਾਂ ਉੱਤੇ ਮੁਹੱਈਆ ਕਰਵਾਉਣ ਦੀ ਯੋਜਨਾ ਦੀ ਸਾਲਾਨਾ ਸਬਸਿਡੀ ਨਾਲ ਵੀ ਪਰਿਵਾਰਾਂ ਦੀ ਖੁਰਾਕ ਸੁਰੱਖਿਆ ਵਿੱਚ ਵਾਧਾ ਹੋਇਆ ਹੈ। ਸੋਮਿਆਂ ਦੀ ਜੋ ਸਹੀ ਢੰਗ ਨਾਲ ਵਰਤੋਂ ਕੀਤੀ ਜਾਵੇ ਅਤੇ ਉਨ੍ਹਾਂ ਵਿੱਚੋਂ ਚੋਰੀ ਘੱਟ ਹੋਵੇ ਤਾਂ ਉਸ ਨਾਲ ਦਿਹਾਤੀ ਪਰਿਵਾਰਾਂ ਦਾ ਜੀਵਨ ਹੋਰ ਸੁਧਰ ਸਕਦਾ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ – ਦਿਹਾਤੀ ਅਧੀਨ 1 ਕਰੋੜ ਸੁੰਦਰ ਮਕਾਨਾਂ ਦੇ ਨਿਰਮਾਣ ਦਾ ਸੁਪਨਾ, ਯੋਗ ਦਿਹਾਤੀ ਅਬਾਦੀ ਨੂੰ ਸਭ ਮੌਸਮ ਵਾਲੀਆਂ ਪੱਕੀਆਂ ਸੜਕਾਂ ਨਾਲ ਮਾਰਚ 2019 ਤੱਕ ਜੋੜਨ, 2018-19 ਤੱਕ ਮਹਿਲਾ ਐੱਸ ਐੱਚ ਜੀਜ਼ ਲਈ ਸਾਲਾਨਾ 60,000 ਕਰੋੜ ਰੁਪਏ (2014-15 ਦੇ ਕਰਜ਼ੇ ਨਾਲੋਂ 3 ਗੁਣਾ) ਦਾ ਪ੍ਰਬੰਧ ਕਰਨਾ ਸੰਭਵ ਹੈ ਅਤੇ ਇਸ ਨਾਲ ਹੀ ਸੁਪਨਾ ਪੂਰਾ ਹੋ ਸਕਦਾ ਹੈ।

## ਪਾਣੀ ਦੀ ਸੰਭਾਲ ਅਤੇ ਰੋਜ਼ੀ ਰੋਟੀ ਦੀ ਸੁਰੱਖਿਆ ਉਤੇ ਜ਼ੋਰ

ਇਕ ਖ਼ੁਸ਼ਹਾਲ ਪਿੰਡ ਦੀ ਪ੍ਰਮਾਣਿਕਤਾ ਇਹ ਹੁੰਦੀ ਹੈ ਕਿ ਉਥੇ ਸਾਰੇ ਪਰਿਵਾਰਾਂ ਦੀ ਭਲਾਈ ਯਕੀਨੀ ਬਣਾਉਣ ਤੋਂ ਇਲਾਵਾ ਉਥੇ ਪ੍ਰਭਾਵੀ ਪਾਣੀ ਸੰਭਾਲ ਦਾ ਵੀ ਪ੍ਰਬੰਧ ਹੁੰਦਾ ਹੈ। ਇਸੇ ਕਾਰਨ ਐੱਮ ਜੀ ਐੱਨ ਆਰ ਈ ਜੀ ਐੱਸ ਨੇ ਫੈਸਲਾ ਕੀਤਾ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਪ੍ਰੋਗਰਾਮ ਹੇਠ ਜੋ ਖਰਚਾ ਖੇਤੀ ਅਤੇ ਹੋਰ ਸੰਬੰਧਿਤ ਸਰਗਰਮੀਆਂ ਉੱਤੇ ਕਰਨਾ ਹੈ ਉਸ ਵਿੱਚੋਂ ਘੱਟੋ-ਘੱਟ 60 ਪ੍ਰਤਿਸ਼ਤ ਇਸ ਉਦੇਸ਼ ਲਈ ਹੋਵੇ। ਮਾਨਯੋਗ ਪ੍ਰਧਾਨ ਮੰਤਰੀ ਨੇ ਮਈ 2015 ਵਿੱਚ ਸੋਕਾ ਪ੍ਰਭਾਵਿਤ ਰਾਜਾਂ ਦੇ 13 ਮੁੱਖ ਮੰਤਰੀਆਂ ਨਾਲ ਮੁਲਾਕਾਤਾਂ ਕਰਕੇ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਪਾਣੀ ਸੰਭਾਲ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇ। ਇਸ ਤੋਂ ਬਾਅਦ ਇਸ ਪਾਸੇ ਸੂਬਾਈ ਪੱਧਰ ਉਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਰਾਜਸਥਾਨ ਵਿੱਚ ਮੁੱਖ ਮੰਤਰੀ ਜਲ ਸਵਾਵਲੰਬਨ ਅਭਿਆਨ, ਆਂਧਰਾ ਵਿੱਚ ਨੀਰੂ ਚੇਤੂ ਮਿਸ਼ਨ, ਤੇਲੰਗਾਨਾ ਵਿੱਚ ਮਿਸ਼ਨ ਕਾਕਾਤਿਆ, ਮਹਾਰਾਸ਼ਟਰ ਵਿੱਚ ਜਲਯੁਕਤ ਸ਼ਿਵਰ, ਝਾਰਖੰਡ ਵਿੱਚ 'ਦੋਭਾ' ਫਾਰਮ ਤਲਾਬ ਉਸਾਰੀ ਅਤੇ ਹੋਰ ਕਈ ਸੂਬਿਆਂ ਵਿੱਚ ਪਾਣੀ ਸੰਭਾਲ ਵਿਸ਼ੇਸ਼ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ ਗਈ ਹੈ। ਐੱਮ ਜੀ ਐੱਨ-ਆਰ ਈ ਜੀ ਐੱਸ ਨੇ ਪੰਜ ਸਾਲ ਵਿੱਚ ਸਭ ਤੋਂ ਵੱਧ ਤਨਖ਼ਾਹਾਂ ਇਸ ਪ੍ਰਾਜੈਕਟ ਅਧੀਨ ਦਿੱਤੀਆਂ ਹਨ। ਉਸ ਨੇ 2015-16 ਅਤੇ 2016-17 ਵਿੱਚ 235 ਕਰੋੜ ਮਨੁੱਖੀ ਦਿਨਾਂ ਦਾ ਰੋਜ਼ਗਾਰ ਪ੍ਰਤਿ ਸਾਲ ਪ੍ਰਦਾਨ ਕੀਤਾ ਹੈ ਜੋ ਕਿ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਲੈ ਕੇ ਸਭ ਤੋਂ ਵੱਧ ਹੈ। ਇਨ੍ਹਾਂ ਸਾਲਾਂ ਵਿੱਚ ਕੁਲ ਖਰਚਾ ਵੀ ਇਸ ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਲੈ ਕੇ ਸਭ ਤੋਂ ਵੱਧ ਹੈ। ਬਕਰੀਆਂ ਦੇ ਸ਼ੈੱਡਾਂ, ਪੋਲਟਰੀ ਸ਼ੈੱਡਾਂ, ਡੇਅਰੀ ਸ਼ੈੱਡਾਂ, ਆਈ ਐੱਚ ਐੱਚ ਐੱਲ ਵਿੱਚ ਨਿੱਜੀ ਲਾਭਪਾਤਰੀਆਂ ਦੀਆਂ ਭਲਾਈ ਸਕੀਮਾਂ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮਕਾਨ ਉਸਾਰੀ ਲਈ 90-95 ਦਿਨਾਂ ਦੀ ਲੇਬਰ ਮੁਹੱਈਆ ਕਰਵਾ ਕੇ 11 ਲੱਖ ਪੂਰੇ ਤਲਾਬ ਤਿਆਰ ਕਰਵਾ ਕੇ ਇਨ੍ਹਾਂ ਸਭ ਨੇ ਆਮਦਨ ਵਧਾਉਣ ਵਿੱਚ ਅਤੇ ਜ਼ਿੰਦਗੀ ਦਾ ਪੱਧਰ ਸੁਧਾਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਨਵੇਂ ਮਿਸ਼ਨ ਪਾਣੀ ਸੰਭਾਲ ਨੂੰ ਪਾਣੀ ਸੰਭਾਲ ਮੰਤਰਾਲਾ ਅਤੇ ਜ਼ਮੀਨੀ ਸੋਮਾ ਮੰਤਰਾਲੇ ਨਾਲ ਮਿਲ ਕੇ ਚਲਾਇਆ ਜਾ ਰਿਹਾ ਹੈ, ਇਸ ਵਿੱਚ 2264 ਪਾਣੀ ਦੀ ਥੁੜ ਵਾਲੇ ਬਲਾਕਾਂ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਵਿੱਚ ਤਕਨੀਕੀ ਤੌਰ ਤੇ ਮਜ਼ਬੂਤ ਅਤੇ ਵਿਗਿਆਨਕ ਤੌਰ ਤੇ ਵਧੀਆ ਪਾਣੀ ਸੰਭਾਲ ਯੋਜਨਾਵਾਂ ਉੱਤੇ ਧਿਆਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਸ ਵਿੱਚ ਮੋਹਰਲੇ ਵਰਕਰਾਂ ਅਤੇ ਇੰਜੀਨੀਅਰਾਂ ਦੀ ਸਮਰੱਥਾ ਵਿਕਸਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਨਾਲ ਲੰਬੇ ਸਮੇਂ ਤੱਕ ਮਿਆਰ ਵਿੱਚ ਸੁਧਾਰ ਆਵੇਗਾ।



## ਸ਼ਹਿਰੀਆਂ ਦੀ ਸ਼ਮੂਲੀਅਤ

ਵਿਭਾਗ ਨੇ ਜਵਾਬਦੇਹੀ ਵਧਾਉਣ ਲਈ ਸ਼ਹਿਰੀਆਂ ਦੀ ਕੇਂਦਰੀਕ੍ਰਿਤ ਪਹੁੰਚ ਉਤੇ ਧਿਆਨ ਕੇਂਦਰਿਤ ਕੀਤਾ ਹੈ। ਸਮੂਹਾਂ ਅਤੇ ਪੰਚਾਇਤੀ ਟੀਮਾਂ ਦੀ ਮਦਦ ਨਾਲ ਪੱਛੜੇ ਬਲਾਕਾਂ ਦੀ ਪਛਾਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ

ਹਨ। ਵਿਸਤ੍ਰਿਤ ਸ਼ਮੂਲੀਅਤ ਯੋਜਨਾਬੰਦੀ ਪ੍ਰੋਗਰਾਮ ਅਧੀਨ 2569 ਪੱਛੜੇ ਬਲਾਕਾਂ ਵਿੱਚ ਇਕ ਯੋਜਨਾਬੰਦੀ ਅਮਲ ਚਲਾਇਆ ਜਾ ਰਿਹਾ ਹੈ। ਇਸ ਕੰਮ ਵਿੱਚ ਐੱਸ ਈ ਸੀ ਸੀ ਡੈਪਰੀਵੇਸ਼ਨ ਡਾਟਾ ਦੀ ਮਦਦ ਲਈ ਜਾ ਰਹੀ ਹੈ ਅਤੇ ਹਰ ਵਾਂਝੇ ਘਰ ਵਿੱਚ ਜਾ ਕੇ ਉਸ ਦੀ ਭਲਾਈ ਲਈ ਯੋਜਨਾਬੰਦੀ ਕੀਤੀ ਜਾ ਰਹੀ ਹੈ। ਇਸ ਨਾਲ ਗਰੀਬ ਘਰਾਂ ਨਾਲ ਭਾਈਵਾਲੀ ਮਜ਼ਬੂਤ ਹੋਈ ਹੈ। ਸ਼ਹਿਰੀਆਂ ਉੱਤੇ ਕੇਂਦਰਿਤ ਐਪਸ ਜਿਵੇਂ ਕਿ ਮੇਰੀ ਸੜਕ ਐਪ ਦੀ ਮਦਦ ਨਾਲ ਸੜਕਾਂ ਬਾਰੇ ਲੋਕਾਂ ਤੋਂ ਉਨ੍ਹਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਅਵਾਸਸਾਫਟ ਐਪ ਦੀ ਵਰਤੋਂ ਕਰਕੇ ਪੀ ਐੱਮ ਏ ਵਾਈ – ਗ੍ਰਾਮੀਣ ਰਾਹੀਂ ਸਾਰੇ ਘਰਾਂ ਨੂੰ ਜੋੜਿਆ ਜਾ ਰਿਹਾ ਹੈ। ਜਨ ਸੂਚਨਾ ਮੁਹਿੰਮ ਨੂੰ ਹੋਰ ਅੱਗੇ ਲਿਜਾਉਣ ਲਈ ਵਿਭਾਗ ਵਲੋਂ ਗ੍ਰਾਮ ਸਮ੍ਰਿਧੀ ਅਤੇ ਸਵੱਛਤਾ ਪੰਦਰਵਾੜੇ ਦਾ 1 ਤੋਂ 15 ਅਕਤੂਬਰ 2017 ਤੱਕ ਆਯੋਜਨ ਹਰ ਗ੍ਰਾਮ ਪੰਚਾਇਤ ਵਿੱਚ ਕੀਤਾ ਜਾਵੇਗਾ। ਇਸ ਸਮੇਂ ਵਿੱਚ ਗ੍ਰਾਮ ਪੰਚਾਇਤ ਦਫ਼ਤਰਾਂ ਵਿੱਚ ਸਾਰੇ ਪ੍ਰੋਗਰਾਮਾਂ ਅਤੇ ਲਾਭਪਾਤਰੀਆਂ ਦੇ ਮੁਹੱਈਆ ਸਰਕਾਰੀ ਰਿਕਾਰਡ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ। ਇਕ ਸੈੱਲ ਫ਼ੋਨ ਆਧਾਰਤ ਜਨਤਾ ਸੂਚਨਾ ਸਿਸਟਮ ਵੀ ਸ਼ੁਰੂ ਕੀਤਾ ਜਾ ਰਿਹਾ ਹੈ ਜਿਥੇ ਕਿ ਹਰ ਸੰਬੰਧਿਤ ਪਿੰਡ ਵਿੱਚ ਹਰ ਵਿਅਕਤੀ ਵਲੋਂ ਸੰਬੰਧਿਤ ਰਿਕਾਰਡ ਦੀ ਜਾਂਚ ਕੀਤੀ ਜਾ ਸਕੇਗੀ ਤਾਂ ਕਿ ਉਸ ਵਿੱਚ ਸੁਧਾਰ ਕੀਤਾ ਜਾ ਸਕੇ। ਇਸ ਤਰ੍ਹਾਂ ਸੋਸ਼ਲ ਆਡੀਟਰਾਂ ਦਾ ਇਕ ਕੈਡਰ ਮਹਿਲਾ ਐੱਸ ਐੱਚ ਜੀ ਵਿੱਚੋਂ ਪੂਰੀ ਸਿਖਲਾਈ ਦੇ ਕੇ ਅਤੇ ਸਰਟੀਫੀਕੇਸ਼ਨ ਰਾਹੀਂ ਵਿਕਸਤ ਕੀਤਾ ਜਾ ਰਿਹਾ ਹੈ। ਇਸ ਬਾਰੇ ਕੈਗ ਦੇ ਦਫ਼ਤਰ ਤੋਂ ਸਲਾਹ ਲੈ ਕੇ ਕੰਮ ਕੀਤਾ ਗਿਆ ਹੈ।




## ਆਈ ਟੀ/ਡੀ ਬੀ ਟੀ ਰਾਹੀਂ ਪਾਰਦਰਸ਼ਤਾ ਅਤੇ ਅਧਾਰ ਦੀ ਵਰਤੋਂ

ਵਿਭਾਗ ਆਈ ਟੀ/ਡੀ ਬੀ ਟੀ ਰਕਮ ਨੂੰ ਸਿੱਧੀ ਬੈਂਕਾਂ ਵਿੱਚ ਤਬਦੀਲ ਕਰਨ ਲਈ ਟਰਾਂਜੈਕਸ਼ਨ ਅਧਾਰਿਤ ਐੱਮ ਆਈ ਐੱਸ ਕਰਨ ਵਿੱਚ ਮੋਹਰੀ ਹੈ। ਐੱਮ ਜੀ ਐੱਨ ਆਰ ਈ ਜੀ ਐੱਸ ਅਧੀਨ 98 ਪ੍ਰਤਿਸ਼ਤ ਤਨਖ਼ਾਹਾਂ ਦਾ ਭੁਗਤਾਨ ਅਤੇ ਪੀ ਐੱਮ ਏ ਵਾਈ – ਜੀ ਅਧੀਨ 100 ਪ੍ਰਤਿਸ਼ਤ ਭੁਗਤਾਨ ਆਈ ਟੀ/ਡੀ ਬੀ ਟੀ ਪਲੇਟਫਾਰਮ ਰਾਹੀਂ ਕੀਤਾ ਜਾਂਦਾ ਹੈ। 5.9 ਕਰੋੜ ਐੱਮ ਜੀ ਐੱਨ ਆਰ ਈ ਜੀ ਏ ਮਜ਼ਦੂਰ ਹੁਣ ਤੱਕ ਅਧਾਰ ਅਧਾਰਿਤ ਬੈਂਕ ਖਾਤੇ ਆਪਣੀ ਮਰਜ਼ੀ ਨਾਲ ਖੋਲ੍ਹ ਚੁੱਕੇ ਹਨ। ਬੈਂਕਿੰਗ ਸ਼ਾਖਾਵਾਂ ਅਤੇ ਪੋਸਟ ਆਫ਼ਿਸ ਅਊਟਲੈਟ, ਜਿਨ੍ਹਾਂ ਦੇ ਨਾਲ ਮਿੱਥੀਆਂ ਥਾਵਾਂ ਉੱਤੇ ਏ ਟੀ ਐੱਮ ਵੀ ਹਨ, ਵਿੱਚ ਮਿੱਥੀ ਤਰੀਕ ਉੱਤੇ ਪੈਸੇ ਪੈ ਜਾਣ ਨਾਲ ਅਸਾਨ ਡਿਜੀਟਲ ਭੁਗਤਾਨ ਦੀ ਤਾਕਤ ਸਾਹਮਣੇ ਆ ਰਹੀ ਹੈ। ਇਸ ਨਾਲ ਮਜ਼ਦੂਰਾਂ ਅਤੇ ਪੈਨਸ਼ਨਰਾਂ ਦੀਆਂ ਮੁਸ਼ਕਿਲਾਂ ਵੀ ਘੱਟਣਗੀਆਂ। ਮਹਿਲਾ ਐੱਸ ਐੱਚ ਜੀ ਦੇ ਕਮਿਊਨਿਟੀ ਰੀਸੋਰਸ ਪਰਸਨਜ਼ ਨੇ ਬੈਂਕਿੰਗ ਕਾਰਸਪੌਂਡੈਂਟਸ ਜਾਂ ਬੈਂਕ ਸਖੀਆਂ ਬਣਨ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਹਨ ਅਤੇ ਹੁਣ ਤੱਕ ਇਸ ਦੇ ਨਤੀਜੇ ਉਤਸ਼ਾਹੀ ਰਹੇ ਹਨ।

## ਪਾਰਦਰਸ਼ਤਾ ਅਤੇ ਪੁਲਾੜ ਤਕਨਾਲੋਜੀ ਦੀ ਪ੍ਰਭਾਵੀ ਵਰਤੋਂ ਕਰਕੇ ਮਾਨੀਟਰਿੰਗ

ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਲਈ ਪੁਲਾੜ ਤਕਨਾਲੋਜੀ ਦੀ ਵਰਤੋਂ ਕਰਨ ਦੀ ਤਾਕਤ 2 ਕਰੋੜ ਅਸਾਸਿਆਂ, ਜੋ ਕਿ ਐੱਮ ਜੀ ਐੱਨ ਆਰ ਈ ਜੀ ਐੱਸ ਅਧੀਨ ਕਾਇਮ ਕੀਤੇ ਗਏ, ਵੇਲੇ ਨਜ਼ਰ ਆਈ। ਪੀ ਐੱਮ ਏ ਵਾਈ – ਜੀ ਅਧੀਨ ਲਾਭਪਾਤਰੀਆਂ ਦੀ 100 ਪ੍ਰਤਿਸ਼ਤ ਜੀਓ ਟੈਗਿੰਗ ਰਾਹੀਂ ਅੰਤਿਮ ਚੋਣ ਵੇਲੇ ਇਸ ਦੀ ਹੋਰ ਵਧੇਰੇ ਪ੍ਰਭਾਵੀ ਵਰਤੋਂ ਨਜ਼ਰ ਆਈ। ਇਹ ਸਾਰੇ ਜੀਓ-ਟੈਗ ਕੀਤੇ ਗਏ ਅਸਾਸੇ ਜਨਤਕ ਖੇਤਰ ਵਿੱਚ ਮੌਜੂਦ ਹਨ ਅਤੇ ਕੋਈ ਵੀ ਇਨ੍ਹਾਂ ਨੂੰ ਵੇਖ ਸਕਦਾ ਹੈ। ਇਸ ਨਾਲ ਪਾਰਦਰਸ਼ਤਾ ਵਧਦੀ ਹੈ। ਪੀ ਐੱਮ ਜੀ ਐੱਸ ਵਾਈ ਵਿੱਚ ਪੁਲਾੜ ਤਕਨਾਲੋਜੀ ਦੀ ਵਰਤੋਂ ਸੜਕਾਂ ਦੀ ਲੰਬਾਈ ਸਿੱਧੀ ਕਰਨ, ਕਿੰਨੀ ਸੜਕ ਦੀ ਉਸਾਰੀ ਹੋਈ ਹੈ ਉੱਤੇ ਨਿਗਰਾਨੀ ਰੱਖਣ ਅਤੇ ਬਸਤੀ ਨਾਲ ਇਹ ਸੜਕ ਕਿਸ ਢੰਗ ਨਾਲ ਜੁੜੀ ਹੈ, ਵੇਖਣ ਲਈ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਪੀ ਐੱਮ ਜੀ ਐੱਸ ਵਾਈ ਸੜਕਾਂ ਉੱਤੇ ਐੱਮ ਜੀ ਐੱਨ ਆਰ ਈ ਜੀ ਐੱਸ ਅਧੀਨ ਸੜਕ ਕੰਢੇ ਬੂਟੇ ਲਗਾਉਣ ਵਿੱਚ ਮਿਲੀ ਸਫਲਤਾ ਮਾਪਣ ਲਈ ਵੀ ਕੀਤੀ ਜਾਂਦੀ ਹੈ। ਸਾਡੇ ਸਾਹਮਣੇ ਚੁਨੌਤੀ ਇਹ ਹੈ ਕਿ ਇਸ ਐਪਲੀਕੇਸ਼ਨ ਦਾ ਸੜਕਾਂ ਉੱਤੇ ਅਤੇ ਸਾਰੇ ਐੱਮ ਜੀ ਐੱਨ ਆਰ ਈ ਜੀ ਐੱਸ ਅਸਾਸਿਆਂ ਦੀ ਪਹਿਲਾਂ, ਦਰਮਿਆਨ ਵਿੱਚ ਅਤੇ ਅੰਤ ਵਿੱਚਲੀ ਜੀਓ ਟੈਗਿੰਗ ਕਰਕੇ ਇਸ ਦਾ ਵਿਸ਼ਵ-ਵਿਆਪੀਕਰਨ ਕੀਤਾ ਜਾਵੇ।

## ਐੱਸ ਐੱਚ ਜੀ ਮਹਿਲਾਵਾਂ ਲਈ ਬੈਂਕ ਕਰਜ਼ਿਆਂ ਦਾ ਸੰਤੁਲਨ

ਜਦ ਕਿ ਦੀਨ ਦਿਆਲ ਅੰਨਤੋਦਿਯ ਯੋਜਨਾ – ਰਾਸ਼ਟਰੀ ਦਿਹਾਤੀ ਰੋਜ਼ੀ ਰੋਟੀ ਮਿਸ਼ਨ (ਡੀ ਏ ਵਾਈ – ਐੱਨ ਆਰ ਐੱਲ ਐੱਮ) ਨੇ ਵਿਖਾਇਆ

ਹੈ ਕਿ ਭਾਈਚਾਰਕ ਇਕੱਠ ਰਾਹੀਂ ਜਾਂ ਗਰੁੱਪ ਬਣਾ ਕੇ ਭਾਰੀ ਸਮਾਜਿਕ ਪੂੰਜੀ ਇਕੱਠੀ ਕੀਤੀ ਜਾ ਸਕਦੀ ਹੈ, ਪਰ ਆਰਥਿਕ ਸਰਗਰਮੀ ਵਿਕਾਸ ਅਤੇ ਰੋਜ਼ੀ ਰੋਟੀ ਦੀ ਵਿਭਿੰਨਤਾ ਉੱਤੇ ਜ਼ੋਰ ਦੇਣ ਦੀ ਲੋੜ ਹੈ। ਬੈਂਕ ਸੰਪਰਕ ਦੀ ਵਿਸਤ੍ਰਿਤ ਮਾਨੀਟਰਿੰਗ ਉੱਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਅਸਲ ਵਿੱਚ ਗਰੀਬੀ ਖਾਤਮੇ ਦੇ ਕਿਸੇ ਵੀ ਯਤਨ ਲਈ ਵਾਜਬ ਦਰ ਉੱਤੇ ਸੰਸਥਾਗਤ ਕਰਜ਼ੇ ਅਤੇ ਪਹੁੰਚ ਜ਼ਰੂਰੀ ਹੁੰਦੀ ਹੈ ਤਾਂ ਹੀ ਆਰਥਿਕ ਸਰਗਰਮੀਆਂ ਵਿੱਚ ਵਿਭਿੰਨਤਾ ਲਿਆਂਦੀ ਜਾ ਸਕਦੀ ਹੈ। ਹੁਣ ਤੱਕ 43000 ਕਰੋੜ ਰੁਪਏ ਦੇ ਸਾਲਾਨਾ ਬੈਂਕ ਸੰਪਰਕਾਂ ਤੱਕ ਪਹੁੰਚਣ ਤੋਂ ਬਾਅਦ ਸਾਨੂੰ ਆਸ ਹੈ ਕਿ 2018-19 ਤੱਕ 60,000 ਕਰੋੜ ਰੁਪਏ ਦੇ ਕਰਜ਼ੇ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ। ਮੁਹਾਰਤ ਵਿਕਾਸ ਨੂੰ ਐੱਸ ਐੱਚ ਜੀ ਨਾਲ ਜੋੜ ਕੇ ਹੁਣ ਪਰਿਵਾਰਾਂ ਲਈ ਇਹ ਤਿਆਰੀ ਜ਼ਰੂਰੀ ਹੋ ਗਈ ਹੈ ਕਿ ਉਹ ਬੈਂਕ ਕਰਜ਼ੇ ਦੀ ਪ੍ਰਭਾਵੀ ਢੰਗ ਨਾਲ ਵਰਤੋਂ ਕਰਨ।

## ਸੰਪਰਕ ਵਿੱਚ ਤੇਜ਼ੀ ਲਿਆਉਣਾ


ਦਿਹਾਤੀ ਲੋਕਾਂ ਨੂੰ ਰੋਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰਨ ਲਈ ਸੜਕਾਂ ਦੇ ਸੰਪਰਕ ਜਾਲ ਦੀ ਅਹਿਮ ਭੂਮਿਕਾ ਹੈ। ਇਸ ਨਾਲ ਮਾਰਕੀਟ ਤੱਕ ਪਹੁੰਚ ਨੂੰ ਸੁਖਾਲਾ ਬਣਾਉਣ ਵਿੱਚ ਮਦਦ ਮਿਲਦੀ ਹੈ, ਇਸ ਤੋਂ ਇਲਾਵਾ ਦਿਹਾੜੀਦਾਰਾਂ ਨੂੰ ਦੂਰ ਤੱਕ ਦਿਹਾੜੀ ਕਰਨ ਜਾਣਾ ਸੁਖਾਲਾ ਹੋ ਸਕਦਾ ਹੈ। ਇਸੇ ਕਾਰਨ ਕਰਕੇ ਪੀ ਐੱਮ ਜੀ ਐੱਸ ਵਾਈ ਸੜਕ ਦੀ ਉਸਾਰੀ ਵਿੱਚ ਤੇਜ਼ੀ ਲਿਆਉਣ ਲਈ ਗੰਭੀਰ ਯਤਨ ਕੀਤੇ ਜਾ ਰਹੇ ਹਨ। ਇਹ ਪਹਿਲਾਂ 2011-14 ਵਿੱਚ ਪ੍ਰਤੀ ਦਿਨ 70 ਕਿਲੋਮੀਟਰ ਬਣਦੀਆਂ ਸਨ ਜਦ ਕਿ 2016-17 ਵਿੱਚ ਇਹ ਰੋਜ਼ਾਨਾ 130 ਕਿਲੋਮੀਟਰ ਬਣਨ ਲੱਗੀਆਂ ਹਨ। ਹੁਣ ਤੱਕ 80 ਪ੍ਰਤਿਸ਼ਤ ਆਬਾਦੀਆਂ ਨੂੰ ਸਭ ਮੌਸਮ ਵਿੱਚ ਚੱਲਣ ਵਾਲੀਆਂ ਸੜਕਾਂ ਨਾਲ ਜੋੜ ਦਿੱਤਾ ਗਿਆ ਹੈ ਅਤੇ ਮਾਰਚ 2019 ਤੱਕ ਇਸ ਨੂੰ 100 ਪ੍ਰਤਿਸ਼ਤ ਤੱਕ ਲਿਜਾਉਣ ਦਾ ਟੀਚਾ ਹੈ। ਹਰਿਤ ਅਤੇ ਖੋਜ ਭਰਪੂਰ ਤਕਨਾਲੋਜੀਆਂ, ਜਿਵੇਂ ਕਿ ਨਸ਼ਟ ਹੋਈ ਪਲਾਸਟਿਕ ਫਲਾਈ ਐਸ਼, ਜੀਓ ਟੈਕਸਟਾਈਲ, ਸੈੱਲ ਫਿਲਡ ਕੰਕਰੀਟ, ਕੋਲਡ ਮਿਕਸ ਆਦਿ ਦੀ ਵਰਤੋਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਤਾਂ ਕਿ ਸੜਕਾਂ ਲਈ ਵਾਤਾਵਰਨ ਮੁਤਾਬਕ ਢੁਕਵੀਆਂ ਨੀਤੀਆਂ ਬਣਾਈਆਂ ਜਾ ਸਕਣ। ਮੱਧ ਪ੍ਰਦੇਸ਼ ਵਿੱਚ ਸੜਕਾਂ ਦੀ ਸਾਂਭ ਸੰਭਾਲ ਦੇ ਸਫਲਤਾ ਨਾਲ ਲਾਗੂ ਹੋਏ ਸਿਸਟਮ ਅਤੇ ਉੱਤਰਾਖੰਡ ਵਿੱਚ ਸੜਕਾਂ ਦੀ ਸੰਭਾਲ ਦਾ ਭਾਈਚਾਰਕ ਤਜਰਬਾ ਹੋਰ ਸੂਬਿਆਂ ਨੂੰ ਵੀ ਇਨ੍ਹਾਂ ਮਗਰ ਚੱਲਣ ਲਈ ਪ੍ਰੇਰਿਤ ਕਰ ਰਿਹਾ ਹੈ।

## ਲੋੜ ਅਧਾਰਿਤ ਮੁਹਾਰਤ ਵਿੱਚ ਵਾਧਾ

ਦਿਹਾਤੀ ਇਲਾਕਿਆਂ ਵਿੱਚ ਕੰਮ ਉਤੇ ਲਗਾਉਣ ਅਤੇ ਸਵੈ-ਰੋਜ਼ਗਾਰ ਲਈ ਮੁਹਾਰਤ ਦੀ ਲੋੜ ਹੁੰਦੀ ਹੈ ਤਾਂ ਹੀ ਵੱਡੇ ਪੱਧਰ ਉੱਤੇ ਰੋਜ਼ਗਾਰ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਬਹੁਤ ਸਾਰੇ ਨਵੇਂ ਦਿਹਾਤੀ ਅਦਾਰੇ, ਜੋ ਕਿ ਪ੍ਰਚੂਨ ਵਪਾਰ, ਉਪਜ ਪੈਦਾ ਕਰਨ ਵਾਲੇ ਸੰਗਠਨ, ਕਸਟਮ ਹਾਇਰਿੰਗ ਸੈਂਟਰਜ਼, ਦਿਹਾਤੀ ਆਵਾਜਾਈ ਪ੍ਰਣਾਲੀ, ਹੱਥ ਖੱਡੀ ਅਤੇ ਦਸਤਕਾਰੀ ਆਦਿ ਦੇ ਰੂਪ ਵਿੱਚ ਤਾਂ ਹੀ ਸੰਭਵ ਹਨ ਜੇ ਉਨ੍ਹਾਂ ਦੀ ਹਮਾਇਤ ਲਈ ਇਕ ਯੋਜਨਾਬੱਧ ਪ੍ਰਣਾਲੀ ਤਿਆਰ ਕੀਤੀ ਜਾਵੇ। ਦਿਹਾਤੀ ਵਿਕਾਸ ਵਿਭਾਗ ਵਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸੰਬੰਧਿਤ ਵਿਭਾਗਾਂ, ਜਿਵੇਂ ਕਿ ਖੇਤੀਬਾੜੀ, ਪਸ਼ੂ ਪਾਲਣ, ਐੱਮ ਐੱਸ ਐੱਮ ਈ, ਕੇ ਵੀ ਆਈ ਸੀ, ਟੈਕਸਟਾਈਲ ਆਦਿ ਨਾਲ ਸੰਪਰਕ ਮਜ਼ਬੂਤ ਕੀਤਾ ਜਾਵੇ ਤਾਂ ਕਿ ਖੇਤੀ ਅਤੇ ਗ਼ੈਰ ਖੇਤੀ ਰੋਜ਼ਗਾਰ ਦੇ ਚੰਗੇ ਮੌਕੇ ਮੁਹੱਈਆ ਹੋ ਸਕਣ। ਨੰਗੇ ਪੈਰੀਂ ਕੰਮ ਕਰਨ ਵਾਲੇ ਤਕਨੀਸ਼ਨਾਂ ਅਤੇ ਦਿਹਾਤੀ ਮਿਸਤਰੀਆਂ ਲਈ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਲੋੜੀਂਦੇ ਹਨ ਤਾਂ ਕਿ ਕੰਮ ਉਤੇ ਲੱਗਣ ਵਾਲੇ ਸਮੇਂ ਵਿੱਚ ਕਮੀ ਲਿਆਂਦੀ ਜਾ ਸਕੇ ਅਤੇ ਜੋ ਮੌਜੂਦਾ 5 ਕਰੋੜ ਅਸਿੱਖਿਅਤ ਕਮਾਈ ਕਰਨ ਵਾਲੇ ਹਨ ਉਨ੍ਹਾਂ ਦੀ ਗਿਣਤੀ ਘਟਾਈ ਜਾ ਸਕੇ। ਇਨ੍ਹਾਂ ਸਾਰੇ ਪ੍ਰੋਗਰਾਮਾਂ ਨੂੰ ਬਕਾਇਦਾ ਤੌਰ ਤੇ ਸੈਕਟਰ ਸਕਿੱਲ ਕੌਂਸਲਾਂ ਦੀ ਸਰਪ੍ਰਸਤੀ ਹਾਸਿਲ ਹੈ ਅਤੇ ਉਹ ਇਨ੍ਹਾਂ ਦਾ ਜਾਇਜ਼ਾ ਲੈ ਕੇ ਸਰਟੀਫਿਕੇਟ ਵੀ ਪ੍ਰਦਾਨ ਕਰਦੀਆਂ ਹਨ। ਦਿਹਾਤੀ ਵਿਕਾਸ ਵਿਭਾਗ ਨੇ ਆਪਣੇ ਸਾਰੇ ਪਲੇਸਮੈਂਟ ਆਧਾਰਿਤ ਅਤੇ ਸਵੈ-ਰੋਜ਼ਗਾਰ ਮੁਹਾਰਤ ਪ੍ਰੋਗਰਾਮਾਂ ਨੂੰ ਮੁਹਾਰਤ ਮੰਤਰਾਲਾ ਦੇ ਸਾਂਝੇ ਦਾਇਰੇ ਅਧੀਨ ਲਿਆਂਦਾ ਹੈ ਤਾਂ ਕਿ ਇਨ੍ਹਾਂ ਦੇ ਮੁਢਲੇ ਮਿਆਰ ਅਤੇ ਪ੍ਰੋਟੋਕੋਲ ਤਿਆਰ ਕੀਤੇ ਜਾ ਸਕਣ। ਡੀ ਡੀ ਯੂ ਜੀ ਕੇ ਵਾਈ ਅਤੇ ਆਰ ਐੱਸ ਈ ਟੀ ਆਈਜ਼ ਪ੍ਰੋਗਰਾਮਾਂ ਵਿੱਚ ਹੋਰ ਸੁਧਾਰ ਲਿਆਂਦਾ ਜਾ ਰਿਹਾ ਹੈ ਤਾਂ ਕਿ ਇਨ੍ਹਾਂ ਵਿੱਚ ਪਲੇਸਮੈਂਟ ਅਤੇ ਸਥਾਪਨਾ ਦੀਆਂ ਉੱਚੀਆਂ ਦਰਾਂ ਦਾ ਪ੍ਰਬੰਧ ਹੋ ਸਕੇ।

## ਤਬਦੀਲੀ ਲਈ ਖੋਜਾਂ ਨੂੰ ਉਤਸ਼ਾਹਿਤ ਕਰਨਾ

ਦਿਹਾਤੀ ਵਿਕਾਸ ਵਿਭਾਗ ਸਥਾਨਕ ਭਾਈਚਾਰਿਆਂ ਅਤੇ ਸੂਬਿਆਂ ਦੀਆਂ ਪਹਿਲਾਂ ਦੇ ਹੱਲ ਲਈ ਨਵੀਆਂ ਖੋਜਾਂ ਕਰਵਾ ਰਿਹਾ ਹੈ। ਤਾਮਿਲਨਾਡੂ ਦੇ 80 ਪ੍ਰਤਿਸ਼ਤ ਤੋਂ ਵੱਧ ਪਿੰਡਾਂ ਵਿੱਚ ਸਾਲਿਡ ਰਿਸੋਰਸ ਮੈਨੇਜਮੈਂਟ ਪ੍ਰੋਗਰਾਮ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚ ਲਿਕੁਇਡ ਰਿਸੋਰਸ ਮੈਨੇਜਮੈਂਟ ਪ੍ਰੋਗਰਾਮ ਨੂੰ







ਬਿਹਾਰ ਅਤੇ ਛੱਤੀਸਗੜ੍ਹ ਵਿੱਚ ਵੀ ਐੱਮ ਜੀ ਐੱਨ ਆਰ ਈ ਜੀ ਐੱਸ ਅਤੇ ਡੀ ਏ ਵੀ ਐੱਨ ਆਰ ਐੱਲ ਐੱਮ ਰਾਹੀਂ ਲਿਆਂਦਾ ਜਾ ਰਿਹਾ ਹੈ। ਇਹ ਸਭ ਖੋਜ ਦੀਆਂ ਨਵੀਆਂ ਉਦਾਹਰਣਾਂ ਹਨ। ਆਜੀਵਿਕਾ ਗ੍ਰਾਮੀਣ ਐਕਸਪ੍ਰੈੱਸ ਦਿਹਾਤੀ ਆਵਾਜਾਈ ਸਕੀਮ, ਮਿਸ਼ਨ ਪਾਣੀ ਸੰਭਾਲ ਅਤੇ ਦਿਹਾਤੀ ਸੜਕ ਅਗਵਾਈ ਲੀਹਾਂ, ਹਾਊਸਿੰਗ ਟਾਈਪੋਲੋਜੀ ਅਧਿਐਨ ਦਿਹਾਤੀ ਮਕਾਨ ਉਸਾਰੀ ਲਈ ਖੇਤਰ ਆਧਾਰਿਤ ਢੁਕਵੀਆਂ ਤਕਨਾਲੋਜੀਆਂ ਵਿਕਸਿਤ ਕਰਨ ਲਈ ਸ਼ੁਰੂ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਲਾਈਵਲੀਹੁੱਡ ਇਨ ਫੁੱਲ ਇੰਪਲਾਇਮੈਂਟ (ਲਾਈਫ) ਪਹਿਲਕਦਮੀ, ਜੋ ਕਿ ਐੱਮ ਜੀ ਐੱਨ ਆਰ ਈ ਜੀ ਐੱਸ ਅਧੀਨ ਕੀਤੀ ਜਾ ਰਹੀ ਹੈ, ਦਾ ਉਦੇਸ਼ ਐੱਮ ਜੀ ਐੱਨ ਆਰ ਈ ਜੀ ਵਰਕਰਾਂ ਵਿੱਚ ਮੁਹਾਰਤ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਇਹ ਸਭ ਵੱਡੇ ਪੱਧਰ ਉੱਤੇ ਖੋਜ ਦੀਆਂ ਉਦਾਹਰਣਾਂ ਹਨ ਜੋ ਕਿ ਇਸ ਸਮੇਂ ਦੌਰਾਨ ਹੱਥ ਵਿੱਚ ਲਈਆਂ ਗਈਆਂ ਹਨ।

## ਸਬੂਤ ਆਧਾਰਿਤ ਨਿਗਰਾਨੀ

ਵੱਡੇ ਪੱਧਰ ਦੇ ਪ੍ਰੋਗਰਾਮਾਂ ਲਈ ਨਿਗਰਾਨੀ ਅਤੇ ਜਾਇਜ਼ੇ ਲਈ ਸਿਸਟਮ ਅਧਾਰਤ ਪਹੁੰਚ ਦੀ ਲੋੜ ਹੁੰਦੀ ਹੈ। ਬਹੁਤ ਮਜ਼ਬੂਤ ਅਤੇ ਪਾਰਦਰਸ਼ੀ ਲੈਣ-ਦੇਣ ਆਧਾਰਿਤ ਐੱਮ ਆਈ ਐੱਸ ਤੋਂ ਇਲਾਵਾ ਅਸਾਸਿਆਂ ਦੇ ਮਿਆਰ ਨੂੰ ਕਾਇਮ ਰੱਖਣ ਲਈ ਜੀਓ ਟੈਗਿੰਗ ਦੀ ਲੋੜ, ਹਰ ਸਾਲ 600 ਜ਼ਿਲ੍ਹਿਆਂ ਦਾ ਦੌਰਾ ਕਰਕੇ ਸੰਸਥਾਗਤ ਮਾਨੀਟ੍ਰਿੰਗ ਨੂੰ ਪ੍ਰਬੰਧਕੀ ਕੇਂਦਰਾਂ ਵਿਖੇ ਜਾਣਾ ਅਤੇ ਲਾਗੂ ਕਰਨ ਵਾਲੇ ਵਿਸ਼ੇਸ਼ ਪ੍ਰੋਗਰਾਮਾਂ ਉੱਤੇ ਨਜ਼ਰ ਰੱਖਣਾ, ਸਾਲ ਵਿੱਚ ਦੋ ਵਾਰੀ 8 ਸੂਬਿਆਂ ਵਿੱਚ ਇਕ ਸਾਂਝੇ ਜਾਇਜ਼ਾ ਮਿਸ਼ਨ ਉਤੇ ਜਾਣਾ ਤਾਂ ਕਿ ਇਸ ਦੇ ਲਾਗੂ ਹੋਣ ਦੇ ਮਿਆਰ ਉੱਤੇ ਨਜ਼ਰ ਰੱਖੀ ਜਾ ਸਕੇ।

ਇਹ ਕੁਝ ਕਦਮ ਹਨ ਜੋ ਕਿ ਨਿਗਰਾਨੀ ਵਿੱਚ ਸੁਧਾਰ ਲਈ ਜ਼ਰੂਰੀ ਹਨ। ਇਨ੍ਹਾਂ ਰਾਸ਼ਟਰੀ ਪੱਧਰ ਦੇ ਜਾਇਜ਼ਾ ਪ੍ਰੋਗਰਾਮਾਂ, ਜਿਵੇਂ ਕਿ ਇਰਮਾ ਸਟੱਡੀ ਐੱਫ ਡੀ ਏ ਵੀ ਐੱਨ ਆਰ ਐੱਲ ਐੱਮ ਵਲੋਂ ਬੀਤੇ ਦਿਨੀਂ ਛਾਪਿਆ ਗਿਆ ਅਧਿਐਨ ਅਤੇ ਹੋਰ ਜਾਇਜ਼ਾ ਦਖ਼ਲ ਜ਼ਰੂਰੀ ਹਨ। ਗਿਆਨ ਦੀ ਵਿਭਿੰਨਤਾ ਲਈ ਕਟਿੰਗ ਐੱਜ ਟੈਕਨਾਲੋਜੀਆਂ ਲੋੜੀਂਦੀਆਂ ਹਨ ਅਤੇ ਵਿਭਾਗ ਨੇ ਉੱਚ ਪੱਧਰੀ ਮਾਹਿਰ ਦਲ ਨਤੀਜਿਆਂ ਸੰਬੰਧੀ, ਸੂਚਨਾ ਤਕਨਾਲੋਜੀ ਦੀ ਵਰਤੋਂ ਅਤੇ ਚੁਣੌਤੀਆਂ, ਅੰਦਰੂਨੀ ਆਡਿਟ, ਮਾਰਕੀਟ ਸੰਪਰਕ ਲਈ ਕਾਇਮ ਕੀਤੇ ਹਨ ਜੋ ਕਿ ਸਰਕਾਰ ਤੋਂ ਬਾਹਰ ਦੇ ਸਭ ਤੋਂ ਮਾਹਿਰ ਵਿਅਕਤੀਆਂ ਉੱਤੇ ਆਧਾਰਿਤ ਹਨ ਅਤੇ ਇਨ੍ਹਾਂ ਦਾ ਉਦੇਸ਼ ਆਰ ਡੀ ਪ੍ਰੋਗਰਾਮਾਂ ਉੱਤੇ ਪ੍ਰਭਾਵੀ ਢੰਗ ਨਾਲ ਨਿਗਰਾਨੀ ਰੱਖਣਾ ਹੈ।

## ਕੇਂਦਰੀਕ੍ਰਿਤ ਰੂਪ ਵਿੱਚ ਲਾਗੂ ਕਰਨਾ

***ਗਰੀਬੀ ਤੋਂ ਮੁਕਤੀ ਦਾ ਅਰਥ ਵਾਂਝੇ ਪਰਿਵਾਰਾਂ ਲਈ ਸਮਾਜਿਕ ਮੌਕਿਆਂ ਦਾ ਪ੍ਰਬੰਧ ਕਰਨਾ ਹੈ ਤਾਂ ਕਿ ਉਹ ਆਪਣੀ ਮੁਥਾਜੀ ਤੋਂ ਬਾਹਰ ਆ ਸਕਣ। ਇਹ ਕੇਂਦਰੀ ਪਹੁੰਚ ਹੀ ਹੈ ਜਿਸ ਨੂੰ ਕਿ ਮਿਸ਼ਨ ਅੰਨਤੋਦਿਯ ਕਿਹਾ ਜਾਂਦਾ ਹੈ, ਇਕ ਅਜਿਹਾ ਮਿਸ਼ਨ ਜੋ ਕਿ ਗਰੀਬੀ ਦੇ ਬਹੁ-ਪੱਖੀ ਕਾਰਨਾਂ ਦਾ ਇਲਾਜ ਕਰ ਸਕੇ।***

*(ਲੇਖਕ ਇਸ ਸਮੇਂ ਪੇਂਡੂ ਵਿਕਾਸ ਵਿਭਾਗ ਦਾ ਸਕੱਤਰ ਹੈ।)*

*e-mail :secyrd@nic.in*



# ਜਾਤੀ ਮੁਕਤ ਭਾਰਤ ਦੀ ਸਿਰਜਣਾ

ਅਮਰਜੀਤ ਐੱਸ ਨਾਰੰਗ

ਜਾਤੀਵਾਦ ਵੱਡੀਆਂ ਸਮਾਜਕ ਬੁਰਾਈਆਂ ਵਿੱਚੋਂ ਇਕ ਹੈ ਜੋ ਕਿ ਭਾਰਤ ਦੇ ਸਮਾਜਕ ਆਰਥਿਕ ਵਿਕਾਸ ਅਤੇ ਉਸ ਦੀ ਏਕਤਾ ਨੂੰ ਇਕ ਮਹਾਮਾਰੀ ਵਾਂਗ ਲਗੀ ਹੋਈ ਹੈ। ਉਸ ਸਮੇਂ ਜਦੋਂ ਅਸੀਂ ਇਕ ਸੰਗਠਿਤ, ਮਾਣਮੱਤੇ ਅਤੇ ਵਿਕਸਤ ਭਾਰਤ ਦੀ ਸਿਰਜਣਾ ਵੱਲ ਦੇਖ ਰਹੇ ਹਾਂ ਉਦੋਂ ਇਹ ਇਕ ਸ਼ਕਤੀਸ਼ਾਲੀ ਸਮਾਜਕ ਅਤੇ ਰਾਜਨੀਤਕ ਵੰਡਪਾਊ ਤਾਕਤ ਵਜੋਂ ਕੰਮ ਕਰ ਰਿਹਾ ਹੈ। ਸਮਾਜਕ ਵਖਰੇਵੇਂ ਪੈਦਾ ਕਰ ਰਿਹਾ ਹੈ, ਮਜ਼ਬੂਤੀ ਨੂੰ ਢਾਹ ਲਾ ਰਿਹਾ ਹੈ, ਸ਼ਾਂਤੀ ਅਤੇ ਸਦਭਾਵਨਾ ਨੂੰ ਵਿਗਾੜ ਰਿਹਾ ਹੈ, ਚੋਣ ਨਤੀਜਿਆਂ ਉਤੇ ਅਸਰ ਪਾ ਰਿਹਾ ਹੈ ਅਤੇ ਨਾਲ ਹੀ ਕਈ ਮਜ਼ਬੂਤ ਕਾਨੂੰਨੀ ਅਤੇ ਹੋਰ ਵੱਡੇ ਫੈਸਲਿਆਂ ਉਤੇ ਵੀ ਅਸਰ ਪਾ ਰਿਹਾ ਹੈ। ਇਹ ਮੁਸੀਬਤ ਇੰਨਾ ਭਿਆਨਕ ਰੂਪ ਧਾਰ ਗਈ ਹੈ ਕਿ ਨਾ ਸਿਰਫ ਹਿੰਦੂ ਜਿਨ੍ਹਾਂ ਨਾਲ ਆਮ ਤੌਰ ਤੇ ਜਾਤੀ ਪ੍ਰਥਾ ਜੁੜੀ ਹੋਈ ਹੈ ਸਗੋਂ ਸਿੱਖ, ਮੁਸਲਿਮ, ਜੈਨੀ, ਬੋਧੀ ਅਤੇ ਇਸਾਈਆਂ ਵਿੱਚ ਵੀ ਇਸ ਦੇ ਚਿੰਨ੍ਹ ਦੇਖਣ ਨੂੰ ਮਿਲਦੇ ਹਨ।

**ਰਾਜਨੇਤਾਵਾਂ, ਨੀਤੀ ਘਾੜਿਆਂ, ਨਰੀਖਕਾਂ ਅਤੇ ਅਰਥਪੂਰਨ ਰਾਜਨੀਤਕ ਨੇਤਾਵਾਂ ਵਿੱਚ ਆਮ ਸਹਿਮਤੀ ਬਣੀ ਹੈ ਕਿ ਉਸ ਭਾਰਤ ਦੇ ਨਿਰਮਾਣ ਲਈ ਜੋ ਕਿ ਮਜਬੂਤ, ਸਵੈ-ਨਿਰਭਰ, ਗਰੀਬੀ, ਅਨਪੜ੍ਹਤਾ ਅਤੇ ਬਿਮਾਰੀਆਂ ਤੋਂ ਮੁਕਤ ਤੇ ਵਿਸ਼ਵ ਭਾਈਚਾਰੇ ਵਿੱਚ ਚੰਗੀ ਪੈਠ ਰੱਖਣ ਵਾਲਾ ਹੋਵੇ ਜਾਤੀਵਾਦ ਦਾ ਖਾਤਮਾ ਵਕਤ ਦੀ ਪਹਿਲੀ ਲੋੜ ਹੈ। ਇਸ ਲਈ ਸਭ ਤੋਂ ਪਹਿਲਾਂ ਜਾਤੀ ਪ੍ਰਥਾ ਬਾਰੇ ਕੁਝ ਗਲਤਫਹਿਮੀਆਂ, ਜਾਤੀਵਾਦ ਦੀ ਉਤਪਤੀ ਅਤੇ ਉਸ ਦੇ ਵਾਧੇ ਅਤੇ ਮੌਜੂਦਾ ਸਮੇਂ ਉਸ ਦੀ ਭੂਮਿਕਾ ਨੂੰ ਸਮਝਣ ਦੀ ਲੋੜ ਹੈ।**

## ਜਾਤ ਪ੍ਰਣਾਲੀ

ਜਾਤ ਪ੍ਰਣਾਲੀ ਦੀ ਸਹੀ ਅਸਲ ਪਰਿਭਾਸ਼ਾ, ਉਸ ਦੀ ਉਤਪਤੀ ਅਤੇ ਵੱਖ-ਵੱਖ ਸਮਿਆਂ ਦੌਰਾਨ ਉਸ ਦੀ ਭੂਮਿਕਾ ਬਾਰੇ ਨਰੀਖਕਾਂ ਅਤੇ ਵਿਦਵਾਨਾਂ ਵਿਚਕਾਰ ਬਹੁਤ ਮਤਭੇਦ ਰਹੇ ਹਨ। ਇਸ ਦੇ ਬਹੁਤ ਸਾਰੇ ਬੁਨਿਆਦੀ ਪੱਖਾਂ ਵਿੱਚ ਇਸ ਨੂੰ ਅਹੁਦੇ ਅਤੇ ਰੁਤਬੇ ਦੀ ਘੜੀ ਹੋਈ ਪ੍ਰਣਾਲੀ ਵਜੋਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਇਹ ਇਕ ਤਰ੍ਹਾਂ ਦੀ ਸਮਾਜਕ ਪਰਤਾਂ ਵਾਲੀ ਪ੍ਰਣਾਲੀ ਹੈ ਜੋ ਕਿ ਸਹਿਭੋਜਤਾ ਉੱਤੇ ਪਾਬੰਦੀਆਂ ਵਿੱਚ ਪ੍ਰਦਰਸ਼ਤ ਰਸਮੀ ਪਵਿਤਰਤਾ ਦੇ ਕੁਝ ਉਦੇਸ਼ਾਂ ਨਾਲ ਸੰਗੋਤਰ ਰਿਸ਼ਤਿਆਂ ਦੇ ਵਰਗੀਕਰਨ ਉੱਤੇ ਅਧਾਰਤ ਹੈ। ਭਾਵੇਂ ਕਈ ਸਮਿਆਂ ਦੌਰਾਨ ਜਾਤੀ ਪ੍ਰਥਾ ਨੂੰ ਵਰਣ ਪ੍ਰਣਾਲੀ ਨਾਲ ਜੋੜਿਆ ਜਾਂਦਾ ਰਿਹਾ ਹੈ ਪਰ ਧਾਰਮਿਕ ਗ੍ਰੰਥਾਂ ਵਿੱਚ ਇਸ ਦੀ ਉਤਪਤੀ ਦੇ ਕੋਈ ਚਿੰਨ੍ਹ ਨਹੀਂ ਮਿਲਦੇ। ਖੋਜਕਾਰਾਂ ਨੂੰ ਜਾਤੀ ਪ੍ਰਥਾ ਦੀ ਉਤਪਤੀ ਦੇ ਨਿਸ਼ਾਨ ਤਕਰੀਬਨ 2000 ਸਾਲ ਪਹਿਲਾਂ ਕ੍ਰਮ ਵਿਕਾਸ ਦੇ ਆਰਥਿਕ, ਰਾਜਨੀਤਕ ਅਤੇ ਭੌਤਿਕਵਾਦੀ ਅਮਲ ਵਿੱਚ ਮਿਲੇ। ਇਹ ਭਾਰਤੀ ਜੀਵਨ ਦਾ ਕਦੀ ਵੀ ਪੱਕਾ ਹਿੱਸਾ ਨਹੀਂ ਰਹੀ ਪਰ ਸਮਾਜੀ-ਰਾਜਨੀਤਕ ਅਤੇ ਇਤਿਹਾਸਕ ਵਾਤਾਵਰਨ ਵਿੱਚ ਸਦਾ ਹੀ ਪ੍ਰਚਲਤ ਰਹੀ। ਬਰਤਾਨਵੀ ਰਾਜ ਤੋਂ ਪਹਿਲਾਂ ਜਾਤੀ ਪ੍ਰਮਾਣਕਤਾ ਬੜੀ ਢਿੱਲੀ ਅਤੇ ਪੇਤਲੀ ਸੀ।

## ਉਪਨਿਵੇਸ਼ ਕਾਲ ਵਿੱਚ ਜਾਤੀ

ਭਾਵੇਂ ਕਿ ਜਾਤਾਂ ਲੰਬੇ ਸਮੇਂ ਤੋਂ ਇਕ ਸਮਾਜਕ ਅਸਲੀਅਤ ਰਹੀਆਂ ਹਨ ਪਰ ਬਰਤਾਨਵੀ ਉਪਨਿਵੇਸ਼ਕ ਰਾਜ ਨੇ ਜਾਤਾਂ ਨੂੰ ਭਾਰਤੀ ਸਮਾਜ ਦੇ ਸੰਸਥਾਗਤ ਮੂਲ ਸਿਧਾਂਤ ਵਜੋਂ ਵਰਤਿਆ। 1871 ਵਿੱਚ ਹੋਈ ਪਹਿਲੀ ਦਸ ਸਾਲਾ ਮਰਦਮਸ਼ੁਮਾਰੀ ਤੋਂ ਸ਼ੁਰੂ ਹੋ ਕੇ ਮਰਦਮਸ਼ੁਮਾਰੀ ਜਾਤ ਪ੍ਰਣਾਲੀ ਅਤੇ ਉਸ ਦੇ ਵਰਗੀਕਰਨ ਬਾਰੇ ਜਾਣਕਾਰੀ ਇਕੱਤਰ ਕਰਨ ਦਾ ਇਕ ਪ੍ਰਮੁੱਖ ਜ਼ਰੀਆ ਬਣ ਗਈ। ਮਰਦਮਸ਼ੁਮਾਰੀ ਵਿੱਚ ਅੰਕਾਂ ਦੇ ਅਨੁਸਾਰ ਜਾਤਾਂ ਅਤੇ ਉਪ-ਜਾਤਾਂ ਦੀ ਪੈਮਾਇਸ਼ ਨੇ ਨੀਰਜਾ ਜਿਆਲ (2006) ਅਨੁਸਾਰ ਹੁਣ ਤੱਕ ਅਣਜਾਣ ਕਈ ਤਰੀਕਿਆਂ ਨਾਲ ਜਾਤਾਂ ਦੀਆਂ ਪਛਾਣਾਂ ਨਿਰਧਾਰਤ ਕਰਨ ਵਿੱਚ ਯੋਗਦਾਨ ਪਇਆ ਹੈ। ਖਾਸ ਕਰਕੇ 1901 ਅਤੇ 1911 ਦੀ ਮਰਦਮਸ਼ੁਮਾਰੀ ਵਿੱਚ ਕਈ ਪੱਕੇ ਵਰਗਾਂ ਵਿੱਚ ਅਬਾਦੀ ਦੀ ਗਿਣਤੀ ਨੇ ਜਾਤਾਂ ਦੀ ਪਛਾਣ ਨੂੰ ਹੋਰ ਠੋਸ ਕਰ ਦਿੱਤਾ।

ਬਰਤਾਨਵੀ ਸ਼ਾਸਕਾਂ ਨੇ ਖ਼ੁਦ ਜਾਤ ਪ੍ਰਣਾਲੀ ਨੂੰ ਵੰਡੋ ਅਤੇ ਰਾਜ ਕਰੋ ਲਈ ਹਥਿਆਰ ਵਜੋਂ ਵਰਤਿਆ। ਉਨ੍ਹਾਂ ਨੇ ਜਾਤ ਪ੍ਰਮਾਣਕਤਾਵਾਂ ਨੂੰ ਮਜ਼ਬੂਤੀ ਨਾਲ ਲਾਗੂ ਕੀਤਾ। ਉਨ੍ਹਾਂ ਨੇ ਸਰਕਾਰੀ ਸੰਸਥਾਵਾਂ ਦੇ ਕੰਮਕਾਜ ਵਿੱਚ ਜਾਤਾਂ ਨੂੰ ਸੰਸਥਾਗਤ ਕਰ ਦਿੱਤਾ। ਕਈ ਜਾਤਾਂ ਨੂੰ ਕੁਝ ਪੱਕੇ ਕੰਮਾਂ ਲਈ ਅਹਿਮੀਅਤ ਦਿੱਤੀ ਜਾਣ ਲਗੀ ਜਿਵੇਂ ਪੁਲਿਸ ਅਤੇ ਫ਼ੌਜ ਜਦੋਂ ਕਿ ਕਈਆਂ ਨੂੰ ਅਪਰਾਧੀਆਂ ਦਾ ਠੱਪਾ ਲਾ ਦਿੱਤਾ। ਜਾਤ ਪ੍ਰਮਾਣਕਤਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਕਈ ਕਾਨੂੰਨ ਵੀ ਪਾਸ ਕਰ ਦਿੱਤੇ ਗਏ ਅਤੇ ਇਨ੍ਹਾਂ ਨੂੰ ਸ਼ਾਸਨ ਦਾ ਗਲਿਆਰਾ ਬਣਾ ਦਿੱਤਾ ਗਿਆ। ਸ੍ਰੀਨਿਵਾਸ ਅਨੁਸਾਰ ਇਸ ਦਾ ਤੁਰਤ ਅਸਰ ਇਹ ਹੋਇਆ ਕਿ ਇਸ ਕਾਰਨ ਜਾਤਾਂ ਬਾਰੇ ਚੇਤਨਾ ਅਤੇ ਅੰਤਰ-ਜਾਤੀ ਮੁਕਾਬਲੇਬਾਜ਼ੀ ਵਿੱਚ ਵਾਧਾ ਹੋ ਗਿਆ, ਕਿਉਂਕਿ ਹੁਣ ਜਾਤੀ ਰਿਸ਼ਤਿਆਂ ਲਈ ਬਰਤਾਨਵੀ ਸਰਕਾਰ ਨਾਲ ਕੁਝ ਮੁਆਵਜ਼ੇ ਦੀ ਸੌਦੇਬਾਜ਼ੀ ਲਈ ਆਪਣੀਆਂ ਖੇਤਰੀ ਹੱਦਬੰਦੀਆਂ ਵਿੱਚੋਂ ਨਿਕਲ ਕੇ ਜਾਤ ਅਧਾਰਤ ਗੁਟਬੰਦੀਆਂ ਵਿਕਸਤ ਕਰਨਾ ਮੁਮਕਿਨ ਹੋ ਗਿਆ। ਜਿਵੇਂ ਕਿ ਜਿਆਲ ਲਿਖਦੇ

ਹਨ ਜਾਤ ਪ੍ਰਣਾਲੀ ਦੇ ਵਿਚੋਲੇ ਹੁਣ ਉਸ ਦੇ ਰਸਮੀ ਕ੍ਰਮ ਦਾ ਹਿੱਸਾ ਨਹੀਂ ਰਹੇ। ਰਾਸ਼ਟਰੀ ਨੇਤਾਵਾਂ ਨੇ ਵਖਰੇਵਿਆਂ ਨੂੰ ਘਟਾਉਣ ਅਤੇ ਸਮਾਜਕ ਨਿਆਂ ਦੇ ਮੁੱਦਿਆਂ ਨੂੰ ਰਾਸ਼ਟਰੀ ਮੁਹਿੰਮ ਦੇ ਵਿੱਚ ਮਿਲਾਉਣ ਦੇ ਯਤਨ ਕੀਤੇ ਪਰ ਉਹ ਜ਼ਿਆਦਾ ਕਾਮਯਾਬ ਨਹੀਂ ਹੋ ਸਕੇ।

## ਅਜ਼ਾਦ ਭਾਰਤ ਵਿੱਚ ਜਾਤਾਂ

ਜਿਵੇਂ ਕਿ ਉਪਰ ਵਿਚਾਰਿਆ ਗਿਆ ਹੈ ਕਿ ਉਪਨਿਵੇਸ਼ਕ ਸ਼ਾਸਨ ਦੌਰਾਨ ਜਾਤੀ ਗੁਟ ਪਛਾਣ ਬਾਰੇ ਚੇਤਨ ਅਤੇ ਸੰਗਠਿਤ ਹੋ ਗਏ ਸਨ। ਆਜ਼ਾਦੀ ਦੇ ਸਮੇਂ ਤਾਂ ਕਈ ਆਪਣੇ ਮੁੱਦਿਆਂ ਅਤੇ ਮੰਗਾਂ ਬਾਰੇ ਅਵਾਜ਼ ਵੀ ਉਠਾਉਣ ਲਗ ਪਏ ਸਨ। ਸੰਵਿਧਾਨ ਦੇ ਰਚੇਤਾ ਸਮਤਾਵਾਦੀ, ਨਿਆਂ-ਸੰਗਤ, ਭਰਾਤਰੀਭਾਵ ਵਾਲਾ ਅਤੇ ਸਿਰਫ ਇਕ ਸਮਾਜ ਸਿਰਜਣ ਲਈ ਵਚਨਬੱਧ ਸਨ। ਇਸ ਲਈ 1950 ਦੇ ਸੰਵਿਧਾਨ ਨੇ ਜਾਤ ਪ੍ਰਣਾਲੀ ਨੂੰ ਬਰਾਬਰਤਾ, ਉਦਾਰਤਾ ਅਤੇ ਅਜ਼ਾਦੀ ਦੇ ਬੁਨਿਆਦੀ ਅਧਿਕਾਰਾਂ ਰਾਹੀਂ, ਉਚ-ਨੀਚ ਦੇ ਹਥਿਆਰ, ਕਿਸੇ ਕਿਸਮ ਦੀ ਪਾਬੰਦੀ ਅਤੇ ਖ਼ਾਸ ਤੌਰ ਤੇ ਛੂਆਛਾਤ ਦੀ ਪ੍ਰਥਾ ਦੇ ਤੌਰ ਤੇ ਵਰਤੋਂ ਵਜੋਂ ਖਾਰਜ ਕਰ ਦਿੱਤਾ। ਇਸਦੇ ਨਾਲ ਹੀ ਹਾਂ-ਪੱਖੀ ਉਪਰਾਲਿਆਂ ਦੀ ਲੋੜ ਵਜੋਂ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਜਿਨ੍ਹਾਂ ਜਨਪਦ ਸਹੂਲਤਾਂ ਤੋਂ ਸਦੀਆਂ ਤੋਂ ਉਨ੍ਹਾਂ ਨੂੰ ਵਾਂਝਿਆ ਰਖਿਆ ਗਿਆ ਸੀ, ਲਈ ਸਕਾਰਾਤਮਕ ਕਦਮਾਂ ਨੂੰ ਵੀ ਸੰਵਿਧਾਨ ਵਿੱਚ ਸ਼ਾਮਲ ਕੀਤਾ ਗਿਆ। ਇਹ ਆਸ ਕੀਤੀ ਗਈ ਕਿ ਸਮੇਂ ਦੇ ਨਾਲ-ਨਾਲ ਸਮਾਜਕ-ਆਰਥਿਕ ਵਿਕਾਸ ਅਤੇ ਬਦਲਾਅ ਦੇ ਨਾਲ-ਨਾਲ ਸਮਾਜ ਵਿੱਚ ਸਮਾਜਿਕ ਇਕਜੁਟਤਾ ਆ ਜਾਵੇਗੀ।

ਅਜ਼ਾਦੀ ਦੇ ਸੱਤ ਦਹਾਕਿਆਂ ਦੌਰਾਨ ਜਦੋਂ ਕਿ ਜਾਤੀਵਾਦ ਦਾ ਅਸਰ ਸਮਾਜਕ ਅਤੇ ਆਰਥਿਕ ਦਾਇਰੇ ਵਿੱਚ ਘੱਟ ਰਿਹਾ ਹੈ ਪਰ ਇਹ ਰਾਜਨੀਤਕ ਖੇਤਰ ਵਿੱਚ ਆਪਣੀ ਪਕੜ ਮਜ਼ਬੂਤ ਕਰ ਰਿਹਾ ਹੈ। ਕਈ ਨਵੀਆਂ ਜਾਤ ਅਧਾਰਤ ਸੰਸਥਾਵਾਂ ਉੱਭਰ ਰਹੀਆਂ ਹਨ, ਜਾਤੀ ਵਖਰੇਵਿਆਂ ਵੱਲ ਖਿੱਚ ਵਧ ਰਹੀ ਹੈ ਅਤੇ ਹਿੰਸਾ ਅਤੇ ਰਾਖਵੇਕਰਨ ਬਾਰੇ ਮਤਭੇਦ ਵੀ ਵਧ ਰਹੇ ਹਨ। ਜਾਤੀਵਾਦ ਨੇ ਦੇਸ਼ ਦੇ ਰਾਜਨੀਤਕ ਆਰਥਿਕ ਖੇਤਰ ਵਿੱਚ ਆਪਣੀ ਪਕੜ ਮਜ਼ਬੂਤ ਕਰ ਲਈ ਹੈ। ਵਿਸ਼ਵੀ ਬਾਲਗ ਨਾਗਰਿਕਤਾ ਨਾਲ ਲੋਕ ਰਾਜ ਦੀ ਸ਼ੁਰੂਆਤ ਨਾਲ ਅਨਪੜ੍ਹ ਅਤੇ ਰਾਜਨੀਤਕ ਤੌਰ ਤੇ ਘੱਟ ਜਾਗਰੂਕ ਉਨ੍ਹਾਂ ਲੋਕਾਂ ਨੂੰ ਜੋ ਰਾਜਨੀਤੀ ਨੂੰ ਆਰਥਿਕ ਨੀਤੀਆਂ, ਪ੍ਰਦਰਸ਼ਨ ਜਾਂ ਵਿਚਾਰਧਾਰਾਵਾਂ, ਜਾਤ, ਧਰਮ ਅਤੇ ਅਜਿਹੀਆਂ ਭਾਈਚਾਰਕ ਸਾਂਝਾਂ ਵਜੋਂ ਹੀ ਜਾਣਦੇ ਸਨ, ਨੂੰ ਲਾਮਬੰਦ ਕਰਨ ਦੀ ਲੋੜ ਢੁੱਕਵਾਂ ਨਿਵੇਸ਼ ਸੀ। ਇਸ ਤਰ੍ਹਾਂ ਜਾਤ ਪ੍ਰਣਾਲੀ ਲੋਕਰਾਜ ਦੇ ਢਾਂਚੇ ਵਿੱਚ ਰਾਜਨੀਤਕ



ਸਮਾਜੀਕਰਨ, ਲਾਮਬੰਦੀ ਅਤੇ ਸੰਸਥਾਗਤੀਕਰਨ ਦੀ ਵਿਸ਼ਾਵਸਤੂ ਅਤੇ ਦਿਸ਼ਾ ਨਿਰਧਾਰਨ ਕਰਨ ਦੀ ਪ੍ਰਮੁੱਖ਼ ਭੂਮਿਕਾ ਅਦਾ ਕਰਨ ਲਗੀ। ਇਸ ਨੇ ਅਗੋਂ ਜਾਤੀਵਾਦ ਨੂੰ ਉਤਸ਼ਾਹ ਦਿੱਤਾ।

## ਜਾਤੀਵਾਦ

ਜਾਤੀਵਾਦ ਆਮ ਤੌਰ ਤੇ ਜਾਤਾਂ ਜਾਂ ਉਪ-ਜਾਤਾਂ ਵਲੋਂ ਆਪਣੇ ਮੈਂਬਰਾਂ ਨੂੰ ਹੋਰਨਾਂ ਜਾਤਾਂ ਜਾਂ ਸਮੁੱਚੇ ਸਮਾਜ ਦੇ ਨੁਕਸਾਨ ਨਾਲ ਵੱਧ ਤੋਂ ਵੱਧ ਆਰਥਿਕ, ਸਮਾਜਿਕ ਅਤੇ ਰਾਜਨੀਤਕ ਲਾਭ ਦਿਵਾਉਣ ਦੀ ਪ੍ਰਵਿਰਤੀ ਵਜੋਂ ਜਾਣਿਆ ਜਾਂਦਾ ਹੈ।

ਇਕ ਮੁੱਢਲੇ ਅਤੇ ਨਿਰਨਾਇਕ ਤੌਰ ਤੇ ਕਿਸੇ ਇਕ ਜਾਤੀ ਗੁਟ ਨਾਲ ਰਾਜਨੀਤਕ ਵਫ਼ਾਦਾਰੀ ਦੀ ਵਿਚਾਰਧਾਰਾ ਵੀ ਹੈ ਜੋ ਕਿ ਅੱਗੇ ਜਾ ਕੇ ਆਪਣੀ ਜਾਤ ਪ੍ਰਤੀ ਅੰਨੀ ਵਫ਼ਾਦਾਰੀ ਵਿੱਚ ਤਬਦੀਲ ਹੋ ਜਾਂਦੀ ਹੈ ਇਹ ਵਿਸ਼ਵਾਸ ਕਰਦਿਆਂ ਕਿ ਸਾਡੇ ਸਮਾਜਕ, ਆਰਥਿਕ ਅਤੇ ਰਾਜਨੀਤਕ ਹਿੱਤ ਇਨ੍ਹਾਂ ਰਾਹੀਂ ਹੀ ਪੂਰੇ ਹੋਣੇ ਹਨ। ਕਈ ਵਾਰ ਤਾਂ ਇਹ ਇਕ ਜਾਤ ਦੀ ਦੂਜੀ ਜਾਤ ਨਾਲ ਨਫ਼ਰਤ ਵੀ ਬਣ ਜਾਂਦੀ ਹੈ। ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਘੱਟ ਮਹੱਤਵ ਵਾਲੇ ਗੁਟਾਂ ਦੇ ਚੰਗੇ ਵਿਕਸਤ ਰਾਜਨੀਤਕ ਬੁਨਿਆਦੀ ਢਾਂਚੇ ਦੀ ਅਣਹੋਂਦ ਕਾਰਨ ਮੁਕਤੀ ਅਤੇ ਵਿਭਾਜੀ ਮੁਨਾਫ਼ੇ ਹਾਸਲ ਕਰਨ ਲਈ ਕਈ ਸਵੈਘੜਤ ਮੁੱਢਲੇ ਜਾਤੀ ਗੁਟ ਪ੍ਰਮੁੱਖ ਮੁਕਾਬਲੇਬਾਜ਼ ਵਜੋਂ ਉੱਭਰ ਆਉਂਦੇ ਹਨ। ਰਾਜਨੀਤਕ ਪਾਰਟੀਆਂ ਸਮਰਥਨ ਨੂੰ ਹੋਰ ਵੱਡੇ ਪੱਧਰ ਉਤੇ ਹਾਸਲ ਕਰਨ ਲਈ ਜਾਤੀ ਵਫ਼ਾਦਾਰੀਆਂ ਦਾ ਉਪਯੋਗ ਕਰਦੀਆਂ ਰਹੀਆਂ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਵਿਕਾਸ ਦੀ ਕੋਈ ਪਰਵਾਹ ਨਹੀਂ ਹੁੰਦੀ। ਇਨ੍ਹਾਂ ਦਾ ਮਕਸਦ ਲੋਕਤੰਤਰ ਅਤੇ ਚੋਣਾਂ ਸਿਰਫ ਸੱਤਾ ਹਾਸਲ ਕਰਨਾ ਅਤੇ ਰਾਜ ਉਤੇ ਆਪਣੀ ਸਰਦਾਰੀ ਕਾਇਮ ਕਰਨ ਦਾ ਇਕ ਜ਼ਰੀਆ ਹੈ।

ਚੋਣਾਂ ਉਤੇ ਪ੍ਰਭਾਵ ਪਾਉਣ ਅਤੇ ਹਿੱਸਾ ਲੈਣ ਤੋਂ ਇਲਾਵਾ ਜਾਤਾਂ ਨੂੰ ਜਾਇਜ਼ ਜਾਂ ਨਜਾਇਜ਼ ਫ਼ਾਇਦੇ ਲੈਣ ਲਈ ਦਬਾਅ ਗੁਟਾਂ ਵਜੋਂ ਵੀ ਵਰਤਿਆ ਜਾਂਦਾ ਹੈ। ਇਸ ਦਾ ਇਕ ਮਹੱਤਵਪੂਰਨ ਪੱਖ ਕੋਟੇ ਦੇ ਪੱਖ ਵਿੱਚ ਅਤੇ ਵਿਰੋਧ ਵਿੱਚ ਦਬਾਅ ਬਣਾਉਂਦਾ ਹੈ। ਇਹ ਕਈ ਵਾਰੀ ਹਿੰਸਕ ਵਿਖਾਵਿਆਂ ਦਾ ਰੂਪ ਲੈ ਲੈਂਦਾ ਹੈ ਜਿਸ ਨਾਲ ਜਨਤਕ ਜਾਇਦਾਦ ਦਾ ਨੁਕਸਾਨ ਹੁੰਦਾ ਹੈ ਅਤੇ ਵਸੀਲਿਆਂ ਦਾ ਇਸਤੇਮਾਲ ਭਲਾਈ ਅਤੇ ਵਿਕਾਸ ਕਾਰਜਾਂ ਦੀ ਬਜਾਏ ਕਾਨੂੰਨ ਅਤੇ ਪ੍ਰਬੰਧ ਨੂੰ ਕਾਇਮ ਰਖਣ ਲਈ ਕਰਨਾ ਪੈਂਦਾ ਹੈ। ਇਸ ਦਾ ਭਾਵ ਜਾਤਾਂ ਦਾ ਰਾਜਨੀਤੀਕਰਨ ਇਕ ਨਵਾਂ ਮੇਲ ਪੈਦਾ ਕਰ ਰਿਹਾ ਹੈ ਜੋ ਜਾਤਾਂ ਨੂੰ ਅਜਿਹੀਆਂ ਭੂਮਿਕਾਵਾਂ ਨਿਭਾਉਣ ਲਈ ਕਹਿ ਰਿਹਾ ਹੈ ਜੋ ਕਿ ਨਵੀਆਂ ਅਤੇ ਧਰਮ ਨਿਰਪੱਖ ਹੋਣ। ਜਿਵੇਂ ਕਿ ਮਾਇਰੋਨ ਵੀਨਰ (2006) ਨੇ ਵਿਰੋਧਾਭਾਸ

ਸੰਕੇਤ ਦਿੱਤੇ ਸਨ ਕਿ ਜਾਤਾਂ ਵਿਅਕਤੀਗਤ ਜੀਵਨ ਸੰਭਾਵਨਾ ਨੂੰ ਨਿਸ਼ਚਿਤ ਕਰਨ ਵਿੱਚ ਕਿਤੇ ਘੱਟ ਮਹੱਤਵਪੂਰਨ ਪਰ ਇਹ ਰਾਜਨੀਤਕ ਪਛਾਣ ਵਜੋਂ ਅਤੇ ਮਨੁੱਖੀ ਸਮਾਜ ਦੇ ਸੰਸਥਾਗਤੀਕਰਨ ਤੱਤ ਵਜੋਂ ਮਹੱਤਵਪੂਰਨ ਹੋ ਗਈਆਂ ਹਨ।

**ਹੁਣ ਇਥੇ ਜਾਤਾਂ ਦੇ ਅਧਾਰਤ ਕਈ ਵਿਦਿਅਕ ਸੰਸਥਾਵਾਂ, ਹੋਸਟਲ ਅਤੇ ਰਿਹਾਇਸ਼ੀ ਸੁਸਾਇਟੀਆਂ ਆਦਿ ਵੀ ਬਣ ਗਈਆਂ ਹਨ। ਹਾਂ ਇਨ੍ਹਾਂ ਵਿੱਚੋਂ ਕਈ ਪੱਛੜਿਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਅਤੇ ਉਨ੍ਹਾਂ ਦੀਆਂ ਇਛਾਵਾਂ ਪੂਰੀਆਂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਵੀ ਨਿਭਾ ਰਹੇ ਹਨ। ਆਮ ਤੌਰ ਤੇ ਜਾਤੀਵਾਦ ਸਮਾਜਕ ਅਸਹਿਮਤੀ ਪੈਦਾ ਕਰ ਰਹੀ ਹੈ ਅਤੇ ਇਹ ਸਮਾਜਕ-ਆਰਥਿਕ ਵਿਕਾਸ ਅਤੇ ਨਵੇਂ ਭਾਰਤ ਦੇ ਨਿਰਮਾਣ ਦੇ ਕਾਰਜ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੀ ਹੈ।**




## ਖਾਤਮੇ ਦੀ ਲੋੜ

ਜਿਵੇਂ ਕਿ ਉਪਰ ਵਿਚਾਰਿਆ ਗਿਆ ਹੈ ਕਿ ਜਾਤੀਵਾਦ ਸਾਡੇ ਸਮਾਜਿਕ-ਆਰਥਿਕ ਅਤੇ ਰਾਜਨੀਤਕ ਤਾਣੇਬਾਣੇ ਨੂੰ ਖੋਰਾ ਲਗਾ ਰਿਹਾ ਹੈ। ਹਾਂ ਸਮਾਜਿਕ ਦਾਇਰੇ ਵਿੱਚ ਜਾਤੀਵਾਦ ਹੌਲੀ-ਹੌਲੀ ਖਤਮ ਹੋ ਰਿਹਾ ਹੈ। ਜੀਵਨ ਅਤੇ ਕੰਮ ਦੀ ਆਧੁਨਿਕ ਸਥਿਤੀ ਨੇ ਕਈ ਸਖਤ ਰਵਾਇਤਾਂ, ਵਿਸ਼ਵਾਸ ਅਤੇ ਮਾਨਤਾਵਾਂ ਨੂੰ ਅਪ੍ਰਚਲਿਤ ਕਰ ਦਿੱਤਾ ਹੈ। ਅੰਤਰਜਾਤੀ ਭੋਜਨ ਦੀ ਸਾਂਝ ਅਤੇ ਇਥੋਂ ਤੱਕ ਕਿ ਅੰਤਰ-ਜਾਤੀ ਵਿਆਹ ਦੀ ਵੀ ਹੁਣ ਪਾਬੰਦੀ ਨਹੀਂ ਰਹੀ ਖ਼ਾਸ ਕਰਕੇ ਸ਼ਹਿਰੀ ਖੇਤਰਾਂ ਵਿੱਚ। ਇਥੋਂ ਤੱਕ ਕਿ ਬਹੁਤ ਪੜ੍ਹੇ-ਲਿਖੇ ਲੋਕਾਂ ਅਤੇ ਵਿਦਿਅਕ ਸੰਸਥਾਵਾਂ, ਖ਼ਾਸ ਤੌਰ ਤੇ ਮਹਾਂਨਗਰਾਂ ਵਿੱਚ ਜਾਤ ਪ੍ਰਣਾਲੀ ਨਾਲ ਜੁੜੀਆਂ ਰਸਮਾਂ ਨਿਭਾਉਣ ਨੂੰ ਤਾਂ ਨਿੰਦਿਆ ਜਾਂਦਾ ਹੈ। ਇਕ ਹੋਰ ਸਕਾਰਾਤਮਕ ਪੱਖ ਇਹ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਹੋਈਆਂ ਚੋਣਾਂ, ਵਿਸ਼ੇਸ਼ ਤੌਰ ਤੇ ਲੋਕਸਭਾ ਦੀਆਂ ਚੋਣਾਂ ਦੌਰਾਨ ਜਾਤਾਂ ਨੂੰ ਪਿੱਛੇ ਸੁੱਟ ਦਿੱਤਾ ਗਿਆ। ਪਾਰਟੀਆਂ ਹੁਣ ਵਿਕਾਸ, ਭ੍ਰਿਸ਼ਟਾਚਾਰ, ਕਾਰਗੁਜ਼ਾਰੀਆਂ ਅਤੇ ਪ੍ਰਸ਼ਾਸਨ ਦੇ ਮੁੱਦਿਆਂ ਨੂੰ ਵਿਸ਼ੇਸ਼ ਧਿਆਨ ਯੋਗ ਅੱਗੇ ਲਿਆ ਰਹੀਆਂ ਹਨ। ਪਰ ਅਜੇ ਵੀ ਕੁਝ ਪਾਰਟੀਆਂ ਅਤੇ ਗੁਟ ਹਨ ਜਿਨ੍ਹਾਂ ਲਈ ਜਾਤਾਂ ਲਾਮਬੰਦੀ ਅਤੇ ਪ੍ਰਚਾਰ ਦਾ ਇਕ ਮੁੱਖ ਸਰੋਤ ਰਹੀਆਂ ਹਨ। ਉਹ ਜਾਤੀ ਸਮਰਥਨ ਨੂੰ ਵਧਾਉਣ ਅਤੇ ਇਕੱਠਾ ਕਰਨ ਵਿੱਚ ਰੁਝੇ ਰਹਿੰਦੇ ਹਨ। ਇਕ ਪਾਸੇ ਜਦੋਂ ਵਿਕਾਸ ਅਤੇ ਪ੍ਰਸ਼ਾਸਨ ਚੋਣਾਂ ਵਿੱਚ ਵੱਡੇ ਪੱਧਰ ਉਤੇ ਦਾਖਲ ਹੋ ਗਏ ਹਨ ਪਰ ਉਥੇ ਹੀ ਰਾਜਨੀਤੀ ਵਿੱਚ ਜਾਤਾਂ ਦੀ ਭੂਮਿਕਾ ਬਹੁਤ ਸੀਮਤ ਪੱਧਰ ਉਤੇ ਘਟੀ ਹੈ ਖ਼ਾਸ ਤੌਰ ਤੇ ਰਾਜ ਅਤੇ ਹੇਠਲੇ ਪੱਧਰ ਉਤੇ।

ਜਾਤੀਵਾਦ ਨੂੰ ਖਤਮ ਕਰਨ ਦਾ ਪਹਿਲਾ ਕਦਮ ਸਿੱਖਿਆ ਹੈ। ਸਿੱਖਿਆ ਦਾ ਮਤਲਬ ਰਸਮੀ ਪੜ੍ਹਾਈ ਜਾਂ ਸਕੂਲੀ ਸਿੱਖਿਆ ਨਹੀਂ। ਇਸ ਵਿੱਚ ਜਾਤ ਪ੍ਰਣਾਲੀ ਨਾਲ ਜੁੜੀਆਂ ਮਾਨਤਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਪਸਾਰ ਕਰਨਾ ਹੈ। ਜਿਵੇਂ ਕਿ ਸ਼ੁਰੂਆਤ ਵਿੱਚ ਕਿਹਾ ਗਿਆ ਹੈ ਕਿ ਕਈ ਵਾਰੀ ਜਾਤੀਵਾਦ ਨੂੰ ਧਰਮ ਜਾਂ ਧਾਰਮਿਕ ਰਵਾਇਤਾਂ ਵਜੋਂ ਲਿਆ ਜਾਂਦਾ ਹੈ ਜੋ ਕਿ ਗਲਤ ਹੈ। ਵੋਟਰਾਂ ਨੂੰ ਸਿੱਖਿਅਤ ਕਰਨ ਦੀ ਲੋੜ ਹੈ ਕਿ ਜਾਤਾਂ ਨਾਲ ਜੁੜੇ ਨੇਤਾਵਾਂ ਵਲੋਂ ਉਨ੍ਹਾਂ ਨੂੰ ਕਿਵੇਂ ਬਿਨਾਂ ਕਿਸੇ ਵਿਕਾਸ ਫ਼ਾਇਦੇ ਦੇ ਵਰਤਿਆ ਜਾਂਦਾ ਹੈ, ਕਿਸੇ ਖ਼ਾਸ ਸਮਾਜ ਜਾਂ ਜਾਤ ਦੇ ਲਈ। ਸਕੂਲਾਂ ਵਿੱਚ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਇਕੱਠੇ ਖੇਡਣ ਅਤੇ ਖਾਣ ਲਈ ਪ੍ਰੇਰਨ।

ਸਮਾਜ ਨੂੰ ਆਦਿਕਾਲੀਨ ਗੰਡਾਂ ਤੋਂ ਬਾਹਰ ਲਿਆਉਣ ਲਈ ਸਮਾਜਿਕ-ਸਭਿਆਚਾਰਕ ਗ਼ੈਰ-ਬਰਾਬਰੀ ਨੂੰ ਖਤਮ ਕਰਨ ਦੀ ਲੋੜ ਹੈ। ਕਿਸੇ ਵੀ ਜਾਤੀ ਨਾਲ ਮਾੜਾ ਜਾਂ ਨੀਵਾਂ ਵਰਤਾਰਾ ਨੇਤਾਵਾਂ ਨੂੰ ਉਨ੍ਹਾਂ ਨੂੰ ਵਿਤਕਰੇ ਦੇ ਖਿਲਾਫ਼ ਇਕਜੁਟ ਜਾਂ ਲਾਮਬੰਦ ਕਰਨ ਦਾ ਮੌਕਾ ਦੇ ਦਿੰਦਾ ਹੈ। ਕਈ ਮਾਮਲਿਆਂ ਵਿੱਚ ਸਮਾਜਿਕ ਅਤੇ ਆਰਥਿਕ ਗ਼ੈਰ-ਬਰਾਬਰੀ ਵੀ ਇਕਸਮਾਨ ਹੋ ਜਾਂਦੀ ਹੈ। ਬਹੁਤ ਸਾਰੀਆਂ ਅਨੁਸੂਚਿਤ ਜਾਤਾਂ ਗਰੀਬ ਅਤੇ ਸਹੂਲਤਾਂ ਤੋਂ ਸਖਣੀਆਂ ਹਨ। ਲੋਕਤੰਤਰ ਵਿੱਚ ਰਾਜਨੀਤਕ ਪੱਧਰ ਉਤੇ ਇਕਜੁਟ ਅਤੇ ਸ਼ਮੂਲੀਅਤ ਦਾ ਇਹ ਇਕ ਵਾਜਬ ਕਾਰਨ ਬਣ ਜਾਂਦਾ ਹੈ। ਜਦੋਂ ਕੋਈ ਖ਼ਾਸ ਗੁਟਾਂ ਨਾਲ ਗ਼ੈਰ-ਬਰਾਬਰੀ ਜਾਂ ਭੇਦਭਾਵ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਇਕੱਠੇ ਹੋਣ ਦਾ ਮੌਕਾ ਮਿਲ ਜਾਂਦਾ ਹੈ ਬਿਨਾਂ ਇਹ ਸਮਝਿਆਂ ਕਿ ਨੇਤਾ ਇਸ ਨੂੰ ਗੁਪਤ ਮਕਸਦ ਜਾਂ ਨਿੱਜੀ ਹਿਤਾਂ ਲਈ ਵਰਤਣਗੇ।

ਮਨੁੱਖੀ ਸਮਾਜ ਦੀ ਸਮਾਜਕ ਅਤੇ ਰਾਜਨੀਤਕ ਤਬਦੀਲੀਆਂ ਵਿੱਚ ਵੱਡੀ ਅਤੇ ਪ੍ਰਮੁੱਖ ਭੂਮਿਕਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਵੋਟਰਾਂ ਨੂੰ

*ਬਾਕੀ ਸਫ਼ਾ 37 ਉੱਤੇ*

# ਕਿਸਾਨਾਂ ਦੀ ਭਲਾਈ ਵਿੱਚ ਖੇਤੀ ਪ੍ਰਣਾਲੀ

ਜਗਦੀਪ ਸਕਸੇਨਾ

'ਨਿਊ ਇੰਡੀਆ ਭਾਰਤ ਸਰਕਾਰ ਦਾ ਇਕ ਵੱਡਾ ਅਤੇ ਖਾਹਿਸ਼ੀ ਸੁਪਨਾ ਹੈ ਜਿਸ ਰਾਹੀਂ ਕਿ ਦੇਸ਼ਾਂ ਨੂੰ ਖੁਸ਼ਹਾਲ, ਸਿਹਤਮੰਦ, ਪੜ੍ਹਿਆ ਲਿਖਿਆ, ਸਵੱਛ ਅਤੇ ਹਰਿਤ ਦੇਸ਼ ਬਣਾਇਆ ਜਾਣਾ ਹੈ। ਪਰ ਇਨ੍ਹਾਂ ਟੀਚਿਆਂ ਨੂੰ ਹਾਸਿਲ ਕਰਨ ਲਈ ਖੇਤੀਬਾੜੀ ਆਰਥਿਕਤਾ ਵਾਲੇ ਸਾਡੇ ਦੇਸ਼ ਵਿੱਚ ਖੇਤੀਬਾੜੀ ਇਕ ਮੁੱਖ ਮੁੱਦਾ ਬਣਿਆ ਰਹੇਗਾ ਕਿਉਂਕਿ ਇਸ ਰਾਹੀਂ 55 ਪ੍ਰਤਿਸ਼ਤ ਦੇ ਲਗਭਗ ਕੰਮਕਾਜੀ ਵਿਅਕਤੀਆਂ ਨੂੰ ਰੋਜ਼ਗਾਰ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਹ ਸਾਡੇ ਕੁੱਲ ਘਰੇਲੂ ਉਤਪਾਦਨ ਵਿੱਚ 14 ਪ੍ਰਤਿਸ਼ਤ ਯੋਗਦਾਨ ਪਾਉਂਦਾ ਹੈ। ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਮੌਜੂਦਾ ਸਰਕਾਰ ਨੇ ਖੇਤੀ ਖੇਤਰ ਨੂੰ ਸਰਵਉੱਚ ਪਹਿਲ ਪ੍ਰਦਾਨ ਕੀਤੀ ਹੈ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਇਸ ਵਿੱਚ ਬਹੁਤ ਸਾਰੇ ਸੁਧਾਰ ਕੀਤੇ ਹਨ। ਇਸ ਵਿੱਚ ਹੋਰ ਤੇਜ਼ੀ ਲਿਆਉਣ ਲਈ ਭਾਰਤ ਸਰਕਾਰ ਨੇ 2022 ਤੱਕ ਜਦੋਂ ਕਿ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇ ਗੰਢ ਆ ਰਹੀ ਹੈ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਹੈ। ਨਵੀਆਂ ਸਕੀਮਾਂ ਨੂੰ ਸਹੀ ਢੰਗ ਨਾਲ ਮਦਦ ਦੇਣ ਅਤੇ ਇਨ੍ਹਾਂ ਲਈ ਫੰਡ ਪ੍ਰਦਾਨ ਕਰਨ ਲਈ ਸਰਕਾਰ ਲਗਾਤਾਰ ਖੇਤੀ ਅਤੇ ਦਿਹਾਤੀ ਖੇਤਰ ਦੇ ਬਜਟ ਵਿੱਚ ਵਾਧਾ ਕਰਦੀ ਜਾ ਰਹੀ ਹੈ ਜੋ ਕਿ 2017-18 ਵਿੱਚ 1.87 ਟ੍ਰਿਲੀਅਨ ਤੱਕ ਪਹੁੰਚ ਤੱਕ ਪਹੁੰਚ ਗਿਆ ਹੈ। ਪਿਛਲੇ ਬਜਟ ਨਾਲੋਂ ਇਸ ਵਿੱਚ 24 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ। 2016-17 ਵਿੱਚ 274 ਮਿਲੀਅਨ ਟਨ ਦੀ ਅਨਾਜ ਦੀ ਉਪਜ ਹੋਈ ਹੈ ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਉਪਜ ਹੈ ਅਤੇ ਇਹ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਨਵੇਂ ਪ੍ਰੋਗਰਾਮ ਅਤੇ ਨੀਤੀਆਂ ਨੂੰ ਸਾਡੇ ਮਿਹਨਤੀ ਕਿਸਾਨ, ਖੋਜੀ ਵਿਗਿਆਨੀ, ਐਕਸਟੈਂਸ਼ਨ ਵਰਕਰ ਅਤੇ ਹੋਰ ਧਿਰਾਂ ਪੂਰੀ ਹਮਾਇਤ ਦੇ ਰਹੀਆਂ ਹਨ। ਇਸ ਤੋਂ ਇਲਾਵਾ 2011-14 ਦੇ ਮੁਕਾਬਲੇ ਵਿੱਚ ਮੱਛੀ ਉਤਪਾਦਨ ਅਤੇ ਦੁੱਧ ਉਤਪਾਦਨ ਵਿੱਚ 2014-17 ਵਿੱਚ ਕ੍ਰਮਵਾਰ 20 ਪ੍ਰਤਿਸ਼ਤ ਅਤੇ 17 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ। 2016-17 ਵਿੱਚ ਖੇਤੀ ਖੇਤਰ ਦੀ ਸਮੁੱਚੀ ਵਾਧਾ ਦਰ 4.4 ਪ੍ਰਤਿਸ਼ਤ ਉੱਪਰ ਰਹੀ ਜਿਸ ਨੂੰ ਕਿ ਵਧਾ ਕੇ 10.4 ਪ੍ਰਤਿਸ਼ਤ ਉੱਤੇ ਲਿਆਉਣ ਦੀ ਲੋੜ ਹੈ ਤਾਂ ਹੀ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਹਾਸਿਲ ਹੋ ਸਕੇਗਾ।

## ਨਵੀਆਂ ਸਕੀਮਾਂ ਰਾਹੀਂ ਨੀਤੀ ਸੰਬੰਧੀ ਕਦਮ

ਖੇਤੀ ਅਤੇ ਕਿਸਾਨ ਭਲਾਈ ਮੰਤਰਾਲਾ ਨੇ ਨਿਊ ਇੰਡੀਆ ਦਾ ਸੁਪਨਾ ਪੂਰਾ ਕਰਨ ਲਈ ਇਕ ਸੱਤ ਨੁਕਾਤੀ ਪ੍ਰੋਗਰਾਮ ਤਿਆਰ ਕੀਤਾ ਹੈ। ਇਸ ਵਿੱਚ ਕਿਸਾਨਾਂ ਲਈ ਨਵੀਂ ਖੇਤੀ ਅਤੇ ਖੁਸ਼ਹਾਲੀ ਵਾਲੀ ਨੀਤੀ ਉੱਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਨੀਤੀ ਸੰਬੰਧੀ ਯੋਜਨਾ ਉਸ ਚਾਰ ਜਿਲਦਾਂ ਵਾਲੀ ਰਿਪੋਰਟ ਦਾ ਹਿੱਸਾ ਹੈ ਜੋ ਕਿ ਮਾਹਿਰਾਂ ਦੇ ਇਕ ਪੈਨਲ ਵਲੋਂ ਪੇਸ਼ ਕੀਤੀ ਗਈ ਹੈ। ਇਸ ਵਿੱਚ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੇ ਵਿਸ਼ੇਸ਼ ਉਦੇਸ਼ ਦਾ ਜ਼ਿਕਰ ਕੀਤਾ ਗਿਆ ਹੈ। 2015-16 ਵਿੱਚ ਕਿਸਾਨ ਪਰਿਵਾਰਾਂ ਦੀ ਔਸਤ ਆਮਦਨ 96,703 ਰੁਪਏ ਸੀ ਜਿਸ ਨੂੰ ਕਿ ਵਧਾ ਕੇ 2022-23 ਤੱਕ 193,400 ਕੀਤਾ ਜਾਣਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਨੂੰ 1486 ਟ੍ਰਿਲੀਅਨ ਦੇ ਨਿੱਜੀ ਅਤੇ ਜਨਤਕ ਨਿਵੇਸ਼ ਦੀ ਇਸ ਸਮੇਂ ਦੌਰਾਨ ਲੋੜ ਹੋਵੇਗੀ, ਤਾਂ ਹੀ ਇਹ ਟੀਚਾ ਹਾਸਿਲ ਹੋ ਸਕੇਗਾ। ਨੀਤੀ ਵਿੱਚ ਵਿਸਤਾਰ ਨਾਲ ਫਸਲ ਦੀ ਉਪਜ ਵਧਾਉਣ, ਬੀਜਾਈ ਦੀ ਲਾਗਤ ਘੱਟ ਕਰਨ ਅਤੇ ਫ਼ਸਲ ਪੈਦਾ ਹੋਣ ਤੋਂ ਬਾਅਦ ਦੇ ਨੁਕਸਾਨਾਂ ਨੂੰ ਘੱਟ ਕਰਨ ਅਤੇ ਖੇਤੀ ਮੰਡੀਆਂ ਵਿੱਚ ਸੁਧਾਰਾਂ ਦਾ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਖੇਤੀ ਉਪਜ ਦੀ ਫਾਰਮ ਗੇਟ ਪ੍ਰੋਸੈਸਿੰਗ ਸਹੂਲਤਾਂ ਰਾਹੀਂ ਕੀਮਤਾਂ ਵਧਾਉਣ, ਫ਼ਸਲ ਬੀਮਾ ਰਾਹੀਂ ਜੋਖਿਮ ਵਿੱਚ ਕਮੀ, ਤਬਾਹੀ ਤੋਂ ਬਚਾਅ ਅਤੇ ਉੱਚ ਕਿਸਮ ਦੀਆਂ ਫ਼ਸਲਾਂ ਨੂੰ ਉਤਸ਼ਾਹਿਤ ਕੀਤੇ ਜਾਣਾ ਆਦਿ ਪਹਿਲ ਦੇ




ਅਜਿਹੇ ਖੇਤਰ ਹਨ ਜਿਨ੍ਹਾਂ ਵੱਲ ਧਿਆਨ ਲੋੜੀਂਦਾ ਹੈ।

ਸਰਕਾਰ 'ਪ੍ਰਤੀ ਬੂੰਦ, ਵਧੇਰੇ ਫ਼ਸਲ' ਦੇ ਮਿਸ਼ਨ ਅਧੀਨ ਪਾਣੀ ਦੀ ਵਰਤੋਂ ਦੀ ਨਿਪੁੰਨਤਾ ਵਧਾਉਣ ਲਈ ਯਤਨਸ਼ੀਲ ਹੈ। ਇਸ ਵਿੱਚ ਵਿਸ਼ੇਸ਼ ਤੌਰ ਤੇ ਮਾਈਕ੍ਰੋ ਸਿੰਜਾਈ ਤਕਨੀਕਾਂ ਰਾਹੀਂ ਸਿੰਜਾਈ ਦਾ ਰਕਬਾ ਵਧਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ (ਪੀ ਐੱਮ ਕੇ ਐੱਸ ਵਾਈ) ਕੀਤੇ ਗਏ ਯਤਨਾਂ ਨਾਲ 2013-14 ਵਿੱਚ ਮਾਈਕ੍ਰੋ ਸਿੰਜਾਈ ਅਧੀਨ ਜੋ ਰਕਬਾ 4.3 ਲੱਖ ਹੈਕਟੇਅਰ ਸੀ ਉਹ 2016-17 ਵਿੱਚ ਵਧ ਕੇ 8.3 ਲੱਖ ਹੈਕਟੇਅਰ ਉੱਤੇ ਪਹੁੰਚ ਗਿਆ ਹੈ। ਪ੍ਰਧਾਨ ਮੰਤਰੀ ਨੇ ਆਪਣੇ 2017 ਦੇ ਆਜ਼ਾਦੀ ਦਿਵਸ ਦੇ ਭਾਸ਼ਣ ਵਿੱਚ ਸਪੱਸ਼ਟ ਤੌਰ ਤੇ ਐਲਾਨ ਕੀਤਾ ਸੀ ਕਿ ਪੀ ਐੱਮ ਕੇ ਐੱਸ ਵਾਈ ਅਧੀਨ 30 ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ ਅਤੇ 50 ਤੋਂ ਵੱਧ ਹੋਰ ਪ੍ਰਾਜੈਕਟਾਂ ਉਤੇ ਕੰਮ ਚੱਲ ਰਿਹਾ ਹੈ। ਸਰਕਾਰ ਦੀ ਅਨੋਖੀ ਮਿੱਟੀ ਸਿਹਤ ਕਾਰਡ ਯੋਜਨਾ ਕਿਸਾਨਾਂ ਲਈ ਖੇਤੀ ਲਾਗਤ ਨੂੰ ਘੱਟ ਕਰਨ ਵਿੱਚ ਸਹਾਈ ਹੋ ਰਹੀ ਹੈ ਕਿਉਂਕਿ ਇਸ ਨਾਲ ਰਸਾਇਣਕ ਖਾਦਾਂ ਦੀ ਸੰਤੁਲਿਤ ਵਰਤੋਂ ਯਕੀਨੀ ਬਣਦੀ ਹੈ ਅਤੇ ਨਿਰੰਤਰ ਅਧਾਰ ਉਤੇ ਜ਼ਮੀਨ ਦੀ ਉਤਪਾਦਕਤਾ ਵਿੱਚ ਵਾਧਾ ਹੁੰਦਾ ਹੈ। ਹੁਣ ਤੱਕ ਦੇਸ਼ ਭਰ ਵਿੱਚ ਕਿਸਾਨਾਂ ਨੂੰ 7.1 ਕਰੋੜ ਮਿੱਟੀ ਸਿਹਤ ਕਾਰਡ ਵੱਡੇ ਪੱਧਰ ਉੱਤੇ ਫਾਰਮ ਪੱਧਰ ਉੱਤੇ ਜ਼ਮੀਨ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਜਾਰੀ ਹੋ ਚੁੱਕੇ ਹਨ।ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ (ਪੀ ਕੇ ਵੀ ਵਾਈ) ਦਾ ਉਦੇਸ਼ ਆਰਗੈਨਿਕ ਫਾਰਮਿੰਗ ਅਧੀਨ ਰਕਬਾ ਵਧਾਉਣਾ ਹੈ ਕਿਉਂਕਿ ਇਸ ਨਾਲ ਕਿਸਾਨਾਂ ਦੀ ਆਮਦਨ ਵਧਣਾ ਯਕੀਨੀ ਬਣ ਸਕੇਗਾ। ਅਜਿਹਾ ਲਾਗਤ ਵਿੱਚ ਮੁਕਾਬਲਤਨ ਕਮੀ ਆਉਣ ਅਤੇ ਆਰਗੈਨਿਕ ਉਪਜ ਦੀਆਂ ਚੰਗੀਆਂ ਕੀਮਤਾਂ ਮਿਲਣ ਕਾਰਨ ਸੰਭਵ ਹੋ ਸਕੇਗਾ। ਕਿਸਾਨਾਂ ਨੂੰ ਵਪਾਰਕ ਪੱਧਰ ਉੱਤੇ ਆਰਗੈਨਿਕ ਖੇਤੀ ਕਰਨ ਲਈ ਗਰੁੱਪ ਕਾਇਮ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਹੁਣ ਤੱਕ 9100 ਅਜਿਹੇ ਸਮੂਹ ਕਾਇਮ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਲਈ ਕੇਂਦਰ ਸਰਕਾਰ ਤੋਂ ਮਾਲੀ ਮਦਦ ਵੀ ਮਿਲੀ ਹੈ। ਸਰਕਾਰ ਵੀ ਚਾਹੁੰਦੀ ਹੈ ਕਿ ਆਰਗੈਨਿਕ ਫ਼ਸਲ

**ਪ੍ਰਤਿ ਤੁਪਕਾ, ਵਧੇਰੇ ਉਪਜ : ਮਾਈਕਰੋ ਸਿੰਜਾਈ ਅਧੀਨ ਰਕਬਾ ਦੁੱਗਣਾ**

ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ (ਪੀ ਐੱਮ ਕੇ ਐੱਸ ਵਾਈ)

- ਮਾਈਕਰੋ ਸਿੰਜਾਈ ਲਈ 4510.55 ਕਰੋੜ ਰੁਪਏ ਜਾਰੀ
- ਤੁਪਕਾ ਅਤੇ ਛਿੜਕਾਅ ਸਿੰਜਾਈ ਅਧੀਨ ਰਕਬੇ ਵਿੱਚ ਵਿਲੱਖਣ ਵਾਧਾ




ਨੂੰ ਵੱਧ ਤੋਂ ਵੱਧ ਮਾਤਰਾ ਵਿੱਚ ਉਗਾ ਕੇ ਮੰਡੀਆਂ ਵਿੱਚ ਲਿਆਂਦਾ ਜਾਵੇ।

ਕਿਸਾਨਾਂ ਦੀ ਰੋਜ਼ੀ ਰੋਟੀ ਅਤੇ ਉਨ੍ਹਾਂ ਦੀ ਕਾਇਮ ਰਹਿਣ ਯੋਗ ਆਮਦਨ ਲਈ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ (ਪੀ ਐੱਮ ਐੱਫ ਬੀ ਵਾਈ) ਇਕ ਪ੍ਰਮੁੱਖ ਪ੍ਰੋਗਰਾਮ ਹੈ ਜਿਸ ਵਲੋਂ ਸਾਰੇ ਅਨਾਜਾਂ, ਤੇਲ ਬੀਜਾਂ ਅਤੇ ਹੋਰ ਸਾਲਾਨਾ ਫ਼ਸਲਾਂ ਨੂੰ ਬਹੁਤ ਘੱਟ ਪ੍ਰੀਮੀਅਮ ਉੱਤੇ 'ਇਕ ਸੀਜ਼ਨ, ਇਕ ਰੇਟ' ਦੇ ਅਧਾਰ ਉਤੇ ਬੀਮੇ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ।ਇਹ ਯੋਜਨਾ ਸਭ ਫ਼ਸਲਾਂ ਦੇ ਚੱਕਰ ਦੇ ਜੋਖਿਮ ਨੂੰ ਆਪਣੇ ਅਧੀਨ ਲਿਆਉਂਦੀ ਹੈ। ਇਹ ਬਿਜਾਈ ਵੇਲੇ ਤੋਂ ਲੈ ਕੇ ਫ਼ਸਲ ਦੀ ਕਟਾਈ ਤੋਂ ਬਾਅਦ ਵਾਲੇ ਨੁਕਸਾਨ ਤੱਕ ਨੂੰ ਵੀ ਆਪਣੇ ਦਾਇਰੇ ਅਧੀਨ ਰੱਖਦੀ ਹੈ। 5.75 ਕਰੋੜ ਤੋਂ ਵੱਧ ਕਿਸਾਨ ਹੁਣ ਤੱਕ ਇਸ ਸਕੀਮ ਅਧੀਨ ਲਿਆਂਦੇ ਗਏ ਹਨ ਅਤੇ ਬਹੁਤ ਸਾਰੇ ਹੋਰ ਕਿਸਾਨ ਵੀ ਇਸ ਅਧੀਨ ਆਉਣ ਵਾਲੇ ਹਨ, ਕਿਉਂਕਿ 2016-17 ਵਿੱਚ ਜਿਥੇ 30 ਪ੍ਰਤਿਸ਼ਤ ਕਿਸਾਨ ਇਸ ਅਧੀਨ ਲਿਆਂਦੇ ਗਏ ਸਨ ਉਥੇ 2017-18 ਵਿੱਚ ਇਸ ਅਧੀਨ 40 ਪ੍ਰਤਿਸ਼ਤ ਕਿਸਾਨਾਂ ਨੂੰ ਲਿਆਂਦਾ ਜਾਣਾ ਹੈ। ਬੋਨਸ ਵਜੋਂ ਇਹ ਸਕੀਮ ਖੇਤੀ ਖੇਤਰ ਵਿੱਚ ਦਿਲਕਸ਼ ਨਿਵੇਸ਼ ਨੂੰ ਉਤਸ਼ਾਹਿਤ ਕਰ ਰਹੀ ਹੈ। ਚੰਗੀ ਕੀਮਤ ਦੀ ਵਸੂਲੀ ਕਿਸਾਨਾਂ ਦੀ ਆਮਦਨ ਵਧਾਉਣ ਦਾ ਇਕ ਹੋਰ ਪ੍ਰਮੁੱਖ ਸਾਧਨ ਹੈ। ਇਕ ਨਵੀਂ ਪਹਿਲਕਦਮੀ ਈ-ਨਾਮ (ਰਾਸ਼ਟਰੀ ਖੇਤੀ ਮਾਰਕੀਟ) 13 ਸੂਬਿਆਂ ਦੀਆਂ 430 ਮੰਡੀਆਂ ਨੂੰ ਵਪਾਰਕ ਲੈਣ ਦੇਣ ਲਈ ਇਕ ਸਾਂਝੇ ਪਲੇਟਫਾਰਮ ਉੱਤੇ ਲਿਆਉਣ ਲਈ ਯਤਨਸ਼ੀਲ ਹੈ। ਹੁਣ ਤੱਕ 69 ਵਸਤਾਂ ਅਤੇ 45 ਲੱਖ ਕਿਸਾਨਾਂ ਨੂੰ ਈ-ਨਾਮ ਪਲੇਟਫਾਰਮਾਂ ਉੱਤੇ ਰਜਿਸਟਰਡ ਕਰਵਾਇਆ ਗਿਆ ਹੈ। ਇਸ ਸੁਧਾਰ ਨਾਲ ਕਿਸਾਨਾਂ ਦੀ ਆਮਦਨ ਵਿੱਚ ਸਫਲਤਾ ਨਾਲ ਵਾਧਾ ਕੀਤਾ ਗਿਆ ਹੈ ਕਿਉਂਕਿ ਇਸ ਅਧੀਨ ਉਨ੍ਹਾਂ ਨੂੰ ਕਾਹਲੀ ਵਿੱਚ ਫ਼ਸਲ ਨਹੀਂ ਵੇਚਣੀ ਪੈਂਦੀ ਅਤੇ ਨਾ ਹੀ ਕੋਈ ਵਿਚੋਲੇ ਹੁੰਦੇ ਹਨ। ਇਸ ਦੇ ਇਕ ਵਾਧੂ ਪ੍ਰਭਾਵ ਵਜੋਂ ਵਸਤਾਂ ਦਾ ਕੀਮਤ ਸੂਚਕ ਅੰਕ ਵਧ ਰਿਹਾ ਹੈ ਅਤੇ ਮਾਹਿਰਾਂ ਅਨੁਸਾਰ ਫ਼ਸਲ ਦੀਆਂ ਕੀਮਤਾਂ ਵਿੱਚ ਜੋ 13 ਪ੍ਰਤਿਸ਼ਤ ਵਾਧਾ ਹੋਇਆ ਹੈ ਉਸ ਨਾਲ ਕਿਸਾਨਾਂ

**ਖੇਤੀ ਅਤੇ ਕਿਸਾਨ ਭਲਾਈ ਮੰਤਰਲਾ ਵਲੋਂ ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣੀ ਕਰਨ ਲਈ ਤਿਆਰ ਕੀਤੇ ਤਿੰਨ ਸਾਲਾ ਰੋਡ ਮੈਪ (2017–19) ਦੀਆਂ ਕੁੱਝ ਵਿਸ਼ੇਸ਼ਤਾਵਾਂ**

- ਸੀਡ ਵਿਲੇਜ ਪ੍ਰੋਗਰਾਮ ਨੂੰ 30,000 ਪਿੰਡਾਂ ਤੋਂ ਵਧਾ ਕੇ 60,000 ਪਿੰਡਾਂ ਤੱਕ ਲਿਜਾਇਆ ਜਾਵੇਗਾ। ਪੰਚਾਇਤ ਪੱਧਰ ਉੱਤੇ 500 ਬੀਜ ਪ੍ਰੋਸੈਸਿੰਗ ਅਤੇ ਉਤਪਾਦਨ ਯੂਨਿਟ ਕਾਇਮ ਕੀਤੇ ਜਾਣਗੇ।
- ਦੇਸ਼ ਦੇ ਦਿਹਾਤੀ ਖੇਤਰਾਂ ਵਿੱਚ ਮਿੱਟੀ ਦੀ ਪਰਖ ਲਈ 1000 ਮਿੰਨੀ ਲੈਬਾਰਟਰੀਆਂ ਸਥਾਨਕ ਉੱਦਮੀਆਂ ਤੋਂ ਕਾਇਮ ਕਰਵਾਈਆਂ ਜਾਣਗੀਆਂ।
- ਨਾਬਾਰਡ ਰਾਹੀਂ 5000 ਕਰੋੜ ਦਾ ਇਕ ਸਮਰਪਿਤ ਫ਼ੰਡ ਕਾਇਮ ਕੀਤਾ ਜਾਵੇਗਾ ਅਤੇ 4.8 ਮਿਲੀਅਨ ਹੈਕਟੇਅਰ ਜ਼ਮੀਨ ਮਾਈਕ੍ਰੋ ਸਿੰਜਾਈ ਅਧੀਨ ਲਿਆਂਦੀ ਜਾਵੇਗੀ।
- ਫ਼ਸਲਾਂ ਦੀ ਝਾੜ ਦੀ ਦਰ ਹਰ ਸਾਲ 1 ਮਿਲੀਅਨ ਹੈਕਟੇਅਰ ਤੱਕ ਪਹੁੰਚਾਈ ਜਾਵੇਗੀ ਅਤੇ ਇਸ ਲਈ ਚਾਵਲ ਦੀ ਫ਼ਸਲ ਤੋਂ ਬਾਅਦ ਹੋਣ ਵਾਲੀਆਂ ਦਾਲਾਂ ਅਤੇ ਤੇਲ ਬੀਜਾਂ ਦੀਆਂ ਫ਼ਸਲਾਂ ਦਾ ਸਹਾਰਾ ਲਿਆ ਜਾਵੇਗਾ। ਅਤੇ ਇਸ ਤਰ੍ਹਾਂ 2020 ਤੱਕ 3 ਮਿਲੀਅਨ ਹੈਕਟੇਅਰ ਰਕਬੇ ਨੂੰ ਇਸ ਅਧੀਨ ਲਿਆਂਦਾ ਜਾਵੇਗਾ।
- ਪੰਜ ਲੱਖ ਐੱਮ ਟੀ ਕੋਲਡ ਸਟੋਰੇਜ, 1000 ਪੈਕ ਹਾਊਸਿਜ਼, 150 ਰਾਈਪਨਿੰਗ ਚੈਂਬਰ ਸਥਾਪਤ ਕੀਤੇ ਜਾਣਗੇ ਤਾਂ ਕਿ ਫ਼ਸਲ ਦੀ ਕਟਾਈ ਤੋਂ ਬਾਅਦ ਦੇ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਸਕੇ।
- ਈ–ਨਾਮ ਪਲੇਟਫਾਰਮ ਉੱਤੇ 585 ਖੇਤੀ ਮੰਡੀਆਂ ਰਜਿਸਟਰਡ ਕਰਵਾਈਆਂ ਜਾਣਗੀਆਂ।
- 2018–19 ਵਿੱਚ ਛੋਟੇ ਅਤੇ ਸੀਮਾਂਤੀ ਕਿਸਾਨਾ ਨੂੰ ਥੋੜ੍ਹੀ ਮਿਆਦ ਦੇ ਕਰਜ਼ੇ ਅਧੀਨ ਲਿਆਂਦਾ ਜਾਵੇਗਾ ਅਤੇ ਅਜਿਹੇ ਕਿਸਾਨਾਂ ਦੀ ਗਿਣਤੀ ਇਸ ਵੇਲੇ ਜੋ 43 ਪ੍ਰਤਿਸ਼ਤ ਹੈ ਉਸ ਨੂੰ 50 ਪ੍ਰਤਿਸ਼ਤ ਉੱਤੇ ਲਿਜਾਇਆ ਜਾਵੇਗਾ।
- ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਅਤੇ ਮੌਸਮ ਅਧਾਰਿਤ ਫ਼ਸਲ ਬੀਮਾ ਯੋਜਨਾ ਦਾ ਦਾਇਰਾ ਮੌਜੂਦਾ 30 ਪ੍ਰਤਿਸ਼ਤ ਤੋਂ ਵਧਾ ਕੇ 2017–18 ਤੱਕ 40 ਅਤੇ 2018–19 ਤੱਕ 50 ਪ੍ਰਤਿਸ਼ਤ ਕੀਤਾ ਜਾਵੇਗਾ। ਦੁੱਧ ਉਤਪਾਦਨ ਦੇ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਦੁੱਧ ਇਕੱਠਾ ਕਰਨ ਦੀ ਸਮਰੱਥਾ ਨੂੰ ਮੌਜੂਦਾ 16,000 ਤੋਂ ਵਧਾ ਕੇ ਮਾਰਚ 2018 ਤੱਕ 50,000 ਪਿੰਡਾਂ ਤੱਕ ਕੀਤਾ ਜਾਵੇਗਾ।
- ਨੀਲੀ ਕ੍ਰਾਂਤੀ ਨੂੰ ਕਾਇਮ ਰੱਖਣ ਲਈ ਮੱਛੀ ਉਤਪਾਦਨ ਨੂੰ ਹੱਲਾਸ਼ੇਰੀ ਦਿੱਤੀ ਜਾਵੇਗੀ।
- ਰਾਸ਼ਟਰੀ ਡੇਅਰੀ ਵਿਕਾਸ ਬੋਰਡ ਦੀ ਤਰਜ਼ ਉੱਤੇ ਰਾਸ਼ਟਰੀ ਪਸ਼ੂ ਵਿਕਾਸ ਏਜੰਸੀ ਕਾਇਮ ਕੀਤੀ ਜਾਵੇਗੀ।
- ਜੈਨੋਮਿਕਸ/ਜੈਨੇ ਐਡੀਟਿੰਗ ਤਕਨੀਕਾਂ ਵਿੱਚ ਖੋਜ ਅਤੇ ਵਿਕਾਸ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਕਿ ਉਪਜ ਦਾ ਪੱਧਰ ਵਧਾਉਣ ਲਈ ਪ੍ਰਬੰਧ ਹੋ ਸਕੇ।
- ਪੌਸ਼ਟਿਕਤਾ (ਪ੍ਰੋਟੀਨ, ਜ਼ਿੰਕ, ਵਿਟਾਮਿਨ ਏ, ਅਤੇ ਐਂਟੀਆਕਸੀਡੈਂਟਜ਼) ਅਧਾਰਿਤ ਖੁਰਾਕ ਲਈ ਬਾਈ ਫੋਰਟੀਫੀਕੇਸ਼ਨ ਲਈ ਖੋਜ ਅਤੇ ਵਿਕਾਸ ਦਾ ਕੰਮ।
- ਪਸ਼ੂਆਂ ਲਈ ਥਰਮੋ ਟਾਲਰੈਂਟ ਟੀਕਿਆਂ ਦਾ ਵਿਕਾਸ।

ਪ੍ਰੋਗਰਾਮ ਇਕ ਸਮਾਂਬੱਧ ਢੰਗ ਨਾਲ ਲਾਗੂ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ।

## ਮੁਨਾਫ਼ਾ ਵਧਾਉਣ ਲਈ ਉਤਪਾਦਕਤਾ ਵਿੱਚ ਵਾਧਾ ਕਰਨਾ

ਕੁਝ ਸਮਾਂ ਪਹਿਲਾਂ ਨੀਤੀ ਆਯੋਗ ਨੇ 'ਕਿਸਾਨਾਂ ਦੀ ਆਮਦਨ ਦੁਗਣੀ ਕਰਨ' ਬਾਰੇ ਇਕ ਨੀਤੀ ਪੇਪਰ ਪੇਸ਼ ਕੀਤਾ ਜਿਸ ਵਿੱਚ ਕਿ ਇਸ ਨੂੰ ਜ਼ਮੀਨੀ ਪੱਧਰ ਉੱਤੇ ਲਾਗੂ ਕਰਨ ਲਈ ਵਿਸਤਾਰ ਨਾਲ ਇਕ ਕਾਰਜ ਯੋਜਨਾ ਦਰਸਾਈ ਗਈ ਹੈ। ਪਰਚੇ ਵਿੱਚ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਹੈ ਕਿ ਸਿੰਜਾਈ ਅਤੇ ਨਵੀਆਂ ਤਕਨਾਲੋਜੀਆਂ ਦਾ ਜ਼ਮੀਨ ਦੀ ਪ੍ਰਤੀ ਏਕੜ ਫ਼ਸਲ ਵਧਾਉਣ ਵਿੱਚ ਅਹਿਮ ਭੂਮਿਕਾ ਹੈ ਅਤੇ ਇਸ ਨਾਲ ਇਸੇ ਖੇਤਰ ਤੋਂ ਕਿਸਾਨਾਂ ਦੀ ਆਮਦਨ ਵੀ ਵਧਦੀ ਹੈ। ਨਵੀਆਂ ਅਤੇ ਸੁਧਰੀਆਂ ਹੋਈਆਂ ਫ਼ਸਲਾਂ ਦੀਆਂ ਕਿਸਮਾਂ ਉਗਾਉਣ ਨਾਲ ਫ਼ਸਲ ਚੰਗੀ ਹੁੰਦੀ ਹੈ ਅਤੇ ਵਾਜਬ ਕੀਮਤ ਉੱਤੇ ਬੀਜ ਵੀ ਮੁਹੱਈਆ ਹੋ ਜਾਂਦੇ ਹਨ। ਦੇਸ਼ ਦੀ ਪ੍ਰਮੁੱਖ ਖੋਜ ਸੰਸਥਾ ਖੇਤੀ ਖੋਜ ਦੀ ਭਾਰਤੀ ਪਰਿਸ਼ਦ (ਆਈ ਸੀ ਏ ਆਰ) ਨੇ ਪਿਛਲੇ ਤਿੰਨ ਸਾਲ ਵਿੱਚ ਫ਼ਸਲ ਦੀਆਂ 600 ਸੋਧੀਆਂ ਹੋਈਆਂ ਕਿਸਮਾਂ ਜਾਰੀ ਕੀਤੀਆਂ ਹਨ ਤਾਂ ਕਿ ਉਤਪਾਦਕਤਾ ਇਕ ਨਵੇਂ ਪੱਧਰ ਉੱਤੇ ਪਹੁੰਚ ਸਕੇ। ਇਸ ਤੋਂ ਇਲਾਵਾ ਕਈ ਨਵੀਆਂ ਖੇਤੀ ਤਕਨਾਲੋਜੀਆਂ ਦਾ ਪੂਰਾ ਪ੍ਰਚਾਰ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਉਤਪਾਦਕਤਾ ਵਧ ਸਕੇ। ਪ੍ਰੀਸੀਜ਼ਨ ਫਾਰਮਿੰਗ, ਸੰਗਠਿਤ ਖੇਤੀ ਅਤੇ ਸੋਮਾ ਸੰਭਾਲ ਤਕਨਾਲੋਜੀਆਂ ਕੁਝ ਅਜਿਹੀਆਂ ਤਕਨਾਲੋਜੀਆਂ ਹਨ ਜਿਨ੍ਹਾਂ ਵਿੱਚ ਵਧੀਆ ਨਤੀਜੇ ਮਿਲਣ ਅਤੇ ਚੰਗੀ ਸਮਰੱਥਾ ਦੀ ਸੰਭਾਵਨਾ ਮੌਜੂਦ ਹੈ। ਇਸੇ ਤਰ੍ਹਾਂ ਨਵੀਂ ਮਸ਼ੀਨਰੀ ਜਿਵੇਂ ਕਿ ਲੇਜ਼ਰ ਲੈਂਡ ਲੈਵਲਰ, ਪ੍ਰੀਸੀਜ਼ਨ ਸੀਡਰ ਅਤੇ ਪਲਾਂਟਰ ਅਤੇ ਆਧੁਨਿਕ ਖੇਤੀ ਢੰਗ ਜਿਵੇਂ ਕਿ ਐੱਸ ਆਰ ਆਈ (ਸਿਸਟਮ ਆਫ ਰਾਈਸ ਇੰਟੈਂਸੀਫੀਕੇਸ਼ਨ), ਸਿੱਧੇ ਬੀਜ ਵਿੱਚੋਂ ਚਾਵਲ ਕੱਢਣ, ਜ਼ੀਰੋ ਟਿਲੇਜ ਵਗੈਰਾ ਵਿੱਚ ਨਿਵੇਸ਼ ਕਰਨ ਉੱਤੇ ਚੰਗੀ ਵਾਪਸੀ ਦੀ ਆਸ ਹੁੰਦੀ ਹੈ। ਇਸ ਨਾਲ ਵੀ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ।

ਜ਼ਮੀਨ ਦੇ ਹਰ ਟੁਕੜੇ ਤੋਂ ਵੱਧ ਆਮਦਨ ਹਾਸਿਲ ਕਰਨ ਦਾ ਇਕ ਹੋਰ ਤਕਨੀਕੀ ਤੌਰ ਤੇ ਮਜ਼ਬੂਤ ਸਾਧਨ ਵੀ ਹੈ। ਜ਼ਮੀਨ ਲਈ ਸਿੰਜਾਈ



ਸਹੂਲਤਾਂ ਅਤੇ ਨਵੀਆਂ ਤਕਨੀਕਾਂ ਦੇ ਮੌਜੂਦ ਹੋਣ ਨਾਲ ਹੁਣ ਸੰਭਵ ਹੋ ਗਿਆ ਹੈ ਕਿ ਉਹ ਮੁੱਖ ਖੇਤੀ ਫ਼ਸਲਾਂ (ਰਬੀ ਅਤੇ ਖਰੀਫ) ਲੈਣ ਤੋਂ ਬਾਅਦ ਥੋੜ੍ਹੇ ਸਮੇਂ ਦੀਆਂ ਫ਼ਸਲਾਂ ਵੀ ਉਗਾਉਣ। ਇਸੇ ਤਰ੍ਹਾਂ ਮੁਨਾਫਾ ਵਧਾਉਣ ਲਈ ਸੰਗਠਿਤ ਖੇਤੀ ਸਿਸਟਮ ਦਾ ਮਾਡਲ ਵਿਕਸਤ ਕੀਤਾ ਗਿਆ ਹੈ। ਅਜਿਹੇ ਮਾਡਲ ਮੌਸਮ ਦੀਆਂ ਸਥਿਤੀਆਂ ਸਹੀ ਨਾ ਹੋਣ ਦੇ ਬਾਵਜੂਦ ਵੀ ਵਧੇਰੇ ਸਥਿਰ ਆਮਦਨ ਦਾ ਪ੍ਰਬੰਧ ਕਰਦੇ ਹਨ। ਉੱਚ ਕੀਮਤ ਵਾਲੀਆਂ ਫ਼ਸਲਾਂ (ਫਲ, ਸਬਜ਼ੀਆਂ, ਫਾਈਬਰਜ਼, ਮਸਾਲੇ, ਦਵਾਈਆਂ ਵਾਲੀਆਂ ਫ਼ਸਲਾਂ) ਦਾ ਦਾਇਰਾ ਕਾਫੀ ਵਿਸ਼ਾਲ ਹੁੰਦਾ ਹੈ ਅਤੇ ਇਨ੍ਹਾਂ ਨਾਲ ਕਿਸਾਨਾਂ ਦੀ ਆਮਦਨ ਵਧ ਸਕਦੀ ਹੈ। ਇਸ ਗੱਲ ਦੀ ਸੰਭਾਵਨਾ ਹੈ ਕਿ ਫ਼ਸਲਾਂ ਦੇ ਵਿਭਿੰਨੀਕਰਨ ਅਤੇ ਹੋਰ ਸੰਬੰਧਿਤ ਕੰਮ ਕਰਕੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾਵੇ। ਇਨ੍ਹਾਂ ਕੰਮਾਂ ਵਿੱਚ ਦਰਖ਼ਤ ਲਗਾਉਣਾ, ਖੇਤੀ ਉਪਜ ਦੀ ਪ੍ਰੋਸੈਸਿੰਗ ਕਰਨਾ ਸ਼ਾਮਿਲ ਹੈ। ਨੀਤੀ ਆਯੋਗ ਦੇ ਨੀਤੀ ਪਰਚੇ ਵਿੱਚ ਸਿਫਾਰਸ਼ ਕੀਤੀ ਗਈ ਹੈ ਕਿ ਕੰਮਕਾਜੀ ਫੋਰਸ ਨੂੰ ਖੇਤੀ ਤੋਂ ਹਟਾ ਕੇ ਉਨ੍ਹਾਂ ਲਈ ਰੋਜ਼ਗਾਰ ਦੇ ਮੌਕੇ ਕਿਸੇ ਹੋਰ ਖੇਤਰ ਵਿੱਚ ਲੱਭੇ ਜਾਣ। ਸਰਕਾਰ ਦੀ ਤਾਜ਼ਾ ਪਹਿਲਕਦਮੀ ਵਿੱਚ ਮੁਹਾਰਤ ਦਾ ਵਿਕਾਸ ਕਰਨਾ ਸ਼ਾਮਿਲ ਹੈ ਜਿਸ ਨਾਲ ਕਿਸਾਨ ਭਾਈਚਾਰੇ ਦੀ ਮੁਹਾਰਤ ਵਿੱਚ ਨਾਲ ਲੱਗਦੇ ਖੇਤਰ ਜਾਂ ਗੈਰ ਫਾਰਮ ਖੇਤਰ ਵਿੱਚ ਵਾਧਾ ਕਰਕੇ ਉਸ ਦੀ ਆਮਦਨ ਵਧਾਉਣ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।




## ਨਵਾਂ ਸੁਪਨਾ

ਬੀਤੇ ਸਮੇਂ ਵਿੱਚ ਸਰਕਾਰ ਦਾ ਸੁਪਨਾ ਜਾਂ ਨੀਤੀਆਂ ਖੇਤੀ ਉਤਪਾਦਨ ਵਧਾਉਣ ਅਤੇ ਖੁਰਾਕ ਸੁਰੱਖਿਆ ਉੱਤੇ ਕੇਂਦਰਿਤ ਹੁੰਦੀਆਂ ਸਨ। ਇਸ ਤੋਂ ਬਾਅਦ ਨੀਤੀ ਘਾੜਿਆਂ ਨੇ ਮਹਿਸੂਸ ਕੀਤਾ ਕਿ ਕਿਸਾਨਾਂ ਦੀ ਆਮਦਨ ਵਧਾਉਣ ਜਾਂ ਕਿਸਾਨਾਂ ਦੀ ਭਲਾਈ ਦੇ ਪ੍ਰਬੰਧ ਕੀਤੇ ਜਾਣੇ ਜ਼ਰੂਰੀ ਹਨ। ਇਸ ਦੇ ਪਹਿਲੇ ਕਦਮ ਵਜੋਂ ਭਾਰਤ ਸਰਕਾਰ ਨੇ 2015 ਵਿੱਚ ਖੇਤੀ ਮੰਤਰਾਲੇ ਦਾ ਨਾਂ ਬਦਲ ਕੇ ਖੇਤੀ ਅਤੇ ਕਿਸਾਨ ਭਲਾਈ ਮੰਤਰਾਲਾ ਰੱਖਿਆ। ਇਸ ਲਈ ਹੁਣ ਕੇਂਦਰ ਸਰਕਾਰ ਨੇ ਵੱਖ-ਵੱਖ ਪਹਿਲਕਦਮੀਆਂ ਅਤੇ ਸੁਧਾਰਾਂ ਰਾਹੀਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀਕਰਨ ਦੀ ਧਾਰੀ ਹੋਈ ਹੈ। ਇਸੇ ਅਨੁਸਾਰ ਹੀ ਨਵੇਂ ਸੁਪਨੇ ਦਾ ਉਦੇਸ਼ ਖੇਤੀ ਤਬਾਹੀ ਨੂੰ ਘੱਟ ਕਰਨਾ ਅਤੇ ਕਿਸਾਨਾਂ ਦੀ ਆਮਦਨ ਗ਼ੈਰ-ਖੇਤੀ ਧੰਦਿਆਂ ਵਿੱਚ ਕੰਮ ਕਰ ਰਹੇ ਲੋਕਾਂ ਦੇ ਬਰਾਬਰ ਕਰਨਾ ਰੱਖਿਆ ਗਿਆ ਹੈ। ਭਾਰਤੀ ਖੇਤੀ ਖੇਤਰ, ਨੇ ਆਪਣੇ ਸੋਧੇ ਹੋਏ ਰੂਪ ਵਿੱਚ ਨਵੇਂ ਭਾਰਤ ਦਾ ਸੁਪਨਾ ਪੂਰਾ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ ਹਨ।


*(ਲੇਖਕ ਸਾਬਕਾ ਮੁੱਖ ਸੰਪਾਦਕ, ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ, ਨਵੀ ਦਿੱਲੀ ਹੈ।)*

*e-mail :jgdsaxena@gmail.com*

# ਤੀਹਰੇ ਤਲਾਕ ਖਿਲਾਫ਼ ਫੈਸਲਾ : ਮੁਸਲਿਮ ਔਰਤਾਂ ਲਈ ਜਿੱਤ

ਆਰ ਕੇ ਸਿਨਹਾ

ਸੁਪਰੀਮ ਕੋਰਟ ਨੇ ਆਪਣਾ ਇਤਿਹਾਸਕ ਫੈਸਲਾ ਸੁਣਾ ਦਿੱਤਾ ਹੈ ਜਿਸ ਨੇ ਮੁਸਲਮਾਨ ਔਰਤਾਂ ਨੂੰ ਤੀਹਰੇ ਤਲਾਕ ਦੀ ਵਹਿਸ਼ੀ ਪ੍ਰਥਾ ਤੋਂ ਆਜ਼ਾਦ ਕਰ ਦਿੱਤਾ ਹੈ (ਇਕ ਅਜਿਹੀ ਪ੍ਰਥਾ ਜਿਸ ਵਿੱਚ ਮੁਸਲਮਾਨ ਮਰਦ ਇਕੋ ਵਾਰ ਤਿੰਨ ਵਾਰ 'ਤਲਾਕ' ਬੋਲ ਕੇ ਆਪਣੀਆਂ ਪਤਨੀਆਂ ਨੂੰ ਤਲਾਕ ਦੇ ਦਿੰਦੇ ਹਨ)। ਸਰਵੋਚ ਅਦਾਲਤ ਦੇ ਫੈਸਲੇ ਵਿੱਚ ਕੇਂਦਰ ਸਰਕਾਰ ਨੂੰ ਹੁਕਮ ਸੁਣਾਇਆ ਗਿਆ ਹੈ ਕਿ ਛੇ ਮਹੀਨਿਆਂ ਦੇ ਅੰਦਰ ਸੰਸਦ ਵਿੱਚ ਤੀਹਰੇ ਤਲਾਕ ਉਤੇ ਪਾਬੰਦੀ ਲਾਉਣ ਲਈ ਕਾਨੂੰਨ ਬਣਾਇਆ ਜਾਵੇ ਅਤੇ ਇਸ ਅਵਧੀ ਦੌਰਾਨ ਇਸ ਪ੍ਰਥਾ ਉਤੇ ਪਾਬੰਦੀ ਲਾਈ ਜਾਵੇ। ਜੇ ਛੇ ਮਹੀਨਿਆਂ ਦੇ ਤੈਅ ਸਮੇਂ ਦੌਰਾਨ ਕਾਨੂੰਨ ਨਹੀਂ ਬਣਾਇਆ ਜਾਂਦਾ ਤਾਂ ਤੀਹਰੇ ਤਲਾਕ ਬਾਰੇ ਸੁਪਰੀਮ ਕੋਰਟ ਦਾ ਫੈਸਲਾ 'ਸੀਮਤ' ਹੋ ਕੇ ਰਹਿ ਜਾਵੇਗਾ।

ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਬੈਂਚ, ਜਿਸ ਦੀ ਅਗਵਾਈ ਚੀਫ ਜਸਟਿਸ ਜੇ ਐੱਸ ਖੇਤਰ (ਹੁਣ ਸੇਵਾ ਮੁਕਤ) ਕਰ ਰਹੇ ਸਨ, ਵਲੋਂ 3-2 ਦੇ ਬਹੁਮਤ ਨਾਲ ਤੀਹਰੇ ਤਲਾਕ ਨੂੰ ਰੱਦ ਕਰ ਦਿੱਤਾ ਗਿਆ। ਸੁਪਰੀਮ ਕੋਰਟ ਨੇ ਇਤਿਹਾਸ ਤੋਂ ਸਬਕ ਲਿਆ ਜਦੋਂ ਇਸ ਵਲੋਂ 1986 ਦੇ ਸ਼ਾਹ ਬਾਨੋ ਕੇਸ ਵਿੱਚ ਸ਼ਿਕਾਇਤ ਕਰਤਾ ਦੀ ਅਪੀਲ ਨੂੰ ਸਵੀਕਾਰ ਕਰ ਲਿਆ ਗਿਆ ਸੀ। ਅੰਤਮ ਫੈਸਲਾ ਸੁਣਾਉਣ ਦੀ ਬਜਾਏ ਇਸ ਵਲੋਂ ਤੀਹਰੇ ਤਲਾਕ ਦਾ ਮੁੱਦਾ ਸੰਸਦ ਉਤੇ ਛੱਡ ਦਿੱਤਾ ਗਿਆ ਹੈ। ਪਰ, ਸਰਵੋਚ ਅਦਾਲਤ ਵਲੋਂ ਆਪਣੇ ਇਰਾਦੇ ਦਾ ਪ੍ਰਗਟਾਵਾ ਕਰ ਦਿੱਤਾ ਗਿਆ।


ਕੁੱਲ ਮਿਲਾ ਕੇ, ਹੁਣ ਇਹ ਸਪੱਸ਼ਟ ਹੈ ਕਿ ਦੇਸ਼ ਹੁਣ ਤੀਹਰੇ ਤਲਾਕ ਦੀਆਂ ਕੁਪ੍ਰਥਾਵਾਂ ਤੋਂ ਮੁਕਤ ਹੈ। ਇਹ ਗੱਲ ਯਾਦ ਕਰਵਾਉਣ ਦੀ ਵੀ ਕੋਈ ਲੋੜ ਨਹੀਂ ਕਿ ਪ੍ਰਧਾਨ ਮੰਤਰੀ ਨੇ ਆਜ਼ਾਦੀ ਦਿਵਸ ਮੌਕੇ ਪਿਛਲੇ ਸਾਲ ਇਤਿਹਾਸਕ ਲਾਲ ਕਿਲ੍ਹੇ ਦੀ ਫਸੀਲ ਤੋਂ ਮੁਸਲਮਾਨ ਔਰਤਾਂ ਨੂੰ, ਤੀਹਰੇ ਤਲਾਕ ਦੀ ਅਣਮਨੁੱਖੀ ਪ੍ਰਥਾ ਖਤਮ ਕਰਨ ਲਈ ਕਾਨੂੰਨ ਲਿਆਉਣ ਦਾ ਯਕੀਨ ਦੁਆਇਆ ਸੀ।

## ਮਨੁੱਖਤਾ ਦੀ ਜਿੱਤ : ਰੂੜ੍ਹੀਵਾਦ ਦੀ ਹਾਰ

ਇਹ ਠੀਕ ਹੀ ਆਖਿਆ ਜਾਂਦਾ ਹੈ ਕਿ 'ਕਾਨੂੰਨ ਅੰਨ੍ਹਾ' ਹੁੰਦਾ ਹੈ ਨਹੀਂ ਤਾਂ ਨਿਆਂ ਦੀ ਦੇਵੀ ਨੂੰ ਅੱਖਾਂ ਉਤੇ ਪੱਟੀ ਬੰਨ੍ਹੀ ਨਾ ਦਿਖਾਇਆ ਜਾਂਦਾ। ਅਨੇਕ ਕੱਟੜ ਮੁਸਲਿਮ ਸੰਗਠਨਾਂ ਵਲੋਂ ਤੀਹਰੇ ਤਲਾਕ ਦੀ ਜ਼ੋਰਦਾਰ ਵਕਾਲਤ ਕਰਨ ਦੇ ਬਾਵਜੂਦ, ਸੁਪਰੀਮ ਕੋਰਟ ਵਲੋਂ ਆਪਣੇ ਫੈਸਲੇ ਵਿੱਚ ਮੁਸਲਮਾਨ ਔਰਤਾਂ ਨੂੰ ਇਕ ਨਵੀਂ ਜ਼ਿੰਦਗੀ ਦਿੱਤੀ ਗਈ ਹੈ। ਇਸ ਫੈਸਲੇ ਤੋਂ ਪਹਿਲਾਂ ਇਹ ਕਿਹਾ ਜਾ ਰਿਹਾ ਸੀ ਕਿ ਕੀ ਮਨੁੱਖਤਾ ਦੀ ਜਿੱਤ ਹੋਵੇਗੀ ਜਾਂ ਮੁਸਲਿਮ ਫਿਰਕਾਪ੍ਰਸਤੀ ਅਤੇ ਵਹਿਸ਼ੀ-ਪੁਣਾ ਚੱਲਦਾ ਰਹੇਗਾ।

ਸੰਵਿਧਾਨਕ ਬੈਂਚ ਦੇ ਪੰਜ ਵਿੱਚੋਂ ਤਿੰਨ ਜੱਜਾਂ - ਜਸਟਿਸ ਕੁਰੀਅਨ ਜੋਸਫ਼, ਆਰ ਐੱਫ ਨਾਰੀਮਨ ਅਤੇ ਯੂ.ਯੂ. ਲਲਿਤ ਵਲੋਂ ਤੀਹਰੇ ਤਲਾਕ ਨੂੰ ਅਸੰਵਿਧਾਨਕ ਕਰਾਰ ਦਿੱਤਾ ਗਿਆ। ਦੂਜੇ ਪਾਸੇ, ਚੀਫ ਜਸਟਿਸ ਜੇ ਐੱਸ ਖੇਹਰ ਅਤੇ ਜਸਟਿਸ ਐੱਸ ਅਬਦੁਲ ਨਜ਼ੀਰ ਇਸ ਵਿਚਾਰ ਦੇ ਸਨ ਕਿ ਇਹ ਪ੍ਰਥਾ ਮੁਸਲਿਮ ਪ੍ਰਸਨਲ ਲਾਅ ਦਾ ਭਾਗ ਹੈ ਜਿਸ ਕਰਕੇ ਅਦਾਲਤ ਇਸ ਵਿੱਚ ਦਖ਼ਲ ਨਹੀਂ ਦੇ ਸਕਦੀ। ਪਰ ਤਿੰਨ ਜੱਜ ਜਸਟਿਸ ਖੇਹਰ ਅਤੇ ਜਸਟਿਸ ਨਜ਼ੀਰ ਨਾਲ ਸਹਿਮਤ ਨਹੀਂ ਸਨ। ਤਿੰਨ ਜੱਜਾਂ ਵਲੋਂ ਤੀਹਰੇ ਤਲਾਕ ਨੂੰ ਸੰਵਿਧਾਨ ਦੇ ਆਰਟੀਕਲ 14 (ਬਰਾਬਰੀ ਦੇ ਅਧਿਕਾਰ) ਦੀ ਭਾਵਨਾ ਦੀ ਉਲੰਘਣਾ ਗਰਦਾਨਿਆ ਗਿਆ।

ਇਸ ਫੈਸਲੇ ਦਾ ਮਤਲਬ ਹੈ ਕਿ ਆਦਲਤ ਵਲੋਂ ਤੀਹਰੇ ਤਲਾਕ ਦੀ ਪ੍ਰਥਾ ਨੂੰ ਅਸੰਵਿਧਾਨਕ ਕਰਾਰ ਦਿੰਦਿਆਂ, ਬਹੁਮਤ ਦੇ ਫੈਸਲੇ ਨਾਲ ਇਸ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਤੱਥ ਦੀ



ਹੋਰ ਗਹਿਰਾਈ ਵਿੱਚ ਜਾ ਕੇ ਵੇਖੀਏ ਤਾਂ ਅਨੇਕ ਇਸਲਾਮੀ ਮੁਲਕਾਂ ਵਲੋਂ ਤੀਹਰੇ ਤਲਾਕ ਉਤੇ ਪਾਬੰਦੀ ਲਾਈ ਗਈ ਹੈ ਅਤੇ ਅਦਾਲਤ ਨੇ ਸਵਾਲ ਕੀਤਾ ਕਿ ਭਾਰਤ ਵਿੱਚ ਵੀ ਕਿਉਂ ਨਹੀਂ ਇਸ ਨੂੰ ਖਤਮ ਕਰ ਦੇਣਾ ਚਾਹੀਦਾ? ਅਦਾਲਤ ਵਲੋਂ ਛੇ ਮਹੀਨੇ ਦੇ ਅੰਦਰ ਇਸ ਮੁੱਦੇ ਉਤੇ ਕਾਨੂੰਨ ਬਣਾਉਣ ਲਈ ਸੰਸਦ ਨੂੰ ਨਿਰਦੇਸ਼ ਦਿੱਤਾ ਗਿਆ।



## ਤੀਹਰਾ ਤਲਾਕ ਇਕ 'ਪਾਪ' ਹੈ

ਤੀਹਰੇ ਤਲਾਕ ਨੂੰ ਮੁਸਲਮਾਨਾਂ ਦਾ ਬੁਨਿਆਦੀ ਅਧਿਕਾਰ ਕਰਾਰ ਦਿੰਦਿਆਂ ਚੀਫ ਜਸਟਿਸ ਜੇ ਐੱਸ ਖੇਹਰ ਅਤੇ ਜਸਟਿਸ ਐੱਸ ਅਬਦੁਲ ਨਜ਼ੀਰ ਨੇ ਕਿਹਾ ਕਿ ਨਿਆਂਪਾਲਿਕਾ ਨੂੰ ਇਸ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਪਰ ਦੋਵੇਂ ਜੱਜ ਇਸ ਗੱਲ ਨਾਲ ਸਹਿਮਤ ਸਨ ਕਿ ਤੀਹਰਾ ਤਲਾਕ ਇਕ ਪਾਪ ਹੈ ਅਤੇ ਇਸ ਸੰਬੰਧੀ ਕਾਨੂੰਨ ਬਣਾਉਣ ਲਈ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਬੇਸ਼ਕ, ਕੇਂਦਰ ਸਰਕਾਰ ਮੁਸਲਮਾਨ ਔਰਤਾਂ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਹੁਣ ਇਕ ਸਖਤ ਕਾਨੂੰਨ ਲੈ ਕੇ ਆਵੇਗੀ।

ਜੇ ਕੋਈ ਵੀ ਭਾਰਤ ਵਿੱਚ ਮੁਸਲਿਮ ਔਰਤਾਂ ਦੇ ਹਾਲਾਤ ਜਾਣਨਾ ਚਾਹੁੰਦਾ ਹੈ ਤਾਂ ਉਸ ਨੂੰ ਅਬਦੁੱਲਾ ਬਿਸਮਿੱਲਾ ਦਾ ਨਾਵਲ – 'ਝੀਨੀ ਝੀਨੀ ਬੀਨੀ ਚਾਦਰੀਆ' ਪੜ੍ਹਨਾ ਚਾਹੀਦਾ ਹੈ। ਇਸ ਨਾਵਲ ਵਿੱਚ ਉਨ੍ਹਾਂ ਮੁਸਲਮਾਨ ਪਰਿਵਾਰਾਂ ਬਾਰੇ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚੋਂ ਔਰਤਾਂ ਨੂੰ ਘਟੀਆ ਜਾਂ ਤੀਜੇ ਦਰਜੇ ਦੇ ਇਨਸਾਨ ਸਮਝਿਆ ਜਾਂਦਾ ਹੈ। ਇਸ ਨਾਵਲ ਵਿੱਚ ਇਕ ਬਿੰਦੂ ਤੇ ਲੇਖਕ ਇਕ ਪਾਤਰ ਰਾਹੀਂ ਆਖਦਾ ਹੈ, "ਆਖਰ ਔਰਤਾਂ ਦਾ ਰੁਤਬਾ ਕੀ ਹੈ? ਔਰਤਾਂ ਦਾ ਕੀ ਫਾਇਦਾ ਹੈ? ਇਨ੍ਹਾਂ (ਔਰਤਾਂ) ਨੇ ਸਿਰਫ ਖਾਣਾ ਪਕਾਉਣਾ ਹੁੰਦਾ ਹੈ, ਸਾਡੇ ਨਾਲ ਸੌਣਾ ਹੁੰਦਾ ਹੈ (ਸੰਭੋਗ ਕਰਨਾ) ਅਤੇ ਬੱਚੇ ਪੈਦਾ ਕਰਨੇ ਹੁੰਦੇ ਹਨ। ਜੇ ਉਹ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਕੰਮ ਵਿੱਚ ਵੀ ਅਸਫਲ ਹੋ ਜਾਣ, ਤਾਂ ਸਿਰਫ ਤਲਾਕ, ਤਲਾਕ, ਤਲਾਕ ਆਖ ਦਿਓ।" ਮੁਸਲਮਾਨ ਔਰਤਾਂ ਦਾ ਵੈਰੀ ਕੌਣ ਹੈ? – ਮੁਸਲਮਾਨ ਔਰਤਾਂ ਨੂੰ ਇਸ ਜਬਰ ਤੋਂ ਮੁਕਤ ਕਰਵਾਉਣ ਲਈ ਜਿਸ ਸਮੇਂ ਤੀਹਰੇ ਤਲਾਕ ਖਿਲਾਫ਼ ਮੁਹਿੰਮ ਸ਼ੁਰੂ ਹੋਈ ਤਾਂ ਬਹੁਤ ਸਾਰੇ ਮੁਸਲਿਮ ਰਾਜਨੇਤਾਵਾਂ, ਜੋ ਆਪਣੇ ਆਪ ਨੂੰ ਮੁਸਲਮਾਨਾਂ ਦੇ ਰਹਿਨੁਮਾਵਾਂ ਵਜੋਂ ਪੇਸ਼ ਕਰਦੇ ਹਨ, ਵਲੋਂ ਇਸ ਦਾ ਵਿਰੋਧ ਸ਼ੁਰੂ ਹੋ ਗਿਆ। ਵੱਖ-ਵੱਖ ਮੀਡੀਆ ਚਰਚਾਵਾਂ ਅਤੇ ਬਹਿਸ ਮੁਬਾਹਸਿਆਂ ਵਿੱਚੋਂ ਇਨ੍ਹਾਂ ਆਗੂਆਂ ਵਲੋਂ ਤੀਹਰੇ ਤਲਾਕ ਖਿਲਾਫ਼ ਲੜਾਈ ਸ਼ੁਰੂ ਕਰਨ ਲਈ ਸਰਕਾਰ ਨੂੰ ਢੁੱਕਵਾਂ ਜਵਾਬ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਭਾਵੇਂ ਕਿ ਇਨ੍ਹਾਂ ਚਰਚਾਵਾਂ ਵਿੱਚ ਬਹੁਤ ਸਾਰੇ ਮੁਲਾਣੇ ਤੇ ਉਲੇਮਾ ਸ਼ਾਮਲ ਹੁੰਦੇ ਹਨ, ਪਰ ਇਕ ਵੀ ਔਰਤ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਮੌਜੂਦਾ ਸਦੀ ਵਿੱਚ ਵੀ ਉਹ (ਸਵੈ-ਥਾਪੇ ਮੁਸਲਿਮ ਆਗੂ) ਚਾਹੁੰਦੇ ਸਨ ਕਿ ਮੁਸਲਮਾਨ ਔਰਤਾਂ ਮੱਧ ਯੁਗੀ ਰਵਾਇਤਾਂ ਅਤੇ ਪ੍ਰਥਾਵਾਂ ਦੀ ਪਾਲਣਾ ਕਰਨ। ਅਜਿਹੇ ਰਾਜਨੀਤਕ ਲੋਕ ਬਹੁਤ ਬੇਸ਼ਰਮੀ ਨਾਲ ਸਰਕਾਰ ਦੇ ਅਗਾਂਹਵਧੂ ਰਵੱਈਏ ਦਾ ਵਿਰੋਧ ਕਰ ਰਹੇ ਸਨ।



ਉਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਤੀਹਰੇ ਤਲਾਕ ਦੀ ਹਮਾਇਤ ਕਰਨ ਅਤੇ ਗਊ-ਮਾਸ ਖਾਣ ਲਈ ਸਰਕਾਰ ਨਾਲ ਲੜਨ ਤੋਂ ਇਲਾਵਾ ਉਹ ਹੋਰ ਕੀ ਜਾਣਦੇ ਹਨ? ਜਦੋਂ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਸੁਣਵਾਈ ਅਧੀਨ ਸੀ ਤਾਂ

ਮੈਨੂੰ ਮੁਸਲਿਮ ਪ੍ਰਸਨਲ ਲਾਅ ਬੋਰਡ ਦੇ ਬਹੁਤ ਸਾਰੇ ਮੈਂਬਰਾਂ ਨੂੰ ਮਿਲਣ ਦਾ ਮੌਕਾ ਮਿਲਿਆ। ਮੈਂ ਉਨ੍ਹਾਂ ਨੂੰ ਕੁੱਝ ਸਵਾਲ ਪੁੱਛੇ। ਪਹਿਲਾ – ਤੀਹਰੇ ਤਲਾਕ ਵਿੱਚ ਬਦਲਾਅ ਤੁਹਾਡੀਆਂ ਧੀਆਂ ਅਤੇ ਔਰਤਾਂ ਨੂੰ ਸ਼ਕਤੀ ਪ੍ਰਦਾਨ ਕਰੇਗਾ, ਇਸ ਵਿੱਚੋਂ ਕਿਸੇ ਹਿੰਦੂ ਨੇ ਕੀ ਲੈਣਾ-ਦੇਣਾ ਹੈ?

ਦੂਜਾ – ਜੇ ਸਾਰੇ ਮੁਸਲਮਾਨ ਮੁਲਕਾਂ ਵਲੋਂ ਤੀਹਰੇ ਤਲਾਕ ਨੂੰ ਖਤਮ ਕਰਨ ਨਾਲ ਇਸਲਾਮ ਦੀ ਉਲੰਘਣਾ ਨਹੀਂ ਹੋਈ ਤਾਂ ਤੁਸੀਂ ਇਸ ਤਰ੍ਹਾਂ ਕਿਉਂ ਸੋਚਦੇ ਹੋ ਕਿ ਭਾਰਤ ਵਿੱਚ ਅਜਿਹੀ ਵੇਲਾ ਵਿਹਾਅ ਚੁੱਕੀ ਅਤੇ ਭਿਆਨਕ ਪ੍ਰਥਾ ਉੱਤੇ ਪਾਬੰਦੀ ਲਾਉਣ ਨਾਲ ਇਸਲਾਮ ਕਿਵੇਂ ਖ਼ਤਰੇ ਹੇਠ ਆ ਜਾਵੇਗਾ ਜਾਂ ਇਹ ਮੁਸਲਮਾਨਾਂ ਦੇ ਹੱਕ ਖੋਹ ਲਵੇਗਾ? ਇਨ੍ਹਾਂ ਵਿਅਕਤੀਆਂ ਕੋਲ ਮੇਰੇ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਜੇ ਇਹ ਭਾਈਚਾਰਾ ਹਾਲੇ ਵੀ ਹਨ੍ਹੇਰੇ ਯੁਗ ਵਿੱਚ ਰਹਿ ਰਿਹਾ ਹੈ ਤਾਂ ਇਹ ਸਿਰਫ ਤੇ ਸਿਰਫ ਅਜਿਹੇ ਤਥਾ-ਕਥਿਤ ਮੁਸਲਮਾਨ ਆਗੂਆਂ ਕਰਕੇ ਹੀ ਹੈ।

ਮਹੱਤਵਪੂਰਨ ਗੱਲ ਇਹ ਹੈ ਕਿ ਤੀਹਰੇ ਤਲਾਕ ਲਈ ਨਾ ਤਾਂ ਕੁਰਾਨ ਅਤੇ ਨਾ ਹੀ ਹਦੀਸ ਵਿੱਚ ਕੋਈ ਪ੍ਰਾਵਧਾਨ ਹੈ। ਫਿਰ ਵੀ, ਇਕ ਥਾਂ ਉਤੇ ਕੁਰਾਨ ਵਿੱਚ ਇਹ ਸਪੱਸ਼ਟ ਤੌਰ ਤੇ ਬਿਆਨ ਕੀਤਾ ਗਿਆ ਹੈ ਕਿ ਅੱਲਾ ਵਲੋਂ ਨਾਪਸੰਦ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਚੀਜ਼ਾਂ ਵਿੱਚੋਂ ਤਲਾਕ ਸਭ ਤੋਂ ਪਹਿਲੇ ਨੰਬਰ ਉੱਤੇ ਆਉਂਦਾ ਹੈ। ਨਾ ਹੀ ਰਸੂਲ ਅਤੇ ਨਾ ਹੀ ਨਬੀ ਵਲੋਂ ਆਪਣੀਆਂ ਪਤਨੀਆਂ ਨੂੰ ਤਲਾਕ ਦਿੱਤੇ ਗਏ। ਹਾਂ, ਜਦੋਂ ਕਿਸੇ ਮੁੱਦੇ ਉਤੇ ਉਨ੍ਹਾਂ ਵਿੱਚ ਵਿਚਾਰਾਂ ਦਾ ਵਖਰੇਵਾਂ ਖੜ੍ਹਾ ਹੋ ਜਾਂਦਾ ਸੀ ਤਾਂ, ਉਹ ਆਪਣੀਆਂ ਪਤਨੀਆਂ ਨੂੰ ਇਕ ਵੱਖਰੀ ਥਾਂ ਉਤੇ ਭੇਜ ਦਿੰਦੇ ਸਨ, ਜਿਥੇ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੀ ਪੂਰੀ ਦੇਖਭਾਲ ਕੀਤੀ ਜਾਂਦੀ ਸੀ।

ਵਿਆਹ, ਤਲਾਕ ਅਤੇ ਗੁਜ਼ਾਰਾ ਭੱਤਾ ਲਈ ਠੋਸ ਪ੍ਰਾਵਧਾਨ ਦੀ ਅਣਹੋਂਦ ਵਿੱਚ ਜ਼ਿਆਦਾਤਰ ਮੁਸਲਮਾਨ ਔਰਤਾਂ ਨਰਕ ਭਰੀ ਜ਼ਿੰਦਗੀ ਗੁਜ਼ਾਰਦੀਆਂ ਹਨ। ਬੇਸ਼ੱਕ, ਮੁਸਲਮਾਨ ਸਮਾਜ ਦਾ ਆਪਣੀਆਂ ਔਰਤਾਂ ਪ੍ਰਤੀ ਰਵੱਈਆ ਵਿਤਕਰੇ ਵਾਲਾ ਰਿਹਾ ਹੈ। ਪਰ ਹੁਣ ਹਾਲਾਤ ਯਕੀਨੀ ਤੌਰ ਤੇ ਬਦਲਣਗੇ। ਭਾਵੇਂ ਕਿ ਜ਼ਿਆਦਾਤਰ ਮੁਸਲਮਾਨ ਪੁਰਸ਼ ਤੀਹਰੇ ਤਲਾਕ ਦੇ ਹੱਕ ਵਿੱਚ ਸਨ, ਔਰਤਾਂ ਮੁਕੰਮਲ ਤੌਰ ਤੇ ਇਸ ਦੇ ਖਿਲਾਫ਼ ਖਲੋ ਗਈਆਂ।

ਭਾਰਤੀ ਮੁਸਲਿਮ ਮਹਿਲਾ ਅੰਦੋਲਨ (ਬੀ ਐੱਮ ਐੱਮ ਏ) ਵਲੋਂ ਕਰਵਾਏ ਇਕ ਸਰਵੇਖਣ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਭਾਰਤ ਦੀਆਂ 92 ਪ੍ਰਤਿਸ਼ਤ ਮੁਸਲਿਮ ਔਰਤਾਂ ਜ਼ੁਬਾਨੀ ਅਤੇ ਫੌਰੀ ਤਲਾਕ ਨੂੰ ਖਤਮ ਕਰਨ ਲਈ ਸਿਰਤੋੜ ਯਤਨ ਕਰ ਰਹੀਆਂ ਹਨ। ਸਰਵੋਚ ਅਦਾਲਤ ਦੇ ਇਸ ਇਤਿਹਾਸਕ ਫੈਸਲੇ ਤੋਂ ਬਾਅਦ ਉਨ੍ਹਾਂ (ਮੁਸਲਮਾਨ ਔਰਤਾਂ) ਦੀ ਇੱਛਾ ਯਕੀਨਨ ਪੂਰੀ ਹੋਈ ਹੈ, ਪਰ ਉਨ੍ਹਾਂ ਨੂੰ ਹਾਲੇ ਵੀ ਇਸ ਸੰਬੰਧੀ ਠੋਸ ਕਾਨੂੰਨ ਬਣਨ ਦਾ ਇੰਤਜ਼ਾਰ ਕਰਨਾ ਪਵੇਗਾ।

ਹੁਣ, ਸੁਪਰੀਮ ਕੋਰਟ ਦੇ ਹੁਕਮਾਂ ਦੀ ਪਲਾਣਾ ਕਰਦਿਆਂ, ਉਨ੍ਹਾਂ ਦੇ ਹੱਕ ਸੁਰੱਖਿਅਤ ਕਰਨ ਲਈ ਸਰਕਾਰ ਨੂੰ ਇਕ ਕਾਨੂੰਨ ਬਣਾਉਣਾ ਹੋਵੇਗਾ, ਇਕ ਅਜਿਹਾ ਕਾਨੂੰਨ ਜਿਸ ਦਾ ਨਤੀਜਾ ਜ਼ਿੰਦਗੀ ਬੇਹਤਰ ਕਰਨ ਦੇ ਰੂਪ ਵਿੱਚ ਨਿਕਲੇਗਾ ਅਤੇ ਛੇ ਮਹੀਨਿਆਂ ਦੀ ਉਡੀਕ ਕਿਉਂ ਕੀਤੀ ਜਾਵੇ? ਸਰਕਾਰ ਨੂੰ ਆਉਣ ਵਾਲੇ ਸੰਸਦ ਦੇ ਸਰਦ ਰੁੱਤ ਇਜਲਾਸ, ਜੋ ਨਵੰਬਰ ਵਿੱਚ ਸ਼ੁਰੂ ਹੋ ਰਿਹਾ ਹੈ, ਇਸ ਗੱਲ ਨੂੰ ਪ੍ਰਮਾਣਿਤ ਕਰਨ ਲਈ ਇਕ ਬਿੱਲ ਪਾਸ ਕਰਨਾ ਚਾਹੀਦਾ ਹੈ ਕਿ ਮੋਦੀ ਸਰਕਾਰ ਔਰਤਾਂ ਨੂੰ ਬਰਾਬਰੀ ਦਾ ਰੁਤਬਾ ਅਤੇ ਹੱਕ ਪ੍ਰਦਾਨ ਕਰਨ ਲਈ ਦ੍ਰਿੜ੍ਹ ਸੰਕਲਪ ਰੱਖਦੀ ਹੈ।

*(ਲੇਖਕ ਰਾਜ ਸਭਾ ਦਾ ਮੈਂਬਰ ਅਤੇ ਹਿੰਦੁਸਤਾਨ ਸਮਾਚਾਰ ਖ਼ਬਰ ਏਜੰਸੀ ਦਾ ਚੇਅਰਮੈਨ ਹੈ।)*

*e-mail :rkishore.sinha@sansad.nic.in*

**ਯੋਜਨਾ (ਪੰਜਾਬੀ)**

***ਦਾ ਅਗਲਾ***

***ਅੰਕ***

- **ਅਕਤੂਬਰ 2017 – *ਇਹ ਅੰਕ ਛੋਟੇ ਅਤੇ ਦਰਮਿਆਨੇ ਉਦਯੋਗ ਉੱਤੇ ਕੇਂਦਰਿਤ* ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**

**(Advertisement & Circulation )**

**Publications Division, Ministry of Information and Broadcasting**

**Room No. 48-53, Soochna Bhawan, C.G.O. Complex,**

**Lodhi Road,New Delhi-110003. (Tel.011-24367260)**

***email-pdjucir@gmail.com***

# ਨਵੇਂ ਭਾਰਤ ਲਈ ਨਵੀਨਤਾ ਨਿਰਦੇਸ਼ਤ ਸੁਧਾਰ

ਉੱਨਤ ਪੰਡਿਤ

ਸਿਰਫ ਸਰਕਾਰ ਅਤੇ ਸਰਕਾਰ ਦੀਆਂ ਪਹਿਲਕਦਮੀਆਂ ਹੀ ਨਵਾਂ ਭਾਰਤ ਨਹੀਂ ਬਣਾਉਣਗੀਆਂ, ਭਾਰਤ ਦੇ ਹਰ ਸ਼ਹਿਰੀ ਨੂੰ ਤਬਦੀਲੀ ਲਈ ਜ਼ੋਰ ਲਗਾਉਣਾ ਪਵੇਗਾ - ਸ਼੍ਰੀ ਨਰੇਂਦਰ ਮੋਦੀ , ਭਾਰਤ ਦੇ ਪ੍ਰਧਾਨ ਮੰਤਰੀ

ਭਾਰਤ 2022 ਵਿੱਚ ਆਪਣੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾ ਰਿਹਾ ਹੈ ਅਤੇ ਉਸ ਨੂੰ ਨਵੀਂ ਤਾਕਤ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਅਤੇ ਹੁਣ ਕਾਇਆ ਪਲਟ ਕੇ ਨਵਾਂ ਭਾਰਤ ਤਿਆਰ ਕਰਨ ਦਾ ਸਮਾਂ ਆ ਗਿਆ ਹੈ।

'ਨਿਊ ਇੰਡੀਆ' (ਨਵਾਂ ਭਾਰਤ) ਜੋ ਕਿ ਪ੍ਰੇਰਿਤ ਕਰਦਾ ਹੈ, ਉਤਸ਼ਾਹਿਤ ਕਰਦਾ ਹੈ ਅਤੇ ਪ੍ਰਸ਼ਾਸਨ ਵਿੱਚ ਵਿਘਨ ਪਾਉਂਦਾ ਹੈ, ਸਰਕਾਰ ਨਾਲ ਭਾਈਵਾਲ ਬਣਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਦੇਸ਼ ਵਿੱਚ ਸਮੁੱਚੇ ਵਿਕਾਸ ਉੱਤੇ ਜ਼ੋਰ ਦਿੰਦਾ ਹੈ। "ਦੇਸ਼ ਦੇ ਵਿਕਾਸ ਦੀ ਯਾਤਰਾ ਵਿੱਚ ਹਰ ਨਾਗਰਿਕ ਨੂੰ ਕੁਝ ਨਾ ਕੁਝ ਕਰਨਾ ਪਵੇਗਾ।"- ਪ੍ਰਧਾਨ ਮੰਤਰੀ


ਨਵਾਂ ਭਾਰਤ ਜੋ ਕਿ ਦੇਸ਼ ਨਾਲ ਸਹਿਯੋਗ ਕਰਕੇ ਉਸ ਦੀ ਸੇਵਾ ਕਰਨ ਦਾ ਮੌਕਾ ਦਿੰਦਾ ਹੈ। ਉਸ ਨਵੇਂ ਭਾਰਤ ਨੂੰ ਬਣਾਉਣ ਦੀ ਪਹਿਲਕਦਮੀ ਵਿੱਚ ਅਸਲ ਆਜ਼ਾਦੀ, ਏਕਤਾ ਅਤੇ ਸੰਪੂਰਨਤਾ ਪ੍ਰਦਾਨ ਕਰਨ ਦਾ ਇਕ ਸ਼ਾਨਦਾਰ ਮੌਕਾ ਹੈ।

ਕੇਂਦਰ ਸਰਕਾਰ ਦੀ ਨੀਤੀ ਘੜਨ ਵਾਲੀ ਸੰਸਥਾ 'ਨੀਤੀ ਆਯੋਗ' ਵਿੱਚ ਸਰਵਉੱਚ ਅਧਿਕਾਰੀਆਂ ਨੇ ਪਹਿਲੀ ਪਹਿਲਕਦਮੀ 'ਕਾਇਆਪਲਟ ਦੇ ਚੈਂਪੀਅਨਜ਼' ਰਾਹੀਂ ਇਸ ਨੂੰ ਇਕ ਸਚਾਈ ਬਣਾਇਆ ਹੈ - ਵੱਖ-ਵੱਖ ਸੱਨਅਤਾਂ ਤੋਂ ਉੱਦਮੀਆਂ ਨੂੰ ਸਰਕਾਰ ਨਾਲ ਸਿੱਧੀ ਗੱਲਬਾਤ ਕਰਨ ਅਤੇ ਨਵੇਂ ਭਾਰਤ ਦੇ ਸੁਪਨੇ ਨੂੰ ਪੂਰਾ ਕਰਨ ਲਈ ਸਿੱਧੀ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਸਰਕਾਰ ਦੀ ਪ੍ਰਮੁੱਖ ਫੈਸਲੇ ਲੈਣ ਵਾਲੀ ਟੀਮ ਨੇ ਉਨ੍ਹਾਂ ਵਲੋਂ ਪੇਸ਼ ਪਰਚਿਆਂ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਵਿੱਚ ਜੋ ਨੁਕਤੇ ਰੱਖੇ ਗਏ ਸਨ, ਉਹ ਯਕੀਨੀ ਤੌਰ ਤੇ ਪ੍ਰਭਾਵੀ ਪ੍ਰਸ਼ਾਸਨ ਨੂੰ ਲਾਭ ਪਹੁੰਚਾਉਣਗੇ ਅਤੇ ਨਾਲ ਹੀ ਨੀਤੀ ਘੜਨ ਵਿੱਚ ਸਹਾਈ ਹੋਣਗੇ। ਉਹ ਇਸ ਨਾਲ ਮੁੱਦਿਆਂ/ਚੁਨੌਤੀਆਂ ਜੋ ਕਿ ਇਸ ਸੋਧ ਅਮਲ ਵਿੱਚ ਸਾਹਮਣੇ ਆਉਣੀਆਂ ਹਨ, ਉਨ੍ਹਾਂ ਦਾ ਸਮੁੱਚਾ ਦ੍ਰਿਸ਼ ਸਾਹਮਣੇ ਰੱਖਣਗੇ। ਇਸ ਪਹਿਲਕਦਮੀ ਦਾ ਉਦੇਸ਼ ਅਜਿਹੇ ਹੋਰ ਉਸਾਰੂ ਅਤੇ ਖੋਜ ਭਰਪੂਰ ਤਕਨਾਲੋਜੀ ਪਲੇਟਫਾਰਮ ਕਾਇਮ ਕਰਨ ਵਿੱਚ ਮਦਦ ਕਰਨਾ ਹੈ ਅਤੇ ਦੇਸ਼ ਦੇ ਨੌਜਵਾਨਾਂ ਦੇ ਉਸਾਰੂਪਨ, ਚਾਹਤ ਅਤੇ ਸੋਚ ਨੂੰ ਇਸ ਹਿਸਾਬ ਨਾਲ ਢਾਲਣਾ ਹੈ ਤਾਂ ਕਿ ਉਹ ਆਪਣੀ ਇੱਛਾ ਅਨੁਸਾਰ ਨਵੇਂ ਭਾਰਤ ਦਾ ਸੁਪਨਾ ਪੂਰਾ ਕਰ ਸਕਣ।

### ਪ੍ਰਸ਼ਾਸਨ ਦੇ ਮਾਡਲ ਵਿੱਚ ਵਿਘਨ ਪਾਉਣਾ

ਸਰਕਾਰ ਨੇ ਦੇਸ਼ ਵਿੱਚ ਪਵਿੱਤਰ ਅਤੇ ਸਮਾਜਿਕ ਵਿਕਾਸ ਲਈ ਇਕ ਪਹਿਲਕਦਮੀ ਹੱਥ ਵਿੱਚ ਲਈ ਹੈ। ਦੇਸ਼ ਦੇ ਸਾਰੇ ਸ਼ਹਿਰੀਆਂ ਲਈ ਪ੍ਰਸ਼ਾਸਨ ਨੂੰ ਪ੍ਰਭਾਵੀ ਬਣਾਉਣ ਲਈ ਸਰਕਾਰ ਵਲੋਂ ਕਈ ਸੁਧਾਰ ਕੀਤੇ ਗਏ ਹਨ ਜਿਵੇਂ ਕਿ 1200 ਅਜਿਹੇ ਪੁਰਾਣੇ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਜੋ ਕਿ ਪ੍ਰਭਾਵ-ਰਹਿਤ ਹੋ ਗਏ ਸਨ, ਪਰ ਫਿਰ ਵੀ ਲਾਗੂ ਸਨ, ਪ੍ਰਧਾਨ ਮੰਤਰੀ ਜਨ ਧਨ ਯੋਜਨਾ (ਪੀ ਐੱਮ ਜੇ ਡੀ-ਵਾਈ) ਰਾਹੀਂ ਬੈਂਕਿੰਗ ਅਤੇ ਵਿੱਤੀ ਖੇਤਰ ਦੀ ਪਹੁੰਚ ਸਮਾਜ ਦੇ ਆਖਰੀ ਆਦਮੀ ਤੱਕ ਲਿਜਾਉਣਾ, ਪ੍ਰਸ਼ਾਸਨ ਦੇ ਢੰਗਾਂ ਦੇ ਪੁਰਾਣੇ ਢਾਂਚੇ ਨੂੰ ਨਸ਼ਟ ਕਰਨਾ ਅਤੇ ਇਸ ਨੂੰ ਅਜਿਹਾ ਬਣਾਉਣਾ ਕਿ ਪਾਰਦਰਸ਼ਤਾ ਨਜ਼ਰ ਆਵੇ, ਭਾਈਵਾਲਾਂ ਨੂੰ ਸਰਕਾਰ ਦੀ ਈ-ਮਾਰਕੀਟ ਪਲੇਸ (ਜੀ ਈ ਐੱਮ) ਰਾਹੀਂ ਵਪਾਰ ਕਰਨ ਲਈ ਪ੍ਰੇਰਿਤ ਕਰਨਾ, ਸ਼ਾਮਲ ਹਨ। ਚੰਗੇ ਪ੍ਰਸ਼ਾਸਨ ਨੇ ਵਿਕਾਸ ਲਈ ਊਰਜਾ ਪ੍ਰਦਾਨ ਕੀਤੀ






ਹੈ ਅਤੇ ਸਾਰੇ ਸੂਬਿਆਂ ਨੂੰ ਸਕਾਰਾਤਮਕ ਊਰਜਾ ਮੁਹੱਈਆ ਕਰਵਾਈ ਹੈ। ਸੂਬਿਆਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਸਮਾਜ ਦੀ ਸੇਵਾ ਲਈ ਆਪਣਾ ਸਭ ਤੋਂ ਵਧੀਆ ਯੋਗਦਾਨ ਦੇਣ। ਲਿੰਗਕ ਸਮਾਨਤਾ, ਖੇਤੀ ਵਿਕਾਸ, ਮੌਸਮ ਤਬਦੀਲੀ, ਨਵਿਆਉਣਯੋਗ ਊਰਜਾ, ਸੰਚਾਰ, ਵਿੱਤੀ ਖੇਤਰ ਵਿੱਚ ਡਿਜੀਟਲ ਤਬਦੀਲੀ ਅਤੇ ਹੋਰ ਕਈ ਕੰਮ ਨਵੇਂ ਭਾਰਤ ਦੇ ਨਿਰਮਾਣ ਲਈ ਲਾਜ਼ਮੀ ਹੋ ਗਏ ਹਨ। ਨਵਾਂ ਭਾਰਤ, ਜੋ ਕਿ ਨੌਜਵਾਨਾਂ ਦੇ ਸੁਪਨਿਆਂ ਅਤੇ ਖਾਹਿਸ਼ਾਂ ਨੂੰ ਪੂਰਾ ਕਰ ਰਿਹਾ ਹੈ। ਭਾਰਤ ਦਾ ਉਦੇਸ਼ 'ਇਕ ਮਿਲੀਅਨ ਬੱਚਿਆਂ ਅਤੇ ਨੌਜਵਾਨਾਂ ਨੂੰ ਕੱਲ੍ਹ ਦੇ ਖੋਜੀਆਂ ਵਜੋਂ ਤਿਆਰ ਕਰਨਾ' ਹੈ। ਖੋਜ ਨਾਲ ਹੀ ਵਿਕਾਸ ਉਸੇ ਭਾਵਨਾ ਵਿੱਚ ਸੰਭਵ ਹੈ ਜਿਵੇਂ ਕਿ ਮਹਾਤਮਾ ਗਾਂਧੀ ਨੇ ਆਜ਼ਾਦੀ ਦੀ ਜੰਗ ਵਿੱਚ ਵਿਖਾਈ ਸੀ। ਉਨ੍ਹਾਂ ਨੇ ਦੇਸ਼ ਲਈ ਕੰਮ ਕਰਨ ਵਾਲੇ ਹਰ ਵਿਅਕਤੀ ਨੂੰ ਵਿਸ਼ੇਸ਼ ਮਹਿਸੂਸ ਕਰਵਾਇਆ ਸੀ। ਉਨ੍ਹਾਂ ਆਜ਼ਾਦੀ ਦੀ ਜੰਗ ਨੂੰ ਇਕ ਸਮੂਹਿਕ ਅੰਦੋਲਨ ਵਿੱਚ ਤਬਦੀਲ ਕਰ ਦਿੱਤਾ ਸੀ ਅਤੇ ਇਸ ਦੇ ਨਤੀਜੇ ਵੇਖੇ ਸਨ। ਇਸੇ ਤਰ੍ਹਾਂ ਸਾਨੂੰ ਭਾਰਤ ਦੇ ਵਿਕਾਸ ਨੂੰ ਇਕ ਜਨ ਅੰਦੋਲਨ ਬਣਾਉਣਾ ਚਾਹੀਦਾ ਹੈ। ਜਦੋਂ ਅਸੀਂ ਮਿਲ ਕੇ ਕੰਮ ਕਰਦੇ ਹਾਂ ਤਾਂ ਅਸੀਂ ਦੇਸ਼ ਸਾਹਮਣੇ ਮੌਜੂਦ ਹਰ ਮਸਲੇ ਦਾ ਹੱਲ ਕੱਢ ਸਕਦੇ ਹਾਂ। ਇਕ ਸਮਾਜ ਦੇ ਰੂਪ ਵਿੱਚ ਅਸੀਂ ਨਵਾਂ ਭਾਰਤ ਬਣਾਉਣ ਦੇ ਰਾਹ ਵਿੱਚ ਆ ਰਹੀਆਂ ਚੁਨੌਤੀਆਂ ਨਾਲ ਨਜਿੱਠਣ ਲਈ ਆਪਣੀ ਤਾਕਤ ਲਗਾਉਣ ਲਈ ਜ਼ਿੰਮੇਵਾਰ ਹਾਂ। ਸਰਕਾਰ ਦੀਆਂ ਪ੍ਰਮੁੱਖ ਪਹਿਲਕਦਮੀਆਂ ਜਿਵੇਂ ਕਿ ਅਟਲ ਇਨੋਵੇਸ਼ਨ ਮਿਸ਼ਨ, ਨੈਸ਼ਨਲ ਆਈ ਪੀ ਆਰ ਪਾਲਿਸੀ, ਸਟਾਰਟ ਅੱਪ ਇੰਡੀਆ, ਮੇਕ ਇਨ ਇੰਡੀਆ, ਨੀਤੀ ਆਯੋਗ ਦੀ ਤਬਦੀਲੀ ਦੇ ਚੈਂਪੀਅਨ ਅਤੇ ਡਿਜੀਟਲ ਆਰਥਿਕਤਾ ਵਿਕਾਸ ਵਿੱਚ ਤੇਜ਼ੀ ਲਿਆਉਣਗੇ।

## ਅਟੱਲ ਇਨੋਵੇਸ਼ਨ ਮਿਸ਼ਨ (ਏ ਆਈ ਐੱਮ)

ਇਹ ਮਿਸ਼ਨ ਸਾਡੇ ਦੇਸ਼ ਦੇ ਵਿਕਾਸ ਵਿੱਚ ਖੋਜ, ਉੱਦਮਤਾ, ਵਿੱਦਿਅਕ ਪ੍ਰਣਾਲੀ ਵਿੱਚ ਵਿਘਨ ਨੂੰ ਖਤਮ ਕਰਨ ਲਈ ਸਥਾਪਿਤ ਕੀਤਾ ਗਿਆ ਹੈ। "ਬੱਚਿਆਂ ਨੂੰ ਇਹ ਸਿਖਾਇਆ ਜਾਣਾ ਚਾਹੀਦਾ ਹੈ ਕਿ ਕਿਵੇਂ ਸੋਚਣਾ ਹੈ ਅਤੇ ਕੀ ਸੋਚਣਾ ਹੈ, ਪਰ ਅਸੀਂ ਉਨ੍ਹਾਂ ਨੂੰ ਇਹ ਪ੍ਰੇਰਿਤ ਕਰਕੇ ਗੱਲ ਖਤਮ ਕਰ ਦਿੰਦੇ ਹਾਂ ਕਿ 'ਸੁਚੇਤ ਰਹੋ, ਬਾਹਰ ਨਾ ਜਾਓ, ਗੱਲ ਨਾ ਕਰੋ, ਇਸ ਉਤੇ ਨਾ ਚੜ੍ਹੋ, ਆਪਣੇ ਆਪ ਨੂੰ ਗੰਦਾ ਨਾ ਕਰੋ, ਇਹ ਨਾ ਕਰੋ, ਉਹ ਨਾ ਕਰੋ ਆਦਿ' ਅਤੇ ਸੂਚੀ ਲੰਬੀ ਹੁੰਦੀ ਜਾਂਦੀ ਹੈ।" ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਇਹ ਹਦਾਇਤਾਂ ਸਾਡੇ ਆਪਣੇ ਤਜਰਬਿਆਂ ਉਤੇ ਆਧਾਰਿਤ ਹੁੰਦੀਆਂ ਹਨ। ਇਸ ਨਾਲ ਹੀ ਬੱਚਿਆਂ ਦੀ ਸੋਚ ਪ੍ਰਭਾਵਿਤ ਹੁੰਦੀ ਹੈ ਜਿਸ ਨਾਲ ਉਨ੍ਹਾਂ ਵਿੱਚ ਡਰ, ਤਰਫਦਾਰੀ,ਚਾਹਤ ਅਤੇ ਭਰੋਸਾ ਰਹਿਤ ਵਤੀਰੇ ਦੀ ਭਾਵਨਾ ਪੈਦਾ ਹੁੰਦੀ ਹੈ। ਨਤੀਜਾ ਇਹ ਨਿਕਲਦਾ ਹੈ ਕਿ ਬੱਚਾ ਬਹੁਤ ਥੋੜ੍ਹੇ ਮਿੱਤਰ ਬਣਾਉਣ ਲਗਦਾ ਹੈ, ਬਹੁਤ ਥੋੜ੍ਹੇ ਸਮਾਜਿਕ ਗਰੁੱਪਾਂ ਵਿੱਚ ਸ਼ਾਮਲ ਹੁੰਦਾ ਹੈ ਅਤੇ ਘੱਟ ਹੀ ਕਿਤਾਬਾਂ ਪੜ੍ਹਦਾ ਹੈ। ਅਜਿਹਾ ਬੱਚਾ ਪ੍ਰੇਰਨਾ ਅਤੇ ਉਤਸ਼ਾਹ ਤੋਂ ਘੱਟ ਪ੍ਰੇਰਿਤ ਹੋਣ ਵਾਲਾ ਹੈ ਅਤੇ ਉਹ ਘੱਟ ਪ੍ਰੇਰਿਤ ਬੱਚਾ ਬਣ ਸਕਦਾ ਹੈ।

## ਖੋਜ ਹੀ ਜ਼ਿੰਦਗੀ ਹੈ ਜਿਥੇ ਖੋਜ ਨਹੀਂ ਉਥੇ ਖੜੋਤ ਹੈ- ਪ੍ਰਧਾਨ ਮੰਤਰੀ

ਇਨ੍ਹਾਂ ਪਾਬੰਦੀਆਂ ਨੂੰ ਥੋਪ ਕੇ ਅਸੀਂ ਬਾਲਗ ਆਮ ਤੌਰ ਤੇ ਭੁੱਲ ਜਾਂਦੇ ਹਾਂ ਕਿ ਅਸੀਂ ਬਚਪਨ ਵਿੱਚ ਜੋ ਪਾਠ ਪੜ੍ਹੇ ਸਨ, ਉਹ ਤਜਰਬੇ ਅਤੇ ਬਚਾਅ ਉਤੇ ਆਧਾਰਿਤ ਸਨ।



ਮਹਾਨ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਅੰਦਰ ਮੌਜੂਦ ਮੁਹਾਰਤ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਤਿੰਨ ਜ਼ਰੂਰੀ ਸੁਝਾਅ ਦਿੰਦੇ ਹਨ – (1) ਆਲੋਚਨਾਤਕ ਸੋਚ ਸ਼ਕਤੀ, (2) ਸੁਰੱਖਿਆ ਦੀ ਭਾਵਨਾ ਅਤੇ (3) ਹਰ ਸਥਿਤੀ ਵਿੱਚ ਸ਼ਾਂਤ ਬੈਠ ਕੇ ਸੋਚਣ ਦੀ ਯੋਗਤਾ। ਉਨ੍ਹਾਂ ਦੇ ਸ਼ੌਕ ਅਤੇ ਦਿਲਚਸਪੀਆਂ ਨੂੰ ਲਾਂਭੇ ਰੱਖ ਕੇ ਬੱਚਿਆਂ ਨੂੰ ਉਨ੍ਹਾਂ ਦੇ ਮਾਤਾ ਪਿਤਾ ਅਤੇ ਅਧਿਆਪਕਾਂ ਵਲੋਂ ਸਿਖਾਇਆ ਜਾਣਾ ਚਾਹੀਦਾ ਹੈ ਕਿ ਸਹੀ ਚੀਜ਼ ਸੋਚੋ ਅਤੇ ਸਹੀ ਢੰਗ ਨਾਲ ਸੋਚੋ।

"ਆਮ ਤੌਰ ਤੇ ਇਕ ਸਾਧਾਰਨ ਬੱਚਾ ਕਈ ਸੌਖੇ ਅਤੇ ਬੇਵਕੂਫੀ ਭਰੇ ਪ੍ਰਸ਼ਨ ਇਕ ਦਿਨ ਵਿੱਚ ਪੁੱਛਦਾ ਹੈ। ਪਰ ਜਦੋਂ ਇਹ ਬੱਚਾ 10–12 ਸਾਲ ਦੀ ਉਮਰ ਦਾ ਹੁੰਦਾ ਹੈ ਤਾਂ ਉਹ ਸਕੂਲ ਜਾਣ ਦਾ ਆਦੀ ਹੋ ਜਾਂਦਾ ਹੈ ਤਾਂ ਉਹ ਇਹ ਸਮਝਣ ਲਗਦਾ ਹੈ ਕਿ ਸਹੀ ਜਵਾਬ ਹਾਸਿਲ ਕਰਨਾ ਜ਼ਿਆਦਾ ਅਹਿਮ ਹੈ ਨਾ ਕਿ ਸੋਚ ਵਿਚਾਰ ਵਾਲੇ ਸਵਾਲ ਪੁੱਛਣਾ।"

## ਛੋਟੇ ਦਿਮਾਗਾਂ ਵਿੱਚ ਵੱਡੇ ਵਿਚਾਰਾਂ ਨੂੰ ਪਾਲਣਾ

ਹੱਥਾਂ ਨਾਲ ਖਦਾਨਾਂ ਵਿੱਚੋਂ ਸਮਾਨ ਕੱਢਣਾ ਅਤੇ ਜੋਖ਼ਿਮ ਭਰੇ ਖੇਤਰਾਂ ਦੀ ਇੰਚ-ਇੰਚ ਕਰਕੇ ਜਾਂਚ ਕਰਨਾ ਬਹੁਤ ਹੌਲੀ ਚੱਲਣ ਵਾਲਾ ਕੰਮ ਹੈ। ਇਹ ਬਹੁਤ ਮੁਸ਼ਕਿਲ, ਖ਼ਤਰਨਾਕ ਅਤੇ ਮਿਹਨਤ ਲਗਾਊ ਕੰਮ ਹੈ ਜੋ ਜ਼ਮੀਨ ਖਾਨਾਂ ਵਾਲੀ ਹੁੰਦੀ ਹੈ ਉਸ ਵਿੱਚ ਫ਼ਸਲ ਉਗਾਉਣ ਦੀ ਮਨਾਹੀ ਹੋਣੀ ਚਾਹੀਦੀ ਹੈ ਅਤੇ ਮੈਟਲ ਡਿਟੈਕਟਰਾਂ ਨਾਲ ਹੀ ਉਸ ਦੀ ਖੋਜ ਹੋਣੀ ਚਾਹੀਦੀ ਹੈ। ਜਦੋਂ ਕੋਈ ਸੰਭਾਵਤ ਖ਼ਤਰਨਾਕ ਚੀਜ਼ ਨਜ਼ਰ ਆਵੇ ਤਾਂ ਉਸ ਨੂੰ ਬੜੇ ਧਿਆਨ ਨਾਲ ਜ਼ਮੀਨ ਤੋਂ ਬਾਹਰ ਲਿਆਉਣਾ ਚਾਹੀਦਾ ਹੈ ਅਤੇ ਉਸ ਨੂੰ ਖ਼ਤਰਾ-ਰਹਿਤ ਕਰਨਾ ਚਾਹੀਦਾ ਹੈ।

ਸਰਕਾਰੀ ਹਾਈ ਸੈਕੰਡਰੀ ਸਕੂਲ ਹੱਥਬੰਦ, ਛੱਤੀਸਗੜ੍ਹ ਦੇ ਵਿਦਿਆਰਣੀਆਂ ਨੂੰ ਸਿਖਾਇਆ ਗਿਆ ਕਿ ਉਹ ਆਪਣੀ ਟਾਂਕੇ ਲਗਾਉਣ ਦੀ ਯੋਗਤਾ ਵਿੱਚ ਸੁਧਾਰ ਲਿਆਉਣ। ਉਨ੍ਹਾਂ ਨੇ ਇਸ ਵਿੱਚ ਸੁਧਾਰ ਲਿਆ ਕੇ ਜ਼ਮੀਨੀ ਸੁਰੰਗਾਂ ਲੱਭਣ ਦੀ ਤਕਨਾਲੋਜੀ ਦੀ ਖੋਜ ਕੀਤੀ। ਮਸਲੇ ਦੇ ਹੱਲ ਵਿੱਚ ਸੈਂਸਰ ਤਕਨਾਲੋਜੀ ਦੀ ਵਰਤੋਂ ਕੀਤੀ ਗਈ




ਜਿਸ ਨਾਲ ਕਿਸੇ ਵਸਤੂ ਦੀ ਅਵਾਜ਼ ਦੀਆਂ ਤਰੰਗਾਂ ਦੀ ਫਰੀਕੁਐਂਸੀ ਬਦਲੀ ਜਾਂਦੀ ਹੈ ਤਾਂ ਕਿ ਜੇ ਕਿਤੇ ਜ਼ਮੀਨ ਹੇਠ ਸੁਰੰਗ ਮਿਲੇ ਤਾਂ ਉਥੇ ਅਲਾਰਮ ਵੱਜਣ ਲੱਗ ਪਵੇ। ਇਸ ਔਜ਼ਾਰ ਨੂੰ ਇਕ ਰਿਮੋਟ ਦੀ ਮਦਦ ਨਾਲ ਚਲਾਇਆ ਜਾਂਦਾ ਹੈ ਜੋ ਕਿ ਇਕ ਸਮਾਰਟ ਫ਼ੋਨ ਵਰਗਾ ਹੁੰਦਾ ਹੈ ਜਾਂ ਫਿਰ ਬਲਿਯੂ ਟੂੱਥ ਚਲਾਇਆ ਜਾਂਦਾ ਹੈ ਜੋ ਕਿ ਮੌਜੂਦਾ ਸਿਸਟਮਾਂ ਨਾਲੋਂ ਕਾਫੀ ਤੇਜ਼ ਗਤੀ ਨਾਲ ਕੰਮ ਕਰਦਾ ਹੈ। ਇਸ ਪ੍ਰੋਟੋਟਾਈਪ ਔਜ਼ਾਰ ਵਿੱਚ 9 ਵੋਲਟੇਜ਼ ਦੀ ਬੈਟਰੀ ਲੱਗੀ ਹੁੰਦੀ ਹੈ ਅਤੇ ਇਸ ਨੂੰ 5 ਮਿੰਟ ਤੋਂ ਘੱਟ ਸਮੇਂ ਵਿੱਚ ਤਿਆਰ ਕੀਤਾ ਜਾ ਸਕਦਾ ਹੈ।

ਦੁਨੀਆਂ ਭਰ ਵਿੱਚ ਨੇਤਰਹੀਣ ਲੋਕ ਰਾਹ ਵਿੱਚ ਆਉਣ ਵਾਲੀ ਕਿਸੇ ਰੁਕਾਵਟ ਦਾ ਪਤਾ ਲਗਾਉਣ ਲਈ ਇਕ ਛੜੀ ਦੀ ਵਰਤੋਂ ਕਰਦੇ ਹਨ ਤਾਂ ਕਿ ਕਿਸੇ ਹਾਦਸੇ ਤੋਂ ਬਚਿਆ ਜਾ ਸਕੇ ਪਰ ਇਹ ਹਮੇਸ਼ਾ ਹੀ ਸਹੀ ਸਿੱਧ ਹੋਣ ਵਾਲਾ ਢੰਗ ਨਹੀਂ ਹੈ। ਹਿੱਲਜੁਲ ਉਤੇ ਭਰੋਸਾ ਕਰਨਾ ਹਮੇਸ਼ਾ ਹੀ ਹਾਦਸਿਆਂ ਤੋਂ ਬਚਾਅ ਨਹੀਂ ਕਰ ਸਕਦਾ। ਇਕ ਸਾਦਾ ਪਰ ਪ੍ਰਭਾਵੀ ਤਕਨਾਲੋਜੀ ਉੱਤੇ ਆਧਾਰਿਤ ਹੱਲ ਲੱਭਣ ਦੀ ਲੋੜ ਹੈ ਜਿਸ ਨਾਲ ਕਿ ਨੇਤਰਹੀਣ ਲੋਕਾਂ ਦੀ ਮਦਦ ਹੋ ਸਕੇ ਅਤੇ ਉਨ੍ਹਾਂ ਨੂੰ ਪ੍ਰਭਾਵੀ ਢੰਗ ਨਾਲ ਨਿਰਦੇਸ਼ਿਤ ਕੀਤਾ ਜਾ ਸਕੇ।

ਸਰਕਾਰੀ ਹਾਈ ਸਕੂਲ ਉੱਤਰਾਹਾਲੀ, ਬੰਗਲੂਰੂ ਦੇ ਵਿਦਿਆਰਥੀਆਂ ਨੇ ਨੇਤਰਹੀਣਾਂ ਲਈ ਇਕ ਸਰੀਰ ਉਤੇ ਧਾਰਨ ਕੀਤੇ ਜਾਣ ਵਾਲੇ ਯੰਤਰ ਨੂੰ ਤਿਆਰ ਕੀਤਾ ਜਿਸ ਵਿੱਚ ਕਿ ਅਟੱਲ ਟਿੰਕਰਿੰਗ ਪਲੇਟਫਾਰਮ ਦੀ ਵਰਤੋਂ ਕੀਤੀ ਗਈ। ਇਸ ਵਿੱਚ ਇਕ ਸੈਂਸਰ ਲੱਗਾ ਹੁੰਦਾ ਹੈ ਜੋ ਕਿ ਚੱਲਣ ਵੇਲੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਦਾ ਪਤਾ ਅਲਟਰਾਸੈਨਿਕ ਲਹਿਰਾਂ ਰਾਹੀਂ ਲਗਾ ਲੈਂਦਾ ਹੈ। ਇਹ ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਕੰਪਨ ਅਤੇ ਆਵਾਜ਼ਾਂ ਰਾਹੀਂ ਸੁਚੇਤ ਕਰ ਦਿੰਦਾ ਹੈ ਅਤੇ ਹਾਦਸੇ ਤੋਂ ਬਚਾਅ ਹੋ ਜਾਂਦਾ ਹੈ।

ਏ ਟੀ ਐੱਲ ਦੇ ਵਿਦਿਆਰਥੀ ਨੇਤਰਹੀਣਾਂ ਲਈ ਇਕ ਅਜਿਹਾ ਪ੍ਰਬੰਧ ਕਰਨ ਦੇ ਚਾਹਵਾਨ ਹਨ ਜਿਸ ਨਾਲ ਕਿ ਉਨ੍ਹਾਂ ਦੀ ਚਲਣ-ਫਿਰਨ ਵਿੱਚ ਮਦਦ ਹੋ ਸਕੇ ਅਤੇ ਕੋਈ ਸਾਦਾ ਹੱਲ ਇਸ ਬਾਰੇ ਨਿਕਲ ਸਕੇ।

ਇਸ ਵੇਲੇ ਸਾਰੇ ਦਫ਼ਤਰਾਂ ਅਤੇ ਮਲਟੀਪਲੈਕਸ ਇਮਾਰਤਾਂ ਵਿੱਚ ਬਹੁਤ ਭਾਰੇ ਅੱਗ ਬੁਝਾਊ ਯੰਤਰ ਲੱਗੇ ਹੁੰਦੇ ਹਨ ਜੋ ਕਿ ਸੜਕਾਂ ਤੰਗ ਹੋਣ ਕਾਰਨ ਫਾਇਰ ਬ੍ਰਿਗੇਡ ਦੇ ਸਮੇਂ ਸਿਰ ਨਾ ਪਹੁੰਚਣ ਉੱਤੇ ਵਰਤੇ ਜਾਂਦੇ ਹਨ। ਲੋੜ ਇਸ ਗੱਲ ਦੀ ਹੈ ਕਿ ਇਸ ਸਮੱਸਿਆ ਦੇ ਹੱਲ ਲਈ ਕੋਈ ਘੱਟ ਲਾਗਤ ਵਾਲਾ ਪ੍ਰਬੰਧ ਅਮਲ ਵਿੱਚ ਲਿਆਂਦਾ ਜਾਵੇ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 37-ਬੀ, ਚੰਡੀਗੜ੍ਹ ਦੇ ਵਿਦਿਆਰਥੀਆਂ ਨੇ ਰਿਮੋਟ ਕੰਟਰੋਲ ਸਾਊਂਡ  ਵੇਵ ਆਧਾਰਿਤ ਅੱਗ ਬੁਝਾਊ ਯੰਤਰ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਯੰਤਰ ਉਨ੍ਹਾਂ ਨੇ ਆਪਣੀ ਯੋਗਤਾ ਦੀ ਮਦਦ ਨਾਲ ਅਟੱਲ ਟਿੰਕਰਿੰਗ ਲੈਬ ਵਿੱਚ ਤਿਆਰ ਕੀਤਾ ਹੈ।

ਵਿਦਿਆਰਥੀਆਂ ਨੇ ਇਕ ਰੋਬੋਟ ਤਿਆਰ ਕੀਤਾ ਹੈ ਜੋ ਕਿ ਆਵਾਜ਼ ਦੀ ਤਕਨਾਲੋਜੀ ਦੀ ਮਦਦ ਨਾਲ ਅੱਗ ਬੁਝਾਉਣ ਦਾ ਕੰਮ ਕਰ ਸਕਦਾ ਹੈ। ਇਸ ਰੋਬੋਟ ਨੂੰ ਦੂਰੋਂ ਇਕ ਰਿਮੋਟ ਨਾਲ ਕੰਟਰੋਲ ਕੀਤਾ ਜਾਂਦਾ ਹੈ ਅਤੇ ਇਸ ਦੀ ਮਦਦ ਨਾਲ ਅੱਗ ਬੁਝਾਈ ਜਾ ਸਕਦੀ ਹੈ। ਇਸ ਵਿੱਚ ਅੱਗ ਬੁਝਾਉਣ ਲਈ ਘੱਟ ਫ੍ਰੀਕੁਐਂਸੀ ਵਾਲੀਆਂ ਲਹਿਰਾਂ (40-400 ਹਰਟਜ਼) ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਨਵੀਂ ਤਕਨਾਲੋਜੀ ਵਾਲਾ ਯੰਤਰ ਹਲਕਾ ਹੁੰਦਾ ਹੈ ਅਤੇ ਇਸ ਨੂੰ ਆਸਾਨੀ ਨਾਲ ਕਿਤੇ ਵੀ ਲਿਜਾਇਆ ਜਾ ਸਕਦਾ ਹੈ।

ਗਲੀਆਂ ਵਿੱਚ ਪਾਣੀ ਇਕੱਠਾ ਹੋਣ ਦੀ ਸਮੱਸਿਆ ਕਾਫੀ ਗੰਭੀਰ ਹੁੰਦੀ ਜਾ ਰਹੀ ਹੈ। ਬੈਸਟ ਹਾਈ ਸਕੂਲ, ਅਹਿਮਦਾਬਾਦ ਦੇ ਵਿਦਿਆਰਥੀਆਂ ਨੂੰ ਭਾਰਤੀ ਵਰਖਾ ਦੇ ਦਿਨਾਂ ਵਿੱਚ ਸਕੂਲ ਤੋਂ ਕਈ-ਕਈ ਦਿਨਾਂ ਤੱਕ ਲਾਜ਼ਮੀ ਛੁਟੀਆਂ ਕਰਨੀਆਂ ਪੈਂਦੀਆਂ ਹਨ। ਇਨ੍ਹਾਂ ਦੇ ਸਕੂਲ ਨੂੰ ਜਾਂਦੀਆਂ ਸੜਕਾਂ ਕਾਫੀ ਨੀਵੀਆਂ ਬਣੀਆਂ ਹੋਈਆਂ ਹਨ ਅਤੇ ਵਰਖਾ ਦੇ ਦਿਨਾਂ ਵਿੱਚ ਇਥੇ ਪਾਣੀ ਭਰ ਜਾਂਦਾ ਹੈ। ਕਈ ਵਾਰੀ ਸ਼ਹਿਰੀਆਂ ਲਈ ਆਉਣਾ-ਜਾਣਾ ਮੁਸ਼ਕਿਲ ਹੋ ਜਾਂਦਾ ਸੀ ਅਤੇ ਭੀੜ-ਭੜੱਕਾ ਹੋ ਜਾਂਦਾ ਸੀ।

ਵਿਦਿਆਰਥੀਆਂ ਨੇ ਆਪਣੇ ਅਟੱਲ ਟਿੰਕਰਿੰਗ ਲੈਬ ਦੇ ਤਜਰਬੇ ਨਾਲ ਇਕ ਪ੍ਰੋਟੋਟਾਈਪ ਉੱਤੇ ਕੰਮ ਕੀਤਾ ਜੋ ਕਿ ਵਰਖਾ, ਹੜ੍ਹਾਂ ਦੇ ਦਿਨਾਂ ਵਿੱਚ ਕਿਸੇ ਵੀ ਇਲਾਕੇ ਵਿੱਚ ਇਕੱਠੇ ਹੋਣ ਵਾਲੇ ਪਾਣੀ ਦੀ ਮਾਤਰਾ ਦਾ ਪਤਾ ਲਗਾ ਲੈਂਦਾ ਹੈ ਅਤੇ ਇਸ ਸੰਬੰਧੀ ਜਾਣਕਾਰੀ ਨਗਰ ਨਿਗਮ ਨੂੰ ਭੇਜ ਦਿੰਦਾ ਹੈ। ਇਸ ਤੋਂ ਇਲਾਵਾ ਇਸ ਬਾਰੇ ਇਲਾਕੇ ਦੇ ਸੁਪਰਵਾਈਜ਼ਰ ਨੂੰ ਵੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਕਿ ਦੇਰ ਹੋਣ ਤੋਂ ਪਹਿਲਾਂ ਹੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਕਦਮ ਚੁੱਕੇ ਜਾ ਸਕਣ।

ਅਜਿਹੀ ਸਮੱਸਿਆ ਦੇ ਹੱਲ ਲਈ ਕੇਂਦਰੀ ਵਿਦਿਆਲਾ ਰੇਲਵੇਜ਼, ਮਾਲੀਗਾਓ, ਆਸਾਮ ਦੇ ਵਿਦਿਆਥੀਆਂ ਨੇ ਸੜਕਾਂ ਉੱਤੇ ਪਾਣੀ ਦਾ ਪੱਧਰ ਮਾਪਣ ਲਈ ਇਕ ਸਮਾਰਟ ਸਿਸਟਮ ਤਿਆਰ ਕਰਨ ਉੱਤੇ ਕੰਮ ਕੀਤਾ ਤਾਂ ਕਿ ਉਥੋਂ ਲੰਘਣ ਵਾਲਿਆਂ ਨੂੰ ਸ਼ਹਿਰਾਂ ਦੇ ਵੱਖ-ਵੱਖ ਹਿੱਸਿਆਂ ਵਿੱਚ ਪੋਸਟਰ ਲਗਾ ਕੇ ਜਾਂ ਮੋਬਾਈਲ ਫ਼ੋਨ ਰਾਹੀਂ ਜਾਂ ਐੱਸ ਐੱਮ ਐੱਸ ਰਾਹੀਂ ਜਾਣਕਾਰੀ ਮੁਹੱਈਆ ਕਰਵਾਈ ਜਾ ਸਕੇ, ਤਾਂ ਕਿ ਭੀੜ-ਭੜੱਕੇ ਤੋਂ ਬਚਾਅ ਹੋ ਸਕੇ। ਉਨ੍ਹਾਂ ਨੇ ਇਕ ਅਜਿਹੇ ਯੰਤਰ ਉਤੇ ਵੀ ਕੰਮ ਕੀਤਾ ਜਿਸ ਨਾਲ ਕਿ ਨੇੜੇ ਦੇ ਜੰਗਲੀ ਇਲਾਕਿਆਂ ਵਿੱਚੋਂ ਕਾਲੋਨੀ ਵਿੱਚ ਆਉਣ ਵਾਲੇ ਚੀਤਿਆਂ ਦੇ ਆਗਮਨ ਦੀ ਜਾਣਕਾਰੀ ਦਿੱਤੀ ਜਾ ਸਕੇ। ਜੰਗਲਾਤ ਅਧਿਕਾਰੀਆਂ ਦੀ ਮਦਦ ਨਾਲ ਇਕ ਅਲਾਰਮ ਸਿਸਟਮ ਸੈੱਟ ਫਿੱਟ ਕੀਤਾ ਗਿਆ ਜਿਸ ਨਾਲ ਕਿ ਚੀਤਿਆਂ ਦੀ ਆਮਦ ਦਾ ਪਤਾ ਲੱਗ ਸਕੇਗਾ। ਅਧਿਕਾਰੀਆਂ ਨੂੰ ਇਸ ਬਾਰੇ ਸਮੇਂ ਸਿਰ ਜਾਣਕਾਰੀ ਮਿਲ ਸਕੇਗੀ ਅਤੇ ਉਹ ਚੀਤਿਆਂ ਤੋਂ ਸ਼ਹਿਰੀਆਂ ਨੂੰ ਪਹੁੰਚਾਏ ਜਾਣ ਵਾਲੇ ਨੁਕਸਾਨ ਤੋਂ ਚੌਕਸ ਹੋ ਸਕਣਗੇ।




ਇਹ ਹੱਲ ਭਾਵੇਂ ਛੋਟੇ-ਛੋਟੇ ਹਨ ਪਰ ਸਮਾਜ ਸੰਬੰਧੀ ਮਸਲਿਆਂ ਦੇ ਹੱਲ ਲਈ ਤਕਨਾਲੋਜੀ ਵਾਲੀ ਪਹੁੰਚ ਅਪਣਾਉਣ ਵਿੱਚ ਮਦਦ ਕਰ ਸਕਦੇ ਹਨ। ਡਾ. ਏ ਪੀ ਜੇ ਅਬਦੁੱਲ ਕਲਾਮ ਨੇ ਆਪਣਾ ਸਾਰਾ ਜੀਵਨ ਆਪਣੀ ਤਕਨਾਲੋਜੀ ਰਾਹੀਂ ਸਮਾਜ ਨੂੰ ਬਦਲਣ ਵਿੱਚ ਲਗਾ ਦਿੱਤਾ ਅਤੇ ਉਨ੍ਹਾਂ ਦਾ ਹਮੇਸ਼ਾ ਇਹ ਵਿਸ਼ਵਾਸ ਸੀ ਕਿ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਹਰ ਭਾਰਤੀ ਨੂੰ ਉਨ੍ਹਾਂ ਦੇ ਜੀਵਨ ਤੋਂ ਕੁਝ ਸਿੱਖਿਆ ਲੈਣੀ ਚਾਹੀਦੀ ਹੈ। ਆਪਣੇ ਜੀਵਨ ਵਿੱਚ ਡਾ. ਕਲਾਮ ਨੇ ਹਮੇਸ਼ਾ ਇਕ ਅਧਿਆਪਕ ਵਜੋਂ ਯਾਦ ਕੀਤੇ ਜਾਣ ਦੀ ਇੱਛਾ ਪ੍ਰਗਟਾਈ ਸੀ। ਉਨ੍ਹਾਂ ਨੂੰ ਪਤਾ ਸੀ ਕਿ ਦੇਸ਼ ਦੇ ਵਿਦਿਆਰਥੀ ਅਤੇ ਨੌਜਵਾਨ ਹੀ 21ਵੀਂ ਸਦੀ ਦੇ ਭਾਰਤ ਦੀ ਨੀਂਹ ਨੂੰ ਮਜ਼ਬੂਤ ਕਰ ਸਕਦੇ ਹਨ। ਉਨ੍ਹਾਂ ਦੇ ਭਾਸ਼ਣ ਹਮੇਸ਼ਾ ਹੀ ਨੌਜਵਾਨਾਂ ਨੂੰ ਪ੍ਰੇਰਿਤ ਕਰਦੇ ਸਨ। ਵਿਦਿਆਰਥੀਆਂ ਅਤੇ ਨੌਜਵਾਨਾਂ ਵਿੱਚ ਗੰਭੀਰ ਸੋਚ ਉਤਪੰਨ ਕਰਨ ਲਈ ਉਨ੍ਹਾਂ ਨੂੰ 'ਦਾਇਰੇ ਤੋਂ ਬਾਹਰ ਜਾ ਕੇ' ਸੋਚਣ ਲਈ ਪ੍ਰੇਰਿਤ ਕਰਨਾ ਹੁੰਦਾ ਹੈ ਅਤੇ ਨਾਲ ਹੀ ਚੁਨੌਤੀਆਂ ਨਾਲ ਨਜਿੱਠਣ ਦਾ ਰਾਹ ਦਰਸਾਉਣਾ ਹੁੰਦਾ ਹੈ। ਉਨ੍ਹਾਂ ਨੂੰ 'ਆਪਣੀਆਂ ਅਸਫਲਤਾਵਾਂ' ਅਤੇ ਸੱਚਾਈਆਂ ਰਾਹੀਂ ਸਿੱਖਣ ਦੇਣ ਅਤੇ ਉਨ੍ਹਾਂ ਨੂੰ ਵਿਸ਼ੇਸ਼ ਬਣਨ ਦਾ ਮੌਕਾ ਪ੍ਰਦਾਨ ਕਰਨਾ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਵਿਚਾਰ ਕਿਸੇ ਮਸਲੇ ਉੱਤੇ ਪ੍ਰਗਟਾਉਣ ਤੋਂ ਰੋਕਿਆ ਨਹੀ ਜਾਣਾ ਚਾਹੀਦਾ। ਡਾ. ਕਲਾਮ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਕਹਿੰਦੇ ਹੁੰਦੇ ਸਨ ਕਿ ਹਰ ਇਕ ਦੇ ਜੀਵਨ ਵਿੱਚ ਵੱਡੇ ਉਦੇਸ਼ ਹੋਣੇ ਚਾਹੀਦੇ ਹਨ ਅਤੇ ਜੇ ਉਦੇਸ਼ ਛੋਟੇ ਰੱਖੇ ਜਾਣ ਤਾਂ ਇਹ ਜੁਰਮ ਹੈ। ਇਸ ਲਈ ਵਿਦਿਆਰਥੀਆਂ ਦੀ ਇਕ ਅਜਿਹੀ ਵਿਚਾਰ ਪ੍ਰਣਾਲੀ ਵਿਕਸਤ ਕਰਨ ਵਿੱਚ ਮਦਦ ਕਰੋ ਜਿਸ ਨਾਲ ਉਨ੍ਹਾਂ ਦੇ ਇਰਾਦੇ ਉੱਚੇ ਹੋਣ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਉਨ੍ਹਾਂ

ਦੀਆਂ ਸਮੱਸਿਆਵਾਂ ਦੇ ਹੱਲ ਲਈ ਲਗਾਇਆ ਜਾ ਸਕੇ ਜਿਸ ਨਾਲ ਕਿ ਨਵੀਆਂ ਸੋਚਾਂ ਪੈਦਾ ਹੋਣਗੀਆਂ। ਇਸ ਨਾਲ ਉਨ੍ਹਾਂ ਨੂੰ ਨਵੀਆਂ ਚੀਜ਼ਾਂ ਲੱਭਣ ਵਿੱਚ ਮਦਦ ਮਿਲੇਗੀ ਅਤੇ ਉਨ੍ਹਾਂ ਵਿੱਚ ਆਪਣੀ ਖੋਜ ਨੂੰ ਜਜ਼ਬ ਕਰਨ ਦੀ ਸਮਰੱਥਾ ਵਿਕਸਤ ਹੋ ਸਕੇਗੀ। ਇਸ ਤਰ੍ਹਾਂ ਉਨ੍ਹਾਂ ਨੂੰ ਆਪਣੀ ਖੋਜ ਉੱਤੇ ਖ਼ੁਸ਼ੀ ਮਨਾਉਣ ਦਾ ਮੌਕਾ ਮਿਲੇਗਾ ਅਤੇ ਉਨ੍ਹਾਂ ਦੀ ਖੋਜ ਵਿੱਚ ਪਰਪੱਕਤਾ ਆਵੇਗੀ। ਉਨ੍ਹਾਂ ਨੂੰ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਤੇ ਮੈਥਸ (ਸਟੈਮ) ਦੀ ਅਹਿਮੀਅਤ ਸਮਝਣ ਦਿੱਤੀ ਜਾਵੇ ਤਾਂ ਹੀ ਉਹ ਆਪਣੇ ਮੁਢਲੇ ਮੁੱਦਿਆਂ ਦਾ ਹੱਲ ਲੱਭ ਸਕਣਗੇ। ਇਸ ਨਾਲ ਉਨ੍ਹਾਂ ਵਿੱਚ ਵਿਸ਼ਲੇਸ਼ਣਾਤਮਕ ਯੋਗਤਾ ਵਿਕਸਤ ਹੋਵੇਗੀ ਅਤੇ ਉਹ ਆਪਣੀ ਸਮੱਸਿਆ ਦਾ ਵਧੀਆ ਹੱਲ ਲੱਭ ਸਕਣਗੇ। ਸਫਲ ਹੋਣ ਲਈ ਹਰ ਇਕ ਨੂੰ ਲਗਾਤਾਰ ਸਿੱਖਣ ਅਤੇ ਸਖ਼ਤ ਮਿਹਨਤ ਕਰਨ ਦੀ ਲੋੜ ਹੈ ਤਾਂ ਹੀ ਗਿਆਨ ਹਾਸਿਲ ਹੋ ਸਕਦਾ ਹੈ। ਡਾ. ਕਲਾਮ ਵਿਦਿਆਰਥੀਆਂ ਨੂੰ ਕਹਿੰਦੇ ਹੁੰਦੇ ਸਨ ਕਿ ਆਪਣੀਆਂ ਸਮੱਸਿਆਵਾਂ ਦੇ ਆਪ 'ਕੈਪਟਨ' ਬਣੋ ਅਤੇ ਉਨ੍ਹਾਂ ਨੂੰ ਹਰਾਓ। ਵਿਦਿਆਰਥੀਆਂ ਅਤੇ ਮਾਤਾ-ਪਿਤਾ ਲਈ ਵੀ ਇਹ ਅਹਿਮ ਹੈ ਕਿ ਆਪਣੇ ਟੀਚੇ ਹਾਸਿਲ ਕਰਨ ਲਈ ਉਹ ਜੀਵਨ ਭਰ ਇਕ ਵਿਦਿਆਰਥੀ ਵਾਂਗ ਹੀ ਸੋਚਣ। ਜੇ ਉਹ ਹੁਣ ਤੱਕ ਹਾਸਲ ਕੀਤੇ ਗਿਆਨ ਤੋਂ ਖ਼ੁਸ਼ ਹੁੰਦੇ ਹਨ ਤਾਂ ਉਹ ਸੱਚਮੁੱਚ ਹੀ ਸ਼ਕਤੀਸ਼ਾਲੀ ਹੋ ਗਏ ਹਨ।

ਹਰ ਕੋਈ ਬੱਚਿਆਂ ਨੂੰ ਪਸੰਦ ਕਰਦਾ ਹੈ। ਉਹ ਉਨ੍ਹਾਂ ਨੂੰ ਸਾਥੀਆਂ, ਸਹਿਪਾਠੀਆਂ ਜਾਂ ਅਧਿਆਪਕਾਂ ਨਾਲ ਮਿਲ ਕੇ ਕੋਈ ਖੋਜ ਕਰਨ ਜਾਂ ਉਸ ਨੂੰ ਤਿਆਰ ਕਰਦਾ ਵੇਖ ਕੇ ਖ਼ੁਸ਼ ਹੁੰਦਾ ਹੈ। ਇਕ ਸਮਾਜਿਕ ਪ੍ਰਾਣੀ ਵਜੋਂ ਅਸੀਂ ਹਾਂ-ਪੱਖੀ ਪ੍ਰੇਰਣਾ ਅਤੇ ਮਾਨਤਾ ਨੂੰ ਪਸੰਦ ਕਰਦੇ ਹਾਂ, ਜੋ ਕਿ ਇਕ ਬੱਚੇ ਲਈ ਸਭ ਤੋਂ ਵੱਡਾ ਪੁਰਸਕਾਰ ਹੁੰਦਾ ਹੈ। ਜਦੋਂ ਅਧਿਆਪਕ ਜਾਂ ਮਾਤਾ ਪਿਤਾ ਉਨ੍ਹਾਂ ਦੇ ਕੰਮ ਦੀ ਪ੍ਰਸ਼ੰਸਾ ਕਰਦੇ ਹਨ ਤਾਂ ਇਸ ਨਾਲ ਸਟੈਮ ਪ੍ਰਤੀ ਉਨ੍ਹਾਂ ਦਾ ਸਨਮਾਨ ਅਤੇ ਪਿਆਰ ਵੱਧਦਾ ਹੈ। ਇਹ ਉਤਸ਼ਾਹ ਵਧਾਉਣਾ ਇਕ ਟਿੱਪਣੀ ਦੇ ਰੂਪ ਵਿੱਚ ਜਾਂ ਕਲਾਸ ਵਿੱਚ ਉਨ੍ਹਾਂ ਦੀ ਪ੍ਰਸ਼ੰਸਾ ਕਰਨ ਦੇ ਰੂਪ ਵਿੱਚ ਹੋ ਸਕਦਾ ਹੈ। ਅਜਿਹੀ ਪ੍ਰਵਾਨਗੀ ਹਾਸਿਲ ਹੋਣ ਨਾਲ ਉਨ੍ਹਾਂ ਦੀ ਤਾਕਤ ਵਿੱਚ ਵਾਧਾ ਹੁੰਦਾ ਹੈ ਉਨ੍ਹਾਂ ਦਾ ਹੌਸਲਾ ਅਤੇ ਉਤਸ਼ਾਹ ਵਧਦਾ ਹੈ ਅਤੇ ਉਸ ਵਿੱਚ ਨਵੀਆਂ ਚੁਣੌਤੀਆਂ ਦਾ ਸਾਹਮਦਾ ਕਰਨ ਦੀ ਸ਼ਕਤੀ ਪੈਦਾ ਹੁੰਦੀ ਹੈ। ਅਜਿਹਾ ਹੀ ਨਿਯਮ ਬਾਲਗਾਂ ਉੱਤੇ ਵੀ ਉਨ੍ਹਾਂ ਦੇ ਕੰਮਕਾਜ ਦੌਰਾਨ ਲਾਗੂ ਹੁੰਦਾ ਹੈ। ਸਟੀਵ ਜਾਬਸ, ਬਿੱਲ ਗੇਟਸ, ਮਾਈਕਲ ਡੈੱਲ ਅਤੇ ਕਈ ਹੋਰ ਉੱਦਮੀ ਰਾਤੋ ਰਾਤ ਹੀ ਸਫਲ ਨਹੀਂ ਹੋ ਗਏ। ਵਿਦਿਆਰਥੀਆਂ ਨੂੰ ਆਪਣੇ ਤਜਰਬਿਆਂ ਰਾਹੀਂ ਸਿੱਖਣਾ ਪਵੇਗਾ ਕਿ ਕਿਸੇ ਖੇਤਰ ਦੇ ਮਾਹਿਰ ਸ਼ੁਰੂ ਵਿੱਚ ਤਾਂ ਸਿਖਾਂਦਰੂ ਹੀ ਹੁੰਦੇ ਸਨ। ਉਨ੍ਹਾਂ ਨੂੰ ਅਜਿਹੀ ਸ਼ਖਸੀਅਤ, ਜਿਸ ਨੂੰ ਹੁਣ ਸਾਰੇ ਸਨਮਾਨ ਦਿੰਦੇ ਹਨ, ਦਾ ਰੁਤਬਾ ਹਾਸਲ ਕਰਨ ਵਿੱਚ ਕਈ ਸਾਲ ਲਗ ਗਏ। ਉਨ੍ਹਾਂ ਨੇ ਆਪਣੀਆਂ ਗਲਤੀਆਂ ਨੂੰ ਅਜਾਈਂ ਨਹੀਂ ਜਾਣ ਦਿੱਤਾ ਸਗੋਂ ਉਨ੍ਹਾਂ ਤੋਂ ਕੁੱਝ ਸਿੱਖਿਆ।

ਏ ਟੀ ਐੱਲ ਦਾ ਉਦੇਸ਼ ਨੌਜਵਾਨਾਂ ਦੇ ਮਨਾਂ ਵਿੱਚ ਖਾਹਿਸ਼, ਸੋਚ ਸ਼ਕਤੀ ਅਤੇ ਉਤਪਾਦਕਤਾ ਪੈਦਾ ਕਰਨਾ ਹੈ। ਏ ਟੀ ਐੱਲ ਸਾਡੇ ਦੇਸ਼ ਦੀ ਉੱਭਰ ਰਹੀ ਯੋਗਤਾ ਲਈ ਇਕ ਪਲੇਟਫਾਰਮ ਬਣੇਗਾ ਤਾਂ ਕਿ ਉਨ੍ਹਾਂ ਦੇ ਵਿਚਾਰਾਂ ਅਤੇ ਕਲਾ ਨੂੰ ਸਪੱਸ਼ਟ ਤੌਰ ਤੇ ਅਤੇ ਪ੍ਰੇਰਨਾਮਈ ਢੰਗ ਨਾਲ ਲੋਕਾਂ ਸਾਹਮਣੇ ਪਹੁੰਚਾਇਆ ਜਾ ਸਕੇ ਅਤੇ ਇਨ੍ਹਾਂ ਨੌਜਵਾਨਾਂ ਦੇ ਨਾਜ਼ੁਕ ਮਸਲਿਆਂ ਨੂੰ ਹੱਲ ਕੀਤਾ ਜਾ ਸਕੇ। ਇਹ ਲੈਬਾਰਟਰੀ ਨੌਜਵਾਨ ਵਿਦਿਆਥੀਆਂ ਨੂੰ ਇਕ ਉਸਾਰੂ ਮੰਚ ਮੁਹੱਈਆ ਕਰਵਾਏਗੀ ਅਤੇ ਇਸ ਵਿੱਚ ਸਟੈਮ ਵਿੱਦਿਆ ਲਈ ਕਿੱਟਾਂ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਲੈਬਾਰਟਰੀ ਵਿੱਚ ਸੰਚਾਰ, ਰੋਬੋਟਿਕਸ ਅਤੇ ਹੋਰ ਤਜਰਬਾਤੀ ਢਾਂਚੇ ਮੁਹੱਈਆ ਕਰਵਾਏ ਜਾਣਗੇ ਜਿਨ੍ਹਾਂ ਰਾਹੀਂ ਉਹ ਸਿੱਖ ਸਕਣ ਜਾਂ ਖੇਡ ਸਕਣ। ਏ ਟੀ ਐੱਲ ਇਕ ਮੰਚ ਵਜੋਂ ਕੰਮ ਕਰੇਗਾ ਜਿਥੇ ਕਿ ਵਿਦਿਅਰਥੀਆਂ ਨੂੰ ਉਨ੍ਹਾਂ ਦੀਆਂ ਰੋਜ਼ਾਨਾ ਸਮੱਸਿਆਵਾਂ ਦੇ ਤਕਨਾਲੋਜੀਕਲ ਹੱਲ ਮੁਹੱਈਆ ਕਰਵਾਏ ਜਾਣਗੇ ਅਤੇ ਨੌਜਵਾਨਾਂ ਨੂੰ ਖੋਜ ਲਈ ਪ੍ਰੇਰਿਆ ਜਾਵੇਗਾ। ਇਸ ਥਾਂ ਉੱਤੇ ਉਨ੍ਹਾਂ ਨੂੰ ਮਿਲਣ ਵਾਲੇ ਮੌਕਿਆਂ ਦਾ ਲਾਭ ਲੈਣ ਲਈ ਤਿਆਰ ਕੀਤਾ ਜਾਵੇਗਾ ਤਾਂ ਕਿ ਉਹ ਉੱਦਮਤਾ ਵੱਲ ਵਧ ਸਕਣ। ਇਸ ਲੈਬਾਰਟਰੀ ਵਿੱਚ ਤਜਰਬਾਤੀ ਵਿੱਦਿਆ ਦੀ ਧਾਰਨਾ ਨੂੰ ਅਮਲ ਵਿੱਚ ਲਿਆਉਣ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਕਿ ਨੌਜਵਾਨ ਇਨ੍ਹਾਂ ਯੰਤਰਾਂ ਅਤੇ ਵਿਗਿਆਨਕ ਸਾਜ਼ੋ-ਸਮਾਨ ਦੀ ਵਰਤੋਂ ਕਰਕੇ ਨਵੀਆਂ ਅਤੇ ਉਸਾਰੂ ਖੋਜਾਂ ਕਰ ਸਕਣ। ਏ ਟੀ ਐੱਲ ਇਸ ਵੇਲੇ 33 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲਾਗੂ ਕੀਤਾ ਗਿਆ ਹੈ ਅਤੇ ਦੇਸ਼ ਦੇ 55 ਪ੍ਰਤਿਸ਼ਤ ਜ਼ਿਲ੍ਹਿਆਂ ਦੇ 941 ਪ੍ਰਵਾਨਿਤ ਸਕੂਲਾਂ ਵਿੱਚ ਇਹ ਕੰਮ ਕਰ ਰਿਹਾ ਹੈ ਅਤੇ ਇਸ ਨੂੰ ਜਲਦੀ ਹੀ ਵਧਾ ਕੇ ਚਾਲੂ ਸਾਲ ਵਿੱਚ 1300 ਹੋਰ ਸਕੂਲਾਂ ਵਿੱਚ ਲਾਗੂ ਕਰਨ ਦੀ ਯੋਜਨਾ ਹੈ ਤਾਂ ਕਿ ਇਸ ਵਿੱਚ ਭਾਰਤ ਦੇ ਸਾਰੇ ਜ਼ਿਲ੍ਹੇ ਅਤੇ ਸਾਰੇ ਸਮਾਰਟ ਸ਼ਹਿਰ ਸ਼ਾਮਲ ਹੋ ਸਕਣ। ਉਨ੍ਹਾਂ ਦੀ ਯੋਜਨਾ ਏ ਟੀ ਐੱਲ ਦੀ ਪਹੁੰਚ ਵਿੱਚ ਆਉਣ ਵਾਲੀ ਸਾਰੀ ਨੌਜਵਾਨ ਪੀੜ੍ਹੀ ਤੱਕ ਲਿਜਾਉਣ ਦੀ ਹੈ, ਭਾਵੇਂ ਉਹ ਸ਼ਹਿਰੀ ਇਲਾਕਿਆਂ ਦੇ ਵਸਨੀਕ ਹੋਣ ਜਾਂ ਦਿਹਾਤੀ।

ਵਿਦਿਆਰਥੀ ਅਤੇ ਅਧਿਆਪਕ ਦੋਵੇਂ ਇਕ ਸਰਪ੍ਰਸਤੀ ਵਾਲੇ ਪ੍ਰੋਗਰਾਮ ਦਾ ਹਿੱਸਾ ਹੋਣਗੇ ਤਾਂ ਕਿ ਇਸ ਪਹਿਲਕਦਮੀ ਦਾ ਵੱਡਾ ਪ੍ਰਭਾਵ ਪੈ ਸਕੇ। ਇਹ ਤਾਂ ਅਜੇ ਲੰਬੀ ਯਾਤਰਾ ਦੀ ਇਕ ਸ਼ੁਰੂਆਤ ਹੀ ਹੈ। ਇਹ ਯਾਤਰਾ 'ਉਸਾਰੂ ਭਾਰਤ – ਖੋਜੀ ਭਾਰਤ' ਦੇ ਸੁਪਨੇ ਨੂੰ ਇਸ ਦੇ ਸਹੀ ਅਰਥਾਂ ਵਿੱਚ ਪੂਰਾ ਕਰਨ ਲਈ ਹੈ ਤਾਂ ਕਿ ਉਸਾਰੂਪਨ ਅਤੇ ਖੋਜ ਦੀ ਭਾਵਨਾ ਪੈਦਾ ਹੋ ਸਕੇ ਅਤੇ ਇਸ ਨਾਲ ਉੱਦਮਤਾ ਨੂੰ ਉਤਸ਼ਾਹ ਮਿਲ ਸਕੇ ਅਤੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਵਿਕਾਸ ਵਿੱਚ ਤੇਜ਼ੀ ਆ ਸਕੇ।

ਭਵਿੱਖ ਦੇ ਭਾਰਤ ਦੇ ਵਿਦਿਆਰਥੀ ਭਾਰਤ ਨੂੰ ਇਕ ਮਹਾਨਤਾ ਦੇ ਟਿਕਾਣੇ ਅਤੇ ਹਰ ਨਾਗਰਿਕ ਲਈ ਸਨਮਾਨ ਚਿੰਨ੍ਹ ਵਜੋਂ ਵਿਕਸਤ ਕਰਨਾ ਚਾਹੁੰਦੇ ਹਨ ਜਿਸ ਨਾਲ ਦੇਸ਼ ਭਰ ਵਿੱਚ ਵਿਕਾਸ ਹੋ ਸਕੇ, ਢਾਂਚੇ ਸੰਬੰਧੀ ਸੁਧਾਰ ਹੋ ਸਕਣ ਅਤੇ ਨਿਰੰਤਰ ਵਿਕਾਸ ਨੂੰ ਹਾਸਿਲ ਕਰਨ ਲਈ 'ਪਹਿਲਾਂ ਕਦੀ ਨਹੀਂ ਹੋਇਆ' ਦੀ ਪਹਿਲਕਦਮੀ ਨੂੰ ਅਪਣਾਇਆ ਜਾਵੇ। ਅਜਿਹਾ ਖੋਜ ਆਧਾਰਿਤ ਕਾਇਆਪਲਟ ਨੂੰ ਉਤਸ਼ਾਹਿਤ ਕਰਕੇ ਕੀਤਾ ਜਾ ਸਕਦਾ ਹੈ।

*(ਲੇਖਕ ਬੌਧਿਕ ਜਾਇਦਾਦ ਅਤੇ ਨਵੀਨਤਮ ਖੋਜਾਂ ਦਾ ਪੇਸ਼ੇਵਰ ਹੈ।)*

*e-mail :pandit.unnat@nic.in*

# ਭਾਰਤ ਦੀ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਾਈ

ਵੀ. ਸ੍ਰੀਨਿਵਾਸ

ਝਾਰਖੰਡ ਦੇ ਇਕ ਹਾਲੀਆ ਦੌਰੇ ਸਮੇਂ ਪ੍ਰਧਾਨ ਮੰਤਰੀ ਨੇ ਆਖਿਆ, "ਭ੍ਰਿਸ਼ਟਾਚਾਰ ਅਤੇ ਕਾਲੇ ਧਨ ਨੇ ਭਾਰਤ ਦੇ ਲੋਕਤੰਤਰ ਨੂੰ ਤਬਾਹ ਕਰ ਦਿੱਤਾ ਹੈ। ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੇ ਖਿਲਾਫ਼ ਲੜਾਈ ਜਾਰੀ ਰਹੇਗੀ।" ਪ੍ਰਧਾਨ ਮੰਤਰੀ ਵਲੋਂ ਸਖੀਮੰਡਲਾਂ (ਸਵੈ-ਸਹਾਇਤਾ ਸਮੂਹਾਂ) ਨੂੰ ਝਾਰਖੰਡ ਵਿੱਚ ਕੁੱਝ ਸਮਾਰਟ ਫ਼ੋਨ ਪ੍ਰਦਾਨ ਕੀਤੇ ਗਏ ਅਤੇ ਉਨ੍ਹਾਂ ਕਿਹਾ ਕਿ ਸਮਾਰਟ ਫ਼ੋਨ ਦੀ ਵਰਤੋਂ ਬਾਰੇ ਪਿੰਡ ਵਾਲਿਆਂ ਤੋਂ ਜਵਾਬ ਸੁਣ ਕੇ ਉਹ ਬਹੁਤ ਅਚੰਭਿਤ ਹੋਏ ਹਨ। ਸਮਾਰਟ ਸ਼ਾਸਨ ਨੇ ਭਾਰਤ ਦੀ ਭ੍ਰਿਸ਼ਟਾਚਾਰ ਵਿਰੋਧੀ ਲੜਾਈ ਦਾ ਰਾਹ ਪੱਧਰਾ ਕਰ ਦਿੱਤਾ ਹੈ।

### ਭ੍ਰਿਸ਼ਟਾਚਾਰ ਖਿਲਾਫ਼ ਸਿਫ਼ਰ ਸਹਿਣਸ਼ੀਲਤਾ

'ਭ੍ਰਿਸ਼ਟਾਚਾਰ ਖਿਲਾਫ਼ ਭਾਰਤ ਦੀ ਸਿਫ਼ਰ ਸਹਿਣਸ਼ੀਲਤਾ' ਅਤੇ 'ਘੱਟ ਤੋਂ ਘੱਟ ਸਰਕਾਰ ਵੱਧ ਤੋਂ ਵੱਧ ਸ਼ਾਸਨ' ਦੀ ਪਹਿਲ ਦਾ ਨਤੀਜਾ ਹਾਲੀਆ ਵਰ੍ਹਿਆਂ ਵਿੱਚ ਸ਼ਾਸਨ ਦੇ ਮਾਡਲ ਦੇ ਸਰਲੀਕਰਨ ਦੇ ਰੂਪ ਵਿੱਚ ਨਿਕਲਿਆ ਹੈ। ਇਨ੍ਹਾਂ ਕਦਮਾਂ ਵਿੱਚ ਪ੍ਰਮਾਣ ਪੱਤਰ ਦਾਖਲ ਕਰਨ ਲਈ ਸਰਕਾਰੀ ਨੌਕਰਾਂ ਵਲੋਂ ਪ੍ਰਮਾਣੀਕਰਨ ਦਾ ਖਾਤਮਾ, ਹੇਠਲੇ ਪੱਧਰ ਦੀਆਂ ਨੌਕਰੀਆਂ ਲਈ ਭਰਤੀ ਵਾਸਤੇ ਨਿੱਜੀ ਸਾਖਿਆਤਕਾਰ ਦਾ ਖਾਤਮਾ ਅਤੇ 50 ਸਾਲ ਉਮਰ ਦੇ ਨਿਕੰਮੇ ਅਤੇ ਸ਼ੱਕੀ ਭਰੋਸੇਯੋਗਤਾ ਵਾਲੇ ਨਿਕੰਮੇ ਸਰਕਾਰੀ ਬਾਬੂਆਂ ਨੂੰ ਸਮੇਂ ਤੋਂ ਪਹਿਲਾਂ ਸੇਵਾ ਮੁਕਤ ਕਰਨਾ ਸ਼ਾਮਲ ਹੈ। ਇਸ ਤੋਂ ਅੱਗੇ ਵਧਦੇ ਹੋਏ ਸਰਕਾਰ ਵਲੋਂ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਉੱਚ ਮੁੱਲ ਦੀ ਮੁਦਰਾ ਨੂੰ ਬੰਦ ਕਰ ਦਿੱਤਾ ਗਿਆ। ਕਾਲੇ ਧਨ ਖਿਲਾਫ਼ ਲੜਾਈ ਛੇੜਨ ਲਈ ਇਕ ਵਿਸ਼ੇਸ਼ ਜਾਂਚ ਦਲ ਦਾ ਗਠਨ ਕੀਤਾ ਗਿਆ। ਸਰਕਾਰ ਵਲੋਂ ਕੋਲਾ ਬਲਾਕਾਂ ਦੀ ਆਨਲਾਈਨ ਨਿਲਾਮੀ ਕੀਤੀ ਗਈ। ਜੀ-20 ਮੀਟਿੰਗਾਂ ਵਿੱਚ ਸਰਕਾਰ ਵਲੋਂ ਯੋਰਪ ਅਤੇ ਦੂਜੇ ਦੇਸ਼ਾਂ ਵਿੱਚ ਸਥਿਤ ਟੈਕਸ ਸ਼ਰਣਗਾਹਾਂ ਨੂੰ ਖਤਮ ਕਰਨ ਲਈ ਸਹਿਯੋਗ ਮੰਗਿਆ ਗਿਆ। ਸਵਿੱਸ ਅਧਿਕਾਰੀਆਂ ਨਾਲ ਦੁਵੱਲੀਆਂ ਮੁਲਾਕਾਤਾਂ ਵਿੱਚ ਭਾਰਤ ਨੇ ਆਖਿਆ ਕਿ ਕਾਲੇ ਧਨ ਅਤੇ ਟੈਕਸ ਚੋਰੀ ਦੀ ਬੁਰਾਈ ਨਾਲ ਲੜਨਾ ਦੋਵਾਂ ਦੇਸ਼ਾਂ ਦੀ ਸਾਂਝੀ ਜ਼ਿੰਮੇਵਾਰੀ ਹੈ।

### ਭ੍ਰਿਸ਼ਟਾਚਾਰ ਖਿਲਾਫ਼ ਲੜਾਈ ਲਈ ਭਾਰਤ ਦਾ ਸੰਸਥਾਗਤ ਤੇ ਵਿਧਾਨਕ ਢਾਂਚਾ

ਭ੍ਰਿਸ਼ਟਾਚਾਰ ਵਿਰੁੱਧ ਭਾਰਤ ਦੀ ਲੜਾਈ ਦੀ ਅਗਵਾਈ ਵਿਸ਼ਾਲ ਅਤੇ ਜਾਂਚਿਆ ਪਰਖਿਆ ਸੰਸਥਾਗਤ ਅਤੇ ਵਿਧਾਨਕ ਢਾਂਚਾ ਕਰ ਰਿਹਾ ਹੈ ਜਿਸ ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ, ਸੁਤੰਤਰ ਕੇਂਦਰੀ ਚੌਕਸੀ ਆਯੋਗ, ਨਿਯੰਤ੍ਰਕ ਅਤੇ ਲੇਖਾ ਪ੍ਰੀਖਿਆਕਾਰ, ਜੱਜ (ਜਾਂਚ) ਐਕਟ ਲੋਕਪਾਲ ਅਤੇ ਲੋਕ ਆਯੁਕਤ ਐਕਟ 2013, ਸੂਚਨਾ ਦੇਣ ਵਾਲੇ ਦੀ ਸੁਰੱਖਿਆ ਐਕਟ 2011, ਕਾਲੇ ਧਨ ਨੂੰ ਚਿੱਟਾ ਕਰਨ ਤੋਂ ਰੋਕਣ ਬਾਰੇ ਐਕਟ, ਬੇਨਾਮੀ ਲੈਣ-ਦੇਣ (ਰੋਕੂ) ਐਕਟ ਆਦਿ ਸ਼ਾਮਲ ਹਨ ਜਿਸ ਦੇ ਦਾਇਰੇ ਹੇਠ ਅਪਰਾਧੀਕਰਨ ਅਤੇ ਰਿਸ਼ਵਤਖੋਰੀ ਦੇ ਕਈ ਖੇਤਰ ਆਉਂਦੇ ਹਨ। ਸਾਰੇ ਸਰਕਾਰੀ ਕਰਮਚਾਰੀਆਂ ਲਈ ਆਪਣੇ ਅਸਾਸਿਆਂ ਦਾ ਸਾਲਾਨਾ ਐਲਾਨ ਕਰਨਾ ਜ਼ਰੂਰੀ ਹੈ। ਚੁਣੇ ਹੋਏ ਪ੍ਰਤੀਨਿਧਾਂ ਲਈ ਹਰੇਕ ਚੋਣ ਸਮੇਂ ਆਪਣੇ ਅਸਾਸਿਆਂ ਦਾ ਖੁਲਾਸਾ ਕਰਨਾ ਲਾਜ਼ਮੀ ਹੈ।




### ਸ਼ਾਸਨ ਨੂੰ ਹੋਰ ਸਮਾਰਟ ਬਣਾਉਣਾ

ਪ੍ਰਧਾਨ ਮੰਤਰੀ ਵਲੋਂ ਅਗਸਤ 2014 ਦੇ ਸੁਤੰਤਰਤਾ ਦਿਵਸ ਦੇ ਆਪਣੇ ਭਾਸ਼ਨ ਵਿੱਚ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਦਾ ਵਿੱਤੀ ਸਮਾਵੇਸ਼ ਦੇ ਇਕ ਰਾਸ਼ਟਰੀ ਮਿਸ਼ਨ ਵਜੋਂ ਐਲਾਨ ਕੀਤਾ ਗਿਆ ਜਿਸ ਵਿੱਚ ਦੇਸ਼ ਦੇ ਸਾਰੇ ਪਰਿਵਾਰਾਂ ਦੇ ਵਿਆਪਕ ਵਿੱਤੀ ਸਮਾਵੇਸ਼ ਲਈ ਏਕੀਕ੍ਰਿਤ ਪਹੁੰਚ ਸ਼ਾਮਲ ਸੀ। ਉਨ੍ਹਾਂ ਆਖਿਆ, "ਦੇਸ਼ ਦੇ ਆਰਥਿਕ ਸਰੋਤਾਂ ਦੀ ਵਰਤੋਂ ਗਰੀਬਾਂ ਦੀ ਭਲਾਈ ਲਈ ਕੀਤੀ ਜਾਣੀ ਚਾਹੀਦੀ ਹੈ। ਬਦਲਾਅ ਇਸ ਬਿੰਦੂ ਤੋਂ ਸ਼ੁਰੂ ਹੋਵੇਗਾ।" ਭਾਰਤ ਦਾ 'ਸਰਕਾਰ ਨੂੰ ਹੋਰ ਸਮਾਰਟ ਬਣਾਉਣਾ' ਰਾਸ਼ਟਰ ਦੀ ਭ੍ਰਿਸ਼ਟਾਚਾਰ ਖਿਲਾਫ਼ ਲੜਾਈ ਦਾ ਕੇਂਦਰ ਬਿੰਦੂ ਰਿਹਾ ਹੈ। ਬੈਂਕਿੰਗ ਖੇਤਰ ਦੀ ਤਕਨਾਲੋਜੀ ਵਿੱਚ ਕ੍ਰਾਂਤੀ ਇਕ ਬੇਮਿਸਾਲ ਗਾਥਾ ਹੈ ਜਿਸ ਨੇ ਕਰੋੜਾਂ ਭਾਰਤੀਆਂ ਨੂੰ ਲਾਭ ਪਹੁੰਚਾਇਆ ਹੈ। ਬਰਾਬਰ ਮਾਤਰਾ ਦੀ ਸਬਸਿਡੀ ਦੀ ਵਰਤੋਂ, ਦਸਤੀ ਪ੍ਰਣਾਲੀ ਦੀ ਬਜਾਇ 'ਸਮਾਰਟ ਸ਼ਾਸਨ ਮਾਡਲ' ਰਾਹੀਂ ਵਧੇਰੇ ਕਾਰਗਰ ਢੰਗ ਨਾਲ ਕੀਤੀ ਜਾ ਸਕਦੀ ਹੈ।

ਜਨ ਧਨ ਯੋਜਨਾ ਨੇ ਬੈਂਕ ਖਾਤਿਆਂ ਲਈ ਇਕਸਮਾਨ ਅਤੇ ਸਪੱਸ਼ਟ ਪਹੁੰਚ ਪ੍ਰਦਾਨ ਕੀਤੀ ਜਿਸ ਵਿੱਚ ਓਵਰਡ੍ਰਾਫਟ ਦੀ ਸਹੂਲਤ ਵੀ ਹੈ। ਜਨ ਧਨ ਯੋਜਨਾ ਨੇ ਬੈਂਕਾਂ ਵਾਲਿਆਂ ਨੂੰ ਗਰੀਬ ਵਸੋਂ ਵਿੱਚ ਧਨ ਜਮ੍ਹਾਂ ਕਰਨ ਨੂੰ ਉਤਸ਼ਾਹਿਤ ਕਰਨ ਲਈ ਜ਼ਰੂਰੀ ਭਰੋਸਾ ਪ੍ਰਦਾਨ ਕੀਤਾ ਜਿਸ ਦਾ ਨਤੀਜਾ ਪੇਂਡੂ ਖੇਤਰ ਲਈ ਵਧੇ ਹੋਏ ਧਨ ਪ੍ਰਵਾਹ ਦੇ ਰੂਪ ਵਿੱਚ ਨਿਕਲਿਆ। 2016 ਵਿੱਚ ਅਧਾਰ ਐਕਟ ਨੂੰ ਵਿੱਤੀ ਬਿੱਲ ਵਜੋਂ ਲਾਗੂ ਕੀਤਾ ਗਿਆ ਤਾਂ ਕਿ ਵਿੱਤੀ ਅਤੇ ਹੋਰ ਸਬਸਿਡੀਆਂ ਅਤੇ ਸੇਵਾਵਾਂ ਦੇ ਲਾਭ ਹੱਕੀ ਲੋਕਾਂ ਤੱਕ ਪਹੁੰਚਾਏ ਜਾ ਸਕਣ। ਇਸ ਐਕਟ ਵਿੱਚ 'ਅਧਾਰ ਵਿਲੱਖਣ ਪਛਾਣ ਸੰਖਿਆ ਪ੍ਰਾਜੈਕਟ' ਲਈ ਇਕ ਕਾਨੂੰਨੀ ਸਹਾਰਾ ਪ੍ਰਦਾਨ ਕੀਤਾ ਗਿਆ ਜਿਸ ਵਿੱਚ ਇਕ ਕੁਸ਼ਲ, ਪਾਰਦਰਸ਼ੀ ਤੇ ਸਬਸਿਡੀਆਂ, ਲਾਭਾਂ ਅਤੇ ਸੇਵਾਵਾਂ ਲਈ ਭਾਰਤ ਦੇ ਸੰਗਠਿਤ ਫੰਡ ਤੋਂ ਕੀਤੇ ਜਾਣ ਵਾਲੇ ਸਾਰੇ ਖਰਚਿਆਂ ਲਈ ਪ੍ਰਣਾਲੀ ਸ਼ਾਮਲ ਹੈ ਜਿਸ ਨੂੰ ਅਧਾਰ ਪਛਾਣ ਨੰਬਰ ਦਿੱਤੇ ਗਏ ਹਨ।

2016 ਵਿੱਚ ਸਰਕਾਰ ਵਲੋਂ ਕੀਤੀ ਗਈ ਦੂਜੀ ਪ੍ਰਮੁੱਖ ਪਹਿਲਕਦਮੀ 'ਭੀਮ' (ਭਾਰਤ ਇੰਟਰਫੇਸ ਫਾਰ ਮਨੀ) ਦੀ ਸ਼ੁਰੂਆਤ ਸੀ ਜੋ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ ਇੰਡੀਆ ਵਲੋਂ ਵਿਕਸਤ ਕੀਤੀ ਗਈ ਇਕ ਮੋਬਾਈਲ ਐਪਲੀਕੇਸ਼ਨ ਹੈ ਜੋ ਏਕੀਕ੍ਰਿਤ ਭੁਗਤਾਨ ਇੰਟਰਫੇਸ ਉਤੇ ਅਧਾਰਤ ਹੈ। ਭੀਮ ਐਪਲੀਕੇਸ਼ਨ ਰਾਹੀਂ ਬੈਂਕਾਂ ਦੁਆਰਾ ਸਿੱਧਾ ਈ-ਭੁਗਤਾਨ ਕੀਤਾ ਜਾ ਸਕਦਾ ਹੈ। ਨਕਦੀ ਰਹਿਤ ਲੈਣ-ਦੇਣ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ, ਕਿਸੇ ਵੀ ਦੋ ਪਾਰਟੀਆਂ ਦੇ ਖਾਤਿਆਂ ਵਿੱਚ ਹੱਥੋ-ਹੱਥੀਂ ਪੈਸਾ ਭੇਜਣ ਲਈ ਵਰਤਿਆ ਜਾ ਸਕਦਾ ਹੈ। ਇਸ ਐਪਲੀਕੇਸ਼ਨ ਦੀ ਵਰਤੋਂ ਸਾਰੇ ਮੋਬਾਈਲ ਉਪਕਰਨਾਂ ਉਤੇ ਕੀਤੀ ਜਾ ਸਕਦੀ ਹੈ। ਕੁੱਲ ਮਿਲਾ ਕੇ, ਜਨ ਧਨ ਯੋਜਨਾ - ਅਧਾਰ ਐਕਟ ਅਤੇ ਭੀਮ ਐਪਲੀਕੇਸ਼ਨ ਨੇ ਪਾਰਦਰਸ਼ੀ ਸਰਕਾਰ ਮੁਹੱਈਆ ਕਰਵਾਈ ਹੈ ਜਿਸ ਵਿੱਚ ਸਬਸਿਡੀ ਸਮੇਂ ਸਿਰ ਅਤੇ ਪ੍ਰਭਾਵੀ ਤਰੀਕੇ ਨਾਲ ਸਿੱਧੇ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਪਹੁੰਚ ਜਾਂਦੀ ਹੈ। ਜੈਮ (ਜਨ ਧਨ-ਅਧਾਰ-ਮੋਬਾਈਲ) ਦੀ ਤਕਨਾਲੋਜੀ ਤਿਕੜੀ ਨੇ ਏਕੀਕ੍ਰਿਤ ਭੁਗਤਾਨ ਇੰਟਰਫੇਸ (ਯੂ ਪੀ ਟੀ) ਰਾਹੀਂ ਭੁਗਤਾਨ ਕਰਨਾ ਸੰਭਵ ਕਰ ਦਿੱਤਾ ਹੈ, ਮੋਬਾਈਲ ਬੈਂਕਿੰਗ ਨੂੰ ਈ-ਮੇਲ ਭੇਜਣ ਵਾਂਗ ਸੌਖਾ ਬਣਾ ਦਿੱਤਾ ਹੈ। ਨੈਸ਼ਨਲ ਇਲੈਕਟ੍ਰਾਨਿਕਸ ਟ੍ਰਾਂਸਫਰ ਆਫ ਫੰਡਜ਼ (ਐੱਨ ਈ ਐੱਫ ਟੀ), ਰੀਅਲ ਟਾਈਮ ਗ੍ਰਾਸ ਸੈਟਲਮੈਂਟਸ (ਆਰ ਟੀ ਜੀ ਐੱਸ), ਫੌਰੀ ਭੁਗਤਾਨ ਸੇਵਾ (ਆਈ ਐੱਮ ਪੀ ਐੱਸ) ਅਤੇ ਇਲੈਕਟ੍ਰਾਨਿਕ ਕਲੀਅਰਿੰਗ ਸਿਸਟਮ (ਈ ਸੀ ਐੱਸ) ਤੇਜ਼ੀ ਨਾਲ ਬੈਂਕਿੰਗ ਖੇਤਰ ਦੀਆਂ ਮੁੱਖ ਧਾਰਾ ਦੀਆਂ ਸਰਗਰਮੀਆਂ ਵਿੱਚ ਸ਼ਾਮਲ ਹੋ ਰਹੀਆਂ ਹਨ।

## ਰੋਕਥਾਮ ਉਤੇ ਧਿਆਨ ਕੇਂਦਰਿਤ ਕਰਨਾ

ਕੇਂਦਰੀ ਚੌਕਸੀ ਆਯੋਗ (ਸੀ ਵੀ ਸੀ) ਦੀਆਂ ਜੜ੍ਹਾਂ ਭ੍ਰਿਸ਼ਟਾਚਾਰ ਦੀ ਰੋਕਥਾਮ ਲਈ ਬਣੀ ਕਮੇਟੀ ਦੀਆਂ ਸਿਫਾਰਸ਼ਾਂ ਤੱਕ ਜਾਂਦੀਆਂ ਹਨ ਜਿਸ ਦੇ ਮੁਖੀ ਸੰਸਦ ਮੈਂਬਰ ਸ਼੍ਰੀ ਕੇ. ਸੰਥਾਨਮ ਸਨ। ਸੰਥਾਨਮ ਕਮੇਟੀ ਵਲੋਂ ਭ੍ਰਿਸ਼ਟਾਚਾਰ ਦੇ 4 ਮੁੱਖ ਕਾਰਨਾਂ ਦੀ ਪਛਾਣ ਕੀਤੀ ਗਈ ਜੋ ਹਨ - ਪ੍ਰਸ਼ਾਸਕੀ ਦੇਰੀਆਂ, ਨਿਯਮਕ ਕੰਮਾਂ ਰਾਹੀਂ ਸਰਕਾਰ ਵਲੋਂ ਆਪਣੇ ਉਤੇ ਵਿੱਤੋਂ ਬਾਹਰਾ ਭਾਰ ਲੱਦਣਾ, ਵੱਖ-ਵੱਖ ਸਰਕਾਰੀ ਨੌਕਰਸ਼ਾਹਾਂ ਵਲੋਂ ਸ਼ਕਤੀਆਂ ਦੀ ਵਰਤੋਂ ਦੇ ਨਿੱਜੀ ਅਖ਼ਤਿਆਰ ਦੀ ਸੰਭਾਵਨਾ ਅਤੇ ਪੇਚੀਦਾ ਪ੍ਰਕਿਰਿਆਵਾਂ। ਸੰਸਥਾਨਮ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਧਾਰ ਉਤੇ ਕੇਂਦਰੀ ਚੌਕਸੀ ਦੀ ਸਥਾਪਨਾ 1964 ਵਿੱਚ ਭਾਰਤ ਸਰਕਾਰ ਦੇ ਇਕ ਮਤੇ ਰਾਹੀਂ ਕੀਤੀ ਗਈ ਜੋ ਕੇਂਦਰ ਸਰਕਾਰ ਦੇ ਸੰਸਥਾਨਾਂ ਵਿੱਚ ਭ੍ਰਿਸ਼ਟਾਚਾਰ ਦੀ ਰੋਕਥਾਮ ਲਈ ਸਰਵੋਚ ਸੰਸਥਾ ਹੈ। 1997 ਵਿੱਚ ਸੁਪਰੀਮ ਕੋਰਟ ਵਲੋਂ ਜੈਨ ਹਵਾਲਾ ਮਾਮਲੇ ਵਿੱਚ ਦਿਸ਼ਾ ਨਿਰਦੇਸ਼ ਦੇਣ ਤੋਂ ਬਾਅਦ, ਚੌਕਸੀ ਆਯੋਗ ਨੂੰ ਸੰਵਿਧਾਨਕ ਰੁਤਬਾ ਪ੍ਰਦਾਨ ਕੀਤਾ ਗਿਆ। ਕੇਂਦਰੀ ਚੌਕਸੀ ਆਯੋਗ ਐਕਟ 2003 ਵਿੱਚ ਇਕ ਕੇਂਦਰੀ ਚੌਕਸੀ ਆਯੋਗ ਦੇ ਗਠਨ ਦਾ ਪ੍ਰਾਵਧਾਨ ਹੈ ਜੋ ਭ੍ਰਿਸ਼ਟਾਚਾਰ ਰੋਕੂ ਐਕਟ, 1988 ਤਹਿਤ ਸਰਕਾਰੀ ਨੌਕਰਾਂ ਤੇ ਕਾਰਪੋਰੇਸ਼ਨਾਂ ਵਲੋਂ ਕਥਿਤ ਜੁਰਮਾਂ ਦੀ ਜਾਂਚ ਕਰੇਗਾ।

ਕੇਂਦਰੀ ਚੌਕਸੀ ਆਯੋਗ ਵਲੋਂ ਜਨਤਕ ਪ੍ਰਸ਼ਾਸਨ ਵਿੱਚ ਪਾਰਦਰਸ਼ਤਾ, ਨਿਰਪੱਖਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਦਾ ਉਪਰਾਲਾ ਕੀਤਾ ਗਿਆ ਹੈ। ਕੇਂਦਰੀ ਚੌਕਸੀ ਆਯੋਗ ਵਲੋਂ ਅਨੇਕ ਰੋਕਥਾਮ ਵਾਲੇ ਚੌਕਸੀ ਉਪਾਅ ਸ਼ੁਰੂ ਕੀਤੇ ਗਏ ਹਨ। ਸਰਕਾਰੀ ਈ-ਬਾਜ਼ਾਰ ਵਰਗੇ ਕਦਮਾਂ ਨਾਲ ਜਨਤਕ ਖਰੀਦ ਵਿੱਚ ਈ-ਟੈਂਡਰ ਅਤੇ ਈ-ਖਰੀਦ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਕੇ ਜਵਾਬਦੇਹੀ ਅਤੇ ਭਰੋਸੇਯੋਗਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲੀ ਹੈ। ਆਯੋਗ ਵਲੋਂ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਸਿੱਖਿਆ, ਚੌਕਸੀ ਹਫ਼ਤਿਆਂ ਦੇ ਮਨਾਉਣ, ਅਖਤਿਆਰ ਅਤੇ ਸਰਕਾਰੀ ਨੌਕਰਾਂ ਨਾਲ ਸਾਹਮਣਾ ਘੱਟ ਕਰਨ ਲਈ ਪ੍ਰਕਿਰਿਆ ਦਾ ਸਰਲੀਕਰਨ, ਸਿਖਲਾਈ ਅਤੇ ਹੁਨਰ ਵਿਕਾਸ ਉਤੇ ਧਿਆਨ ਕੇਂਦਰਿਤ ਕਰਕੇ ਅਤੇ ਬੇਈਮਾਨੀ ਦੇ ਸਾਬਤ ਹੋ ਚੁੱਕੇ ਮਾਮਲਿਆਂ ਵਿੱਚ ਮਿਸਾਲੀ ਸਜ਼ਾ ਦੇ ਕੇ ਕਦਰਾਂ ਕੀਮਤਾਂ ਨੂੰ ਉਤਸ਼ਾਹਿਤ ਕਰਨ ਦਾ ਯਤਨ ਕੀਤਾ ਗਿਆ ਹੈ। ਕੇਂਦਰੀ ਚੌਕਸੀ ਆਯੋਗ ਵਲੋਂ ਸਾਰੇ ਸੰਗਠਨਾਂ ਅਤੇ ਨਾਗਰਿਕਾਂ ਦੁਆਰਾ ਈ-ਸਹੁੰ ਚੁਕਾ ਕੇ ਭ੍ਰਿਸ਼ਟਾਚਾਰ ਖਿਲਾਫ਼ ਲੋਕ ਲਹਿਰ ਖੜ੍ਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਾਰਦਰਸ਼ਤਾ, ਨਿਪੁੰਨਤਾ ਅਤੇ ਨਾਗਰਿਕ ਮੁਖੀ ਸ਼ਾਸਨ ਨੂੰ ਹੁਲਾਰਾ ਦੇਣ ਲਈ ਸੰਗਠਨਾਂ ਵਾਸਤੇ ਇਕ ਇਮਾਨਦਾਰੀ ਸੂਚੀ ਤਿਆਰ ਕੀਤੀ ਗਈ ਹੈ।




## ਲੇਖਾ ਪ੍ਰੀਖਿਆ ਅਤੇ ਲੇਖਾ ਪ੍ਰਕਿਰਿਆਵਾਂ ਨੂੰ ਮਜਬੂਤ ਕਰਨਾ

ਭਾਰਤ ਦਾ ਮਹਾਂ ਲੇਖਾਕਾਰ ਭ੍ਰਿਸ਼ਟਾਚਾਰ

ਖਿਲਾਫ਼ ਭਾਰਤ ਦੀ ਲੜਾਈ ਦਾ ਇਕ ਮਹੱਤਵਪੂਰਨ ਸੰਗਠਨ ਹੈ। 2014 ਤੋਂ ਲੈ ਕੇ, ਮਹਾਂ ਲੇਖਾਕਾਰ ਵਲੋਂ ਸੰਗਠਨਾਂ ਦੇ ਹਿਸਾਬ-ਕਿਤਾਬ ਅਤੇ ਲੇਖਾ ਪ੍ਰਥਾਵਾਂ ਵਿੱਚ ਸਰਕਾਰ ਦੇ ਵਿੱਤੀ ਸ਼ਾਸਨ ਸੰਬੰਧੀ ਸੁਧਾਰਾਂ ਨੂੰ ਅਪਣਾਇਆ ਗਿਆ ਹੈ। ਵਿੱਤੀ ਸ਼ਾਸਨ ਵਿੱਚ ਸ਼ੁਰੂ ਕੀਤੇ ਗਏ ਕੁੱਝ ਮਹੱਤਵਪੂਰਨ ਬਦਲਾਵਾਂ ਵਿੱਚ ਰੇਲਵੇ ਅਤੇ ਆਮ ਬਜਟ ਦਾ ਰਲੇਵਾਂ, ਯੋਜਨਾਕ੍ਰਿਤ ਅਤੇ ਗੈਰ-ਯੋਜਨਾਕ੍ਰਿਤ ਖਰਚਿਆਂ ਨੂੰ ਇਕ ਕਰਨਾ, ਸਿੱਧੇ ਵਿਦੇਸ਼ੀ ਨਿਵੇਸ਼ ਲਈ ਅਨੇਕ ਖੇਤਰਾਂ ਨੂੰ ਖੋਲ੍ਹਣਾ ਅਤੇ ਵਸਤੂ ਅਤੇ ਸੇਵਾ ਕਰ ਦੀ ਸ਼ੁਰੂਆਤ ਆਦਿ ਸ਼ਾਮਲ ਹਨ। ਸ਼ਹਿਰੀ ਸਥਾਨਕ ਸਭਾਵਾਂ ਅਤੇ ਪੰਚਾਇਤੀ ਰਾਜ ਸੰਸਥਾਨ, ਜੋ ਸਰਕਾਰ ਦਾ ਤੀਜਾ ਪੱਧਰ ਹਨ, ਨੂੰ ਸਾਲਾਨਾ 14 ਲੱਖ ਕਰੋੜ ਰੁਪਏ ਦਿੱਤੇ ਜਾਂਦੇ ਹਨ ਪਰ ਇਹ ਸੰਸਥਾਵਾਂ ਮਾੜੀਆਂ ਸ਼ਾਸਨ ਪ੍ਰਣਾਲੀਆਂ, ਕਮਜ਼ੋਰ ਵਿੱਤ ਪ੍ਰਬੰਧਨ ਅਤੇ ਮਾੜੀ ਜਵਾਬਦੇਹੀ ਦੀਆਂ ਸ਼ਿਕਾਰ ਹਨ। ਸ਼ਹਿਰੀ ਅਤੇ ਪੇਂਡੂ ਸਥਾਨਕ ਸਭਾਵਾਂ ਨੂੰ ਦਿੱਤੇ ਜਾਂਦੇ ਵਿਆਪਕ ਫੰਡਾਂ, ਉਨ੍ਹਾਂ ਦੀ ਸੰਖਿਆ ਤੇ ਭੂਗੋਲਿਕ ਪਸਾਰ ਨੂੰ ਵੇਖਦਿਆਂ, ਮਹਾਂ ਲੇਖਾ ਪ੍ਰੀਖਿਆਕਾਰ ਵਲੋਂ ਇਨ੍ਹਾਂ ਦੇ ਹਿਸਾਬ-ਕਿਤਾਬ ਨੂੰ ਇਕ ਅਹਿਮ ਖੇਤਰ ਵਜੋਂ ਚਿੰਨ੍ਹਤ ਕੀਤਾ ਗਿਆ ਹੈ ਜਿਸ ਨੂੰ ਪਦਾਰਥਵਾਦ ਦੇ ਨਜ਼ਰੀਏ ਤੋਂ ਚੰਗੀ ਤਰ੍ਹਾਂ ਸਮਝ ਕੇ ਉਨ੍ਹਾਂ ਦਾ ਹੱਲ ਕਰਨਾ ਜ਼ਰੂਰੀ ਹੈ। ਮਹਾਂ ਲੇਖਾ ਪ੍ਰੀਖਿਆਕਾਰ ਵਲੋਂ ਮਾਲੀਆ ਪ੍ਰਸ਼ਾਸਨ ਵਿੱਚ ਬਦਲ ਰਹੀਆਂ ਉਦਾਹਰਣਾਂ ਦੀ ਪਛਾਣ ਕੀਤੀ ਗਈ ਹੈ, ਜਿਸ ਵਿੱਚ ਸਮਾਨਾਂਤਰ ਅਰਥਚਾਰੇ ਅਤੇ ਕਾਲੇ ਧਨ, ਤਬਦੀਲੀ ਮੁੱਲ ਨਿਰਧਾਰਣ, ਰਿਹਾਇਸ਼ੀ ਬਿਲ ਆਦਿ ਦੀਆਂ ਚੁਣੌਤੀਆਂ ਸ਼ਾਮਲ ਹਨ, ਅਤੇ ਡਿਜੀਟਲ ਜਾਣਕਾਰੀ ਦੇ ਵਿਆਪਕ ਅਕਾਰ ਨੂੰ ਵਿਵਸਥਾ ਹੇਠ ਲਿਆਉਣ ਦੀ ਲੋੜ ਹੈ ਜੋ ਟੈਕਸ ਦਾਖਲ ਕਰਨ, ਸਮੀਖਿਆ ਅਤੇ ਵਸੂਲੀ ਪ੍ਰਕਿਰਿਆਵਾਂ ਦੇ ਵਧ ਰਹੇ ਸਵੈ-ਚਾਲਨ ਤੋਂ ਉਪਜੇਗੀ।

## ਸ਼ਾਸਨ ਵਿੱਚ ਪਾਰਦਰਸ਼ਤਾ

ਸੂਚਨਾ ਦਾ ਅਧਿਕਾਰ ਐਕਟ, 2005 ਇਕ ਅਧਿਕਾਰ ਅਧਾਰਤ ਕਾਨੂੰਨ ਹੈ ਜਿਸ ਨੇ ਭਾਰਤੀ ਲੋਕਤੰਤਰ ਦੀਆਂ ਜੜ੍ਹਾਂ ਮਜਬੂਤ ਕੀਤੀਆਂ ਹਨ ਅਤੇ ਦੇਸ਼ ਦੇ ਪ੍ਰਬੰਧਨ ਵਿੱਚ ਨਾਗਰਿਕਾਂ ਲਈ ਇਕ ਸਥਾਈ ਹਿੱਸੇਦਾਰੀ ਪੈਦਾ ਕੀਤੀ ਹੈ। ਪ੍ਰਧਾਨ ਮੰਤਰੀ ਨੇ ਆਖਿਆ ਹੈ ਕਿ ਸੂਚਨਾ ਅਧਿਕਰ ਐਕਟ ਉਤੇ ਅਮਲ ਸਿਰਫ ਨਾਗਰਿਕਾਂ ਦੇ ਜਾਣਨ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਪਰ ਇਸ ਦੇ ਦਾਇਰੇ ਵਿੱਚ ਸ਼ਾਮਲ ਕਰਨ ਦਾ ਅਧਿਕਾਰ ਵੀ ਆਉਣਾ ਚਾਹੀਦਾ ਹੈ। ਜਾਣਕਾਰੀ ਤੱਕ ਪਹੁੰਚ ਕਰਨ ਦੀ ਪ੍ਰਕਿਰਿਆ ਪਾਰਦਰਸ਼ੀ, ਸਮਾਂਬੱਧ ਅਤੇ ਰੁਕਾਵਟ ਰਹਿਤ ਹੋਣੀ ਚਾਹੀਦੀ ਹੈ। ਅਮਲ ਦੇ ਇਕ ਦਹਾਕੇ ਬਾਅਦ ਸੂਚਨਾ ਦੇ ਅਧਿਕਾਰ ਦੀ ਤਾਕਤ ਅਤੇ ਲਾਭ ਪੂਰੇ ਦੇਸ਼ ਵਿੱਚ ਮਹਿਸੂਸ ਕੀਤੇ ਜਾ ਰਹੇ ਹਨ। ਸੂਚਨਾ ਦੇ ਅਧਿਕਾਰ ਐਕਟ ਨਾਲ ਸ਼ਾਸਨ ਵਿੱਚ ਸੁਧਾਰ ਆਇਆ ਹੈ। ਜਾਣਕਾਰੀ ਸਾਂਝੀ ਕਰਕੇ ਨਾਗਰਿਕ ਫੈਸਲਾ ਲੈਣ ਦੀ ਪ੍ਰਕਿਰਿਆ ਦਾ ਹਿੱਸਾ ਬਣ ਗਏ ਹਨ ਜਿਸ ਨਾਲ ਨਾਗਰਿਕਾਂ ਅਤੇ ਸਰਕਾਰ ਦਰਮਿਆਨ ਭਰੋਸਾ ਬਣ ਰਿਹਾ ਹੈ।

## ਲੋਕਪਾਲ ਤੇ ਲੋਕ ਆਯੁਕਤ ਐਕਟ 2013

ਲੋਕਪਾਲ ਅਤੇ ਲੋਕ ਆਯੁਕਤ ਐਕਟ, 2013 ਨੇ ਕੇਂਦਰੀ ਚੌਕਸੀ ਆਯੋਗ, ਐਕਟ 2003 ਦੇ ਕੁੱਝ ਪ੍ਰਾਵਧਾਨਾਂ ਵਿੱਚ ਸੋਧਾਂ ਕੀਤੀਆਂ ਹਨ ਜਿਨ੍ਹਾਂ ਦੁਆਰਾ ਕੇਂਦਰੀ ਚੌਕਸੀ ਆਯੋਗ ਨੂੰ ਲੋਕਪਾਲ ਵਲੋਂ ਅਫ਼ਸਰਾਂ ਅਤੇ ਗਰੁੱਪ ਏ ਤੋਂ ਇਲਾਵਾ ਗਰੁੱਪ ਬੀ, ਸੀ ਅਤੇ ਡੀ ਦੇ ਅਧਿਕਾਰੀਆਂ ਦੇ ਮਾਮਲੇ ਵਿੱਚ ਭੇਜੀਆਂ ਸ਼ਿਕਾਇਤਾਂ ਦੀ ਮੁਢਲੀ ਜਾਂਚ ਲਈ ਤਾਕਤਾਂ ਦਿੱਤੀਆਂ ਗਈਆਂ ਹਨ। ਇਸ ਵਾਸਤੇ ਆਯੋਗ ਵਿੱਚ ਇਕ ਜਾਂਚ ਡਾਇਰੈਕਟੋਰੇਟ ਦਾ ਗਠਨ ਕੀਤਾ ਜਾਵੇਗਾ। ਗਰੁੱਪ ਏ ਅਤੇ ਬੀ ਦੇ ਅਫ਼ਸਰਾਂ ਦੇ ਸੰਬੰਧ ਵਿੱਚ ਲੋਕਪਾਲ ਵਲੋਂ ਭੇਜੇ ਗਏ ਅਜਿਹੇ ਮਾਮਲਿਆਂ ਦੀਆਂ ਮੁਢਲੀਆਂ ਜਾਂਚ ਰਿਪੋਰਟਾਂ ਆਯੋਗ ਵਲੋਂ ਲੋਕਪਾਲ ਨੂੰ ਭੇਜਣੀਆਂ ਜ਼ਰੂਰੀ ਹਨ। ਆਯੋਗ ਨੂੰ ਗਰੁੱਪ ਸੀ ਅਤੇ ਡੀ ਦੇ ਅਧਿਕਾਰੀਆਂ ਦੇ ਮਾਮਲੇ ਵਿੱਚ ਲੋਕਪਾਲ ਵਲੋਂ ਭੇਜੇ ਮਾਮਲਿਆਂ ਦੀ ਅੱਗੋਂ ਹੋਰ ਜਾਂਚ ਕਰਨ ਅਤੇ ਉਨ੍ਹਾਂ ਖਿਲਾਫ਼ ਅਗਲੇਰੀ ਕਾਰਵਾਈ ਬਾਰੇ ਫੈਸਲਾ ਕਰਨ ਦਾ ਵੀ ਅਖ਼ਤਿਆਰ ਦਿੱਤਾ ਗਿਆ ਹੈ।

## ਭ੍ਰਿਸ਼ਟਾਚਾਰ ਰੋਕਥਾਮ ਐਕਟ 1988 ਵਿੱਚ ਸੋਧ ਕਰਨਾ

ਭ੍ਰਿਸ਼ਟਾਚਾਰ ਰੋਕੂ ਐਕਟ ਇਕ ਅਜਿਹਾ ਐਕਟ ਹੈ ਜੋ ਭ੍ਰਿਸ਼ਟਾਚਾਰ ਨੂੰ ਰੋਕਣ ਸੰਬੰਧੀ ਕਾਨੂੰਨ ਨੂੰ ਮਜਬੂਤ ਅਤੇ ਸੁਧਾਰ ਕਰਨ ਨਾਲ ਸੰਬੰਧਿਤ ਹੈ। ਇਸ ਕਾਨੂੰਨ ਤਹਿਤ ਅਧਿਕਾਰਕ ਕਾਰਵਾਈਆਂ ਲਈ ਕਾਨੂੰਨੀ ਮਿਹਨਤਾਨਾ ਲੈਣ ਤੋਂ ਇਲਾਵਾ ਰਿਸ਼ਵਤ ਲੈਣ ਲਈ ਸਜ਼ਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਜਾਂਚ ਕਰਨ ਦੀਆਂ ਤਾਕਤਾਂ ਸੀ ਬੀ ਆਈ ਅਤੇ ਰਾਜਾਂ ਦੀ ਪੁਲਿਸ ਨੂੰ ਦਿੱਤੀਆਂ ਗਈਆਂ ਹਨ। ਸਰਕਾਰ ਨੇ ਕਿਹਾ ਹੈ ਕਿ ਸਰਕਾਰੀ ਕਰਮਚਾਰੀਆਂ ਲਈ ਜਵਾਬਦੇਹੀ ਦੇ ਮਿਆਰਾਂ ਨੂੰ ਯਥਾਰਥਕ ਪੱਧਰ ਤੱਕ ਰੱਖਣਾ ਹੋਵੇਗਾ ਤਾਂ ਕਿ ਅਫ਼ਸਰ ਇਮਾਨਦਾਰੀ ਵਾਲੇ ਫੈਸਲੇ ਲੈਣ ਵਿੱਚ ਨਾ ਝਿਜਕਣ। ਸਰਕਾਰ ਵਲੋਂ ਭ੍ਰਿਸ਼ਟਾਚਾਰ ਰੋਕੂ ਐਕਟ ਵਿੱਚ ਇਕ ਸੋਧ ਬਿਲ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ ਜੋ ਅਪਰਾਧਕ ਦੁਰਵਿਵਹਾਰ ਦੀ ਪਰਿਭਾਸ਼ਾ ਦੀ ਥਾਂ ਲਵੇਗਾ। ਇਸ ਤਹਿਤ ਆਮਦਨ ਤੋਂ ਵੱਧ ਅਸਾਸੇ ਪ੍ਰਾਪਤ



ਕਰਨ ਨੂੰ ਸਹੀ ਠਹਿਰਾਉਣਾ ਹੋਵੇਗਾ ਅਤੇ ਅਜਿਹੇ ਅਸਾਸਿਆਂ ਨੂੰ ਰੱਖਣ ਨੂੰ ਵੀ ਜਾਇਜ਼ ਸਾਬਤ ਕਰਨਾ ਹੋਵੇਗਾ, ਜਿਸ ਦੇ ਸਿੱਟੇ ਵਜੋਂ ਆਮਦਨ ਤੋਂ ਵੱਧ ਅਸਾਸੇ ਰੱਖਣ ਦੇ ਦੋਸ਼ ਨੂੰ ਸਾਬਤ ਕਰਨ ਲਈ ਮੁਢਲੀ ਸੀਮਾ ਵੀ ਵਧਾ ਦਿੱਤਾ ਜਾਵੇਗੀ।

### ਸੂਚਨਾ ਦੇਣ ਵਾਲਿਆਂ ਦੀ ਸੁਰੱਖਿਆ ਨੂੰ ਮਜਬੂਤ ਕਰਨਾ

ਦੇਸ਼ ਵਿੱਚ ਸੂਚਨਾ ਦੇਣ ਵਾਲਿਆਂ ਨੂੰ ਕਾਨੂੰਨੀ ਸੁਰੱਖਿਆ ਦੇਣ ਲਈ ਜਨਤਕ ਹਿਤ ਦੇ ਖੁਲਾਸੇ ਅਤੇ ਖੁਲਾਸੇ ਕਰਨ ਵਾਲੇ ਵਿਅਕਤੀਆਂ ਦੀ ਸੁਰੱਖਿਆ ਬਿਲ, 2011 ਲੋਕ ਸਭਾ ਵਿੱਚ ਅਗਸਤ 2010 ਨੂੰ ਪੇਸ਼ ਕੀਤਾ ਗਿਆ। ਇਹ ਬਿਲ ਲੋਕਸਭਾ ਵਲੋਂ ਦਸੰਬਰ 2011 ਵਿੱਚ ਸੂਚਨਾ ਦੇਣ ਵਾਲਿਆਂ ਦੀ ਸੁਰੱਖਿਆ ਬਿਲ 2011 ਵਜੋਂ ਪਾਸ ਕਰ ਦਿੱਤਾ ਗਿਆ। ਰਾਜ ਸਭਾ ਵਲੋਂ ਇਹ ਬਿਲ ਫ਼ਰਵਰੀ 2014 ਵਿੱਚ ਪਾਸ ਕੀਤਾ ਗਿਆ। ਇਸ ਬਿਲ ਉਤੇ ਰਾਸ਼ਟਰਪਤੀ ਵਲੋਂ 9 ਮਈ, 2014 ਨੂੰ ਮੋਹਰ ਲਾ ਦਿੱਤੀ ਗਈ। 2015 ਵਿੱਚ ਇਸ ਐਕਟ ਵਿੱਚ 21 ਹੋਰ ਸੋਧਾਂ ਕੀਤੀਆਂ ਗਈਆਂ। ਅਜਿਹਾ ਖੁਲਾਸੇ ਕਰਨ ਲਈ ਸੁਰੱਖਿਆ ਨੂੰ ਮਜਬੂਤੀ ਦੇਣ ਲਈ ਜ਼ਰੂਰੀ ਪ੍ਰਾਵਧਾਨ ਸ਼ਾਮਲ ਕਰਨ ਦੇ ਮੱਦੇਨਜ਼ਰ ਕੀਤਾ ਗਿਆ ਸੀ ਜੋ ਪ੍ਰਤਿਕੂਲ ਰੂਪ ਵਿੱਚ ਦੇਸ਼ ਦੀ ਏਕਤਾ ਅਤੇ ਅਖੰਡਤਾ, ਸੁਰੱਖਿਆ ਆਦਿ ਉਤੇ ਅਸਰਅੰਦਾਜ਼ ਹੋ ਸਕਦਾ ਹੈ। ਇਨ੍ਹਾਂ ਸੋਧਾਂ ਰਾਹੀ ਰਾਸ਼ਟਰੀ ਸੁਰੱਖਿਆ ਨਾਲ ਸੰਬੰਧਿਤ ਤੌਖਲਿਆਂ ਦਾ ਹੱਲ ਕੀਤਾ ਗਿਆ ਅਤੇ ਖੁਲਾਸੇ ਕਰਨ ਲਈ ਸੁਰੱਖਿਆ ਨੂੰ ਮਜਬੂਤੀ ਦਿੱਤੀ ਗਈ ਜੋ ਪ੍ਰਤਿਕੂਲ ਰੂਪ ਦੇਸ਼ ਦੀ ਏਕਤਾ ਅਤੇ ਅਖੰਡਤਾ ਉਤੇ ਪ੍ਰਭਾਵ ਪਾ ਸਕਦੇ ਹਨ।

### ਬੇਨਾਮੀ ਲੈਣ-ਦੇਣ ਉਤੇ ਕਾਰਵਾਈ

ਭਾਵੇਂ ਕਿ ਬੇਨਾਮੀ ਲੈਣ-ਦੇਣ (ਰੋਕਥਾਮ) ਐਕਟ, 1988, 28 ਸਾਲਾਂ ਤੋਂ ਕਾਨੂੰਨ ਦੀਆਂ ਕਿਤਾਬਾਂ ਵਿੱਚ ਦਰਜ ਹੈ ਪਰ ਇਸ ਨੂੰ ਕੁੱਝ ਜਮਾਂਦਰੂ ਨੁਕਸਾਂ ਕਰਕੇ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਸਕਿਆ। ਬੇਨਾਮੀ ਲੈਣ-ਦੇਣ ਦੀ ਰੋਕਥਾਮ ਲਈ ਪ੍ਰਭਾਵੀ ਨਿਜ਼ਾਮ ਪ੍ਰਦਾਨ ਕਰਨ ਦੇ ਪੱਖੋਂ, ਇਸ ਐਕਟ ਵਿੱਚ ਬੇਨਾਮੀ ਲੈਣ-ਦੇਣ (ਰੋਕਥਾਮ) ਸੋਧ ਐਕਟ, 2016 ਰਾਹੀਂ ਸੋਧ ਕੀਤੀ ਗਈ। ਸੋਧਿਆ ਹੋਇਆ ਕਾਨੂੰਨ ਆਮਦਨ ਕਰ ਅਧਿਕਾਰੀਆਂ ਨੂੰ ਬੇਨਾਮੀ ਜਾਇਦਾਦਾਂ ਸ਼ੁਰੂਆਤ ਵਿੱਚ ਆਪਣੇ ਅਧਿਕਾਰ ਹੇਠ ਲੈਣ ਦੀ ਤਾਕਤ ਦਿੰਦਾ ਹੈ ਜਿਨ੍ਹਾਂ ਨੂੰ ਆਖਰ ਵਿੱਚ ਜਬਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ, ਜੇ ਕੋਈ ਵਿਅਕਤੀ ਸਮਰੱਥ ਅਦਾਲਤ ਵਲੋਂ ਬੇਨਾਮੀ ਲੈਣ-ਦੇਣ ਦੇ ਅਪਰਾਧ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਕਠੋਰ ਸਜ਼ਾ ਦਿੱਤੀ ਜਾ ਸਕਦੀ ਹੈ ਜੋ ਇਕ ਸਾਲ ਤੋਂ ਘੱਟ ਨਾ ਹੋਵੇ ਪਰ ਜਿਸ ਨੂੰ ਸੱਤ ਸਾਲ ਤੱਕ ਵਧਾਇਆ ਜਾ ਸਕਦਾ ਹੈ। ਇਸ ਜੁਰਮ ਦੇ ਲਈ ਬੇਨਾਮੀ ਜਾਇਦਾਦ ਦੇ ਬਾਜ਼ਾਰ ਮੁੱਲ ਦੇ 25 ਪ੍ਰਤਿਸ਼ਤ ਤੱਕ ਜੁਰਮਾਨਾ ਵੀ ਲਾਇਆ ਜਾ ਸਕਦਾ ਹੈ। ਬੇਨਾਮੀ ਲੈਣ-ਦੇਣ (ਰੋਕਥਾਮ) ਸੋਧ ਐਕਟ, 2016, 1 ਨਵੰਬਰ, 2016 ਤੋਂ ਅਮਲ ਵਿੱਚ ਆ ਗਿਆ। ਸੋਧਿਆ ਹੋਇਆ ਕਾਨੂੰਨ ਅਮਲ ਹੇਠ ਆਉਣ ਤੋਂ ਬਾਅਦ ਅਨੇਕ ਬੇਨਾਮੀ ਲੈਣ-ਦੇਣ ਤੋਂ ਪਰਦਾ ਚੁੱਕਿਆ ਗਿਆ ਹੈ।

ਅੰਤ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ ਭਾਰਤ ਦੀ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਖਿਲਾਫ਼ ਜੰਗ ਜਾਰੀ ਹੈ। ਸਮਾਰਟ ਸ਼ਾਸਨ ਉਤੇ ਕੇਂਦਰਿਤ ਇਹ ਯਤਨ ਹਾਂ ਪੱਖੀ ਨਤੀਜੇ ਦੇ ਰਹੇ ਹਨ।

*(ਲੇਖਕ ਰਾਜਸਥਾਨ ਕਰ ਬੋਰਡ ਦਾ ਚੇਅਰਮੈਨ ਹੈ ਜਿਸ ਕੋਲ ਬੋਰਡ ਆਫ ਰੈਵੀਨਿਊ, ਰਾਜਸਥਾਨ ਦੇ ਚੇਅਰਮੈਨ ਦਾ ਵਧੀਕ ਚਾਰਜ ਵੀ ਹੈ।)*

*e-mail :vsrinivas@nic.in*



# ਨਵੇਂ ਭਾਰਤ ਵਿੱਚ ਹੁਨਰ ਅਤੇ ਉੱਦਮਤਾ ਦਾ ਵਿਕਾਸ

ਅਮਿਤ ਕੁਮਾਰ ਦਿਵੇਦੀ ਅਤੇ ਸਰਵਨਨ ਵੇਲੂਸਾਮੀ

ਭਾਰਤ ਦੀ ਆਰਥਿਕਤਾ ਦਾ ਸ਼ੁਮਾਰ ਦੁਨੀਆਂ ਦੇ ਸਭ ਤੋਂ ਵੱਡੇ ਅਰਥਚਾਰਿਆਂ ਵਿੱਚ ਹੁੰਦਾ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਇਸ ਦੇ ਕੁੱਲ ਘਰੇਲੂ ਵਿਕਾਸ ਦੀ ਔਸਤ ਵਾਧਾ ਦਰ 7 ਪ੍ਰਤਿਸ਼ਤ ਰਹੀ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਨਵੇਂ ਉਦਯੋਗਿਕ ਅਰਥਚਾਰੇ ਦੇ ਤੌਰ ਤੇ ਜਾਣੇ ਜਾਂਦੇ ਇਸ ਦੇਸ਼ ਵਿੱਚ ਵਿਸ਼ਾਲ ਨੌਜਵਾਨ ਜਨਸੰਖਿਆ ਦੇ ਪੱਖੋਂ ਜਨਸੰਖਿਆ ਲਾਭਾਂਸ਼ ਦਾ ਫਾਇਦਾ ਚੁੱਕਿਆ ਜਾਣਾ ਹਾਲੇ ਬਾਕੀ ਹੈ। ਉਦਯੋਗਿਕ ਉਤਪਾਦਨ, ਸ਼ਹਿਰੀਕਰਨ ਅਤੇ ਰੋਜ਼ਗਾਰ ਲਈ ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਦੀ ਰੌਸ਼ਨੀ ਵਿੱਚ ਆਰਥਿਕਤਾ ਵਧ ਫੁੱਲ ਰਹੀ ਹੈ। ਸੇਵਾ ਖੇਤਰ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿੱਚ ਸਭ ਤੋਂ ਵੱਧ ਯੋਗਦਾਨ ਹੈ। ਇਸ ਤੋਂ ਬਾਅਦ ਉਦਯੋਗ ਅਤੇ ਖੇਤੀ ਖੇਤਰਾਂ ਦਾ ਨੰਬਰ ਆਉਂਦਾ ਹੈ। ਦੇਸ਼ ਦੀ ਲਗਭਗ ਅੱਧੀ ਕਾਮਾ ਸ਼ਕਤੀ ਸਵੈ-ਰੋਜ਼ਗਾਰ ਵਾਲੀ ਹੈ ਅਤੇ ਇਨ੍ਹਾਂ ਵਿੱਚੋਂ 93 ਪ੍ਰਤਿਸ਼ਤ ਅਸੰਗਠਿਤ ਖੇਤਰ ਵਿੱਚ ਕੰਮ ਕਰਦੇ ਹਨ। ਭਾਰਤ ਦੀ ਕੰਮਕਾਜ ਕਰਨ ਵਾਲੀ ਉਮਰ ਵਸੋਂ ਦੀ ਗਿਣਤੀ 2020 ਤੱਕ 170 ਮਿਲੀਅਨ ਤੱਕ ਪੁੱਜਣ ਦਾ ਅਨੁਮਾਨ ਹੈ ਜਿਸ ਦਾ ਅਧਾਰ ਐਸੋਚੈਮ ਵਲੋਂ ਕਰਵਾਏ ਇਕ ਅਧਿਐਨ ਮੁਤਾਬਕ ਜਨਸੰਖਿਆ ਵਾਧੇ ਦੀ ਦਰ, ਕਾਮਾ ਸ਼ਕਤੀ ਦੀ ਵਧੀ ਹੋਈ ਭਾਗੀਦਾਰੀ ਅਤੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਵਧ ਰਹੇ ਦਾਖਲੇ ਹਨ। ਇਸ ਲਈ ਜੇ ਹੁਣ ਅਸੀਂ ਆਪਣੀ ਨੌਜਵਾਨ ਕਾਮਾ ਸ਼ਕਤੀ ਨੂੰ ਸਿਖਲਾਈ ਨਾ ਦਿੱਤੀ ਤਾਂ ਸਾਡੇ ਸਾਹਮਣੇ ਨਾ ਕੇਵਲ ਨੌਜਵਾਨ ਅਤੇ ਗਤੀਸ਼ੀਲ ਕੰਮਕਾਜੀ ਉਮਰ ਦੀ ਵਸੋਂ ਦਾ ਲਾਹਾ ਗੁਆਉਣ ਦਾ ਖ਼ਤਰਾ ਖੜ੍ਹਾ ਹੋ ਜਾਵੇਗਾ ਸਗੋਂ ਜਨਸੰਖਿਆ ਲਾਭ ਅੰਸ਼ ਵੀ ਜਨਸੰਖਿਅਕ ਤਬਾਹੀ ਵਿੱਚ ਬਦਲ ਜਾਵੇਗਾ। ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਅਤੇ ਰੋਜ਼ਗਾਰ ਯੋਗ ਨੌਜਵਾਨ ਵਸੋਂ ਦਾ ਨਿਰਮਾਣ ਕਰਨਾ ਨਾਲੋ-ਨਾਲ ਚੱਲਣਾ ਚਾਹੀਦਾ ਹੈ।

## ਹੁਨਰ ਦੀ ਘਾਟ

ਗੁਣਵੱਤਾ ਵਾਲੀ ਸਿੱਖਿਆ ਦੀ ਕਮੀ ਦਾ ਨਤੀਜਾ ਨੌਜਵਾਨਾਂ ਵਿੱਚ ਰੋਜ਼ਗਾਰ ਯੋਗਤਾ ਦੀ ਕਮੀ ਦੇ ਵੱਧ ਮਾਮਲਿਆਂ ਦੇ ਰੂਪ ਵਿੱਚ ਨਿਕਲਿਆ ਹੈ। ਰੋਜ਼ਗਾਰ ਦੇ ਮੌਕਿਆਂ ਦੀ ਕਮੀ ਨੇ ਨੌਕਰੀ ਬਾਜ਼ਾਰ ਵਿੱਚ ਮੁਕਾਬਲੇਬਾਜ਼ੀ ਵਧਾ ਦਿੱਤੀ ਹੈ। ਕਿੱਤਾਮੁਖੀ ਅਤੇ ਹੁਨਰ ਸਿਖਲਾਈ ਲਈ ਪੈਸੇ ਦੀ ਅਣਹੋਂਦ ਨੇ ਗ਼ੈਰ-ਹੁਨਰਮੰਦ ਕਾਮਾ ਸ਼ਕਤੀ ਵਿੱਚ ਵਾਧਾ ਕੀਤਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦੇਸ਼ ਅੰਦਰ ਅਸੁਰੱਖਿਅਤ ਕੰਮ ਦੇ ਵਾਤਾਵਰਨ ਵਿੱਚ ਕੰਮ ਕਰ ਰਹੇ ਹਨ। ਸਕੂਲਾਂ ਅਤੇ ਕਾਲਜਾਂ ਨੂੰ ਵਿਚਾਲੇ ਛੱਡਣ ਵਾਲਿਆਂ ਦੀ ਦਰ ਵਿੱਚ ਲਗਾਤਾਰ ਹੋ ਰਿਹਾ ਵਾਧਾ ਅਤੇ ਉੱਦਮਤਾ ਪ੍ਰੇਰਨਾ ਅਤੇ ਸਿਖਲਾਈ ਦੀ ਕਮੀ ਨੇ ਦੇਸ਼ ਦੇ ਨੌਜਵਾਨਾਂ ਵਿੱਚ ਵੱਡੇ ਪੱਧਰ ਤੇ ਬੇਰੋਜ਼ਗਾਰੀ ਫੈਲਾਈ ਹੈ। ਭਾਰਤ ਸਰਕਾਰ ਵਲੋਂ ਦੇਸ਼ ਵਿੱਚ ਨੌਕਰੀਆਂ ਦੇ ਜ਼ਿਆਦਾ ਮੌਕੇ ਪੈਦਾ ਕਰਨ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਵਚਨਬਧਤਾ ਕੀਤੀ ਗਈ ਹੈ। ਬਜਟ ਪੇਸ਼ ਕਰਨ ਦੌਰਾਨ ਕੇਂਦਰੀ ਵਿੱਤ ਮੰਤਰੀ ਸ਼੍ਰੀ ਅਰੁਣ ਜੇਟਲੀ ਨੇ ਆਖਿਆ, "ਨੌਜਵਾਨਾਂ ਅੰਦਰ ਸਿੱਖਿਆ, ਹੁਨਰ ਅਤੇ ਨੌਕਰੀਆਂ ਰਾਹੀਂ ਊਰਜਾ ਦਾ ਸੰਚਾਰ ਕਰਨਾ ਸਰਕਾਰ ਦਾ ਮੁੱਖ ਕਰਤਵ ਹੈ।" ਪਰ ਰੋਜ਼ਗਾਰ ਵਿਕਾਸ ਵਿੱਚ ਖੜੋਤ ਹੈ ਅਤੇ ਇਸ ਪਾਸੇ ਚੁੱਕੇ ਗਏ ਕਦਮਾਂ ਦਾ ਕੋਈ ਬਹੁਤਾ ਲਾਭ ਨਹੀਂ ਹੋਇਆ। ਕੁੱਲ ਕਾਮਾ ਸ਼ਕਤੀ ਵਿੱਚ ਸਿਰਫ 10 ਪ੍ਰਤਿਸ਼ਤ ਨੂੰ ਹੀ ਕਿਸੇ ਪ੍ਰਕਾਰ ਦੇ ਹੁਨਰ ਦੀ ਸਿਖਲਾਈ ਪ੍ਰਾਪਤ ਹੁੰਦੀ ਹੈ – ਅਜਿਹਾ ਅਰਨੈਸਟ ਅਤੇ ਯੰਗ ਦੇ ਇਕ ਅਧਿਐਨ ਵਿੱਚ ਕਿਹਾ ਗਿਆ ਹੈ। ਸਿਖਲਾਈ ਦੀਆਂ ਮੌਜੂਦਾ ਪ੍ਰਣਾਲੀਆਂ ਵਿੱਚ ਸਮਰੱਥਾ ਦਾ ਵਿਕਾਸ, ਸਿਖਲਾਈ ਵਿੱਚ ਗੁਣਵੱਤਾ ਅਤੇ ਪ੍ਰਸੰਗਿਕਤਾ ਨੂੰ ਬਣਾ ਕੇ ਰੱਖਣਾ, ਸੰਸਥਾਗਤ ਤੰਤਰਾਂ ਦਾ ਨਿਰਮਾਣ ਕਰਨਾ ਅਤੇ ਇਨ੍ਹਾਂ ਦੀ ਸਿਖਲਾਈ ਦੀਆਂ



ਪਹਿਲਕਦਮੀਆਂ ਦਾ ਵਿੱਤੀਕਰਨ ਆਦਿ ਹੁਨਰ ਦੇ ਵਿਕਾਸ ਲਈ ਕੁਝ ਵੰਗਾਰਾਂ ਹਨ ਜਿਨ੍ਹਾਂ ਦਾ ਸਾਹਮਣਾ, ਰਿਪੋਰਟ ਮੁਤਾਬਕ, ਆਉਣ ਵਾਲੇ ਸਾਲਾਂ ਵਿੱਚ ਸਰਕਾਰ ਨੂੰ ਕਰਨਾ ਪਵੇਗਾ।



## ਰੋਜ਼ਗਾਰ ਯੋਗ ਕਾਮਾ ਸ਼ਕਤੀ ਦਾ ਨਿਰਮਾਣ ਕਰਨਾ

ਐਸੋਚੈਮ – ਟੀ ਆਈ ਐੱਸ ਐੱਸ ਦੇ ਇਕ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਨਵੇਂ ਸਟਾਰਟ ਅੱਪ ਦੇ ਪੇਟੈਂਟ ਅਤੇ ਵਿਕਾਸ ਦੀ ਦਰਜਾਬੰਦੀ ਵਿੱਚ ਭਾਰਤ ਦੀ ਕਾਰਗੁਜ਼ਾਰੀ ਬਹੁਤ ਤਸੱਲੀਬਖਸ਼ ਨਹੀਂ ਰਹੀ। ਉਚੇਰੀ ਸਿੱਖਿਆ ਦੇ ਸੰਸਥਾਨ ਜਿਵੇਂ ਕਿ ਸੂਬਾਈ ਅਤੇ ਕੇਂਦਰੀ ਵਿਸ਼ਵ-ਵਿਦਿਆਲੇ ਖੋਜ ਲਈ ਬੁਨਿਆਦੀ ਢਾਂਚੇ ਦੀ ਸਥਾਪਤੀ ਅਤੇ ਉੱਦਮਤਾ ਨੂੰ ਪ੍ਰੋਤਸਾਹਨ ਦੇਣ ਲਈ ਪੈਸੇ ਦੀ ਕਮੀ ਨਾਲ ਜੂਝ ਰਹੇ ਹਨ। ਇਸ ਪ੍ਰਕਾਰ ਹੁਨਰਮੰਦੀ ਹੀ ਦੇਸ਼ ਦੇ ਉੱਦਮਤਾ ਦੇ ਧਰਾਤਲ ਵਿੱਚ ਸੁਧਾਰ ਕਰਨ ਦਾ ਇਕੋ ਇਕ ਰਸਤਾ ਹੈ। ਨੇੜ ਭਵਿੱਖ ਵਿੱਚ ਹੁਨਰਮੰਦ ਕਾਮਾ ਸ਼ਕਤੀ ਦਾ ਨਿਰਮਾਣ ਕਰਨ ਦੀ ਲੋੜ ਦੇ ਨਾਲ-ਨਾਲ ਸਰਕਾਰ ਦੀ ਇਹ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਮੰਗ ਪੂਰਤੀ ਦੇ ਅਸੰਤੁਲਨ, ਸਿਖਲਾਈ ਪ੍ਰੋਗਰਾਮ ਦੇ ਪੱਧਰ ਅਤੇ ਸਥਿਰਤਾ, ਵਿਆਪਕ ਪੱਧਰ ਦੇ ਸਿਖਲਾਈ ਪ੍ਰੋਗਰਾਮ ਲਈ ਲੋੜੀਂਦੇ ਬੁਨਿਆਦੀ ਢਾਂਚੇ ਅਤੇ ਜ਼ਰੂਰੀ ਸਹੂਲਤਾਂ ਪ੍ਰਦਾਨ ਕਰਨ, ਵਧੀਆ ਪੱਧਰ ਦੇ ਸਿਖਲਾਈ ਦੇਣ ਵਾਲਿਆਂ ਦੀ ਭਰਤੀ ਅਤੇ ਸਿਖਲਾਈ ਆਦਿ ਦੇ ਮੁੱਦਿਆਂ ਦਾ ਹੱਲ ਵੀ ਕਰੇ। ਰਿਪੋਰਟ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ ਵੱਖ-ਵੱਖ ਹਿਤ ਧਾਰਕਾਂ ਦੇ ਯਤਨਾਂ ਅਤੇ ਮੁਹਾਰਤ ਵਿੱਚ ਤਾਲਮੇਲ ਪੈਦਾ ਕਰਨ ਲਈ ਸਰੋਤ ਜੁਟਾਏ ਜਾਣ ਅਤੇ ਕਿੱਤਾਮੁਖੀ ਸਿੱਖਿਆ ਅਤੇ ਹੁਨਰ ਵਿਕਾਸ ਦੇ ਮੰਚਾਂ ਦੀ ਪਛਾਣ ਕੀਤੀ ਜਾਵੇ ਤਾਂ ਕਿ ਸਮੁੱਚੇ ਅਰਥਚਾਰੇ ਲਈ ਰੋਜ਼ਗਾਰ ਯੋਗ ਕਾਮਾ ਸ਼ਕਤੀ ਦਾ ਨਿਰਮਾਣ ਕੀਤਾ ਜਾ ਸਕੇ।

## ਹੁਨਰਮੰਦ ਭਾਰਤ ਪ੍ਰੋਗਰਾਮ

ਭਾਰਤ ਸਰਕਾਰ ਵਲੋਂ ਹੁਨਰ ਵਿਕਾਸ ਅਤੇ ਉੱਦਮਤਾ ਲਈ ਇਕ ਨਵੇਂ ਮੰਤਰਾਲੇ (ਐੱਮ ਐੱਸ ਡੀ ਈ) ਦਾ ਗਠਨ ਕੀਤਾ ਗਿਆ ਹੈ ਤਾਂ ਜੋ ਮੁਲਕ ਵਿੱਚ ਵਧੀਆ ਮਜ਼ਦੂਰਾਂ ਅਤੇ ਰੋਜ਼ਗਾਰ ਤੱਕ ਪਹੁੰਚ ਦੇ ਮੁੱਦਿਆਂ ਦਾ ਹੱਲ ਕੀਤਾ ਜਾ ਸਕੇ। ਹੁਨਰ ਦੇ ਵਿਕਾਸ ਬਾਰੇ ਰਾਸ਼ਟਰੀ ਨੀਤੀ ਵਿੱਚ, ਤਕਨਾਲੋਜੀ ਦੀ ਤਰੱਕੀ ਅਤੇ ਕਿਰਤ ਬਾਜ਼ਾਰ ਦੀਆਂ ਮੰਗਾਂ ਦੇ ਨਾਲ-ਨਾਲ, ਕਾਮਾ ਸ਼ਕਤੀ ਦੀ ਰੋਜ਼ਗਾਰ ਯੋਗਤਾ ਵਿੱਚ ਵਾਧਾ ਕਰਨ ਦਾ ਖਾਕਾ ਉਲੀਕਿਆ ਗਿਆ ਹੈ। ਇਸ ਨੀਤੀ ਅੰਦਰ ਆਰਥਿਕਤਾ ਅੰਦਰ ਉਤਪਾਦਕਤਾ ਦਾ ਵਾਧਾ ਕਰਨ ਅਤੇ ਦੇਸ਼ ਦੀ ਮੁਕਾਬਲੇ ਦੀ ਸਮਰੱਥਾ ਨੂੰ ਮਜਬੂਤ ਕਰਨ ਦੀ ਇੱਛਾ ਜਤਾਈ ਗਈ ਹੈ ਤਾਂ ਜੋ ਗਰੀਬਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ।

ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀ ਐੱਮ ਕੇ ਵੀ ਵਾਈ) ਹੁਨਰ ਵਿਕਾਸ ਦਾ ਇਕ ਪ੍ਰੋਗਰਾਮ ਹੈ ਜੋ ਨੌਜਵਾਨਾਂ ਲਈ ਲਾਭਕਾਰੀ ਰੋਜ਼ਗਾਰ ਲਈ ਲੋੜੀਂਦੇ ਸੱਨਅਤੀ ਤੌਰ ਤੇ ਪ੍ਰਸੰਗਿਕ ਹੁਨਰਾਂ ਦੀ ਪਛਾਣ ਕਰਦਾ ਹੈ। ਇਹ ਇਕ ਮੋਹਰੀ ਪ੍ਰੋਗਰਾਮ ਹੈ ਜੋ ਹਾਸਲ ਕੀਤੀ ਜਾਣਕਾਰੀ ਅਤੇ ਹੁਨਰ ਨੂੰ ਮਾਨਤਾ ਦੇਣ ਅਤੇ ਪ੍ਰਮਾਣੀਕਰਨ ਦਾ ਕੰਮ ਕਰਨ ਵੱਲ ਇੱਛਤ ਹੈ। ਪਹਿਲੋਂ ਪ੍ਰਾਪਤ ਸਿਖਲਾਈ ਅਨੁਭਵ ਜਾਂ ਹੁਨਰਾਂ ਦੀ ਵੀ ਸਮੀਖਿਆ ਕੀਤੀ ਜਾਵੇਗੀ ਅਤੇ ਇਨ੍ਹਾਂ ਨੂੰ ਪਹਿਲੋਂ ਪ੍ਰਾਪਤ ਸਿਖਲਾਈ ਦੀ ਮਾਨਤਾ (ਆਰ ਪੀ ਐੱਲ) ਤਹਿਤ ਪ੍ਰਮਾਣਿਤ ਵੀ ਕੀਤਾ ਜਾਵੇਗਾ। ਇਸ ਪ੍ਰੋਗਰਾਮ ਤਹਿਤ, ਪੀ ਐੱਮ ਕੇ ਵੀ ਵਾਈ ਸਿਖਲਾਈ ਕੇਂਦਰਾਂ ਵਲੋਂ ਛੋਟੀ ਮਿਆਦ ਦੇ ਸਿਖਲਾਈ ਕੋਰਸ ਕਰਵਾਏ ਜਾਂਦੇ ਹਨ। ਹੁਨਰਮੰਦ ਭਾਰਤ ਲਈ ਨਿਸ਼ਾਨੇ ਤੇ ਸਮੂਹਾਂ ਵਿੱਚ ਕਾਮਾ ਸ਼ਕਤੀ ਵਿੱਚ ਆਉਣ ਵਾਲੇ ਸਾਰੇ ਸ਼ਾਮਲ ਹਨ, ਜਿਸ ਵਿੱਚ ਨੌਕਰੀ ਬਾਜ਼ਾਰ ਵਿੱਚ ਦਾਖਲ ਹੋਣ ਵਾਲੇ ਵੀ

ਤਾਲਿਕਾ

| ਕਿਰਤ ਸ਼ਕਤੀ | ਹੁਨਰਮੰਦ ਕੀਤੇ ਜਾਣ ਵਾਲੇ ਕਿਰਤੀਆਂ ਦੀ ਅਨੁਮਾਨਿਤ ਸੰਖਿਆ* |
|---|---|
| 1. ਬਿਲਕੁੱਲ ਨਵੇਂ (ਪਹਿਲੀ ਵਾਰ ਦੇ ਕਿਰਤੀ) | ਲਗਭਗ 12.8 ਮਿਲੀਅਨ (ਹਰੇਕ ਸਾਲ) |
| 2. ਸੰਗਠਿਤ ਖੇਤਰ ਦੇ ਕਿਰਤੀ | 26 ਮਿਲੀਅਨ |
| 3. ਅਸੰਗਠਿਤ ਖੇਤਰ | 433 ਮਿਲੀਅਨ |
| 4. 2022 ਤੱਕ ਹੁਨਰਮੰਦ ਕੀਤੇ ਜਾਣ ਵਾਲੇ ਕਿਰਤੀ | 500 ਮਿਲੀਅਨ |
| 5. ਐੱਨ ਐੱਸ ਡੀ ਸੀ ਦੀ ਮੌਜੂਦਾ ਸਮਰੱਥਾ | 3.1 ਮਿਲੀਅਨ ਪ੍ਰਤਿ ਸਾਲ |

* ਅੰਕੜੇ 2004-05 ਦੇ ਹਨ।

ਸਰੋਤ : ਹੁਨਰ ਵਿਕਾਸ 2015 ਬਾਰੇ ਰਾਸ਼ਟਰੀ ਨੀਤੀ

ਸ਼ਾਮਲ ਹਨ। ਇਸ ਵਿੱਚ ਸੰਗਠਿਤ ਅਤੇ ਅਸੰਗਠਿਤ ਖੇਤਰਾਂ ਵਿੱਚ ਕੰਮ ਕਰਨ ਵਾਲੇ ਵੀ ਸ਼ਾਮਲ ਹਨ।

ਉਪਰੋਕਤ ਤਾਲਿਕਾ ਤੋਂ ਅਸੀ ਸਮਝ ਸਕਦੇ ਹਾਂ ਕਿ ਹੁਨਰਮੰਦ ਭਾਰਤ ਇਕ ਮਹੱਤਵਕਾਂਸ਼ੀ ਪ੍ਰੋਗਰਾਮ ਹੈ ਜਿਸ ਦਾ ਟੀਚਾ ਵੱਖ-ਵੱਖ ਖੇਤਰਾਂ ਦੇ ਕਿਰਤੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਹੁਨਰਾਂ ਵਿੱਚ ਨਿਪੁੰਨ ਕਰਨਾ ਹੈ ਤਾਂ ਕਿ ਸਾਰੇ ਸੱਨਅਤੀ ਖੇਤਰਾਂ ਲਈ ਹੁਨਰਮੰਦ ਕਾਮਾ ਸ਼ਕਤੀ ਦੀ ਪ੍ਰਤਿਭਾ ਦਾ ਇਕ ਭੰਡਾਰ ਬਣਾਇਆ ਜਾ ਸਕੇ। ਪੀ ਐੱਮ ਕੇ ਵੀ ਵਾਈ ਤਹਿਤ ਸਕੀਮਾਂ ਉਤੇ ਅਮਲ ਰਾਸ਼ਟਰੀ ਹੁਨਰ ਵਿਕਾਸ ਕਾਰਪੋਰੇਸ਼ਨ (ਐੱਨ ਐੱਸ ਡੀ ਸੀ) ਰਾਹੀਂ ਕੀਤਾ ਜਾਂਦਾ ਹੈ। ਦੂਸਰੇ ਸੰਸਥਾਨਾਂ ਅਤੇ ਸੰਗਠਨਾਂ ਨੂੰ ਵੀ ਵਿਸ਼ੇਸ਼ ਖੇਤਰਾਂ, ਜਿਵੇਂ ਉੱਦਮਤਾ, ਨਰਮ ਹੁਨਰ, ਵਿੱਤੀਕਰਨ ਆਦਿ ਵਿੱਚ ਸਿਖਲਾਈ ਦੇਣ ਲਈ ਮੰਚ ਤਿਆਰ ਕਰਨ ਵਾਸਤੇ ਉਤਸ਼ਾਹਿਤ ਕੀਤਾ ਜਾਂਦਾ ਹੈ। ਉੱਦਮਤਾ ਅਤੇ ਛੋਟੇ ਵਪਾਰ ਦੇ ਵਿਕਾਸ ਲਈ ਰਾਸ਼ਟਰੀ ਸੰਸਥਾਨ ਦੀ ਸਥਾਪਨਾ ਸਿਖਲਾਈ, ਸਲਾਹ-ਮਸ਼ਵਰਾ, ਖੋਜ ਆਦਿ ਵਿੱਚ ਸਿਖਲਾਈ ਦੇਣ ਲਈ ਕੀਤੀ ਗਈ ਸੀ। ਇਹ ਸੰਸਥਾਨ ਉੱਦਮਤਾ ਅਤੇ ਹੁਨਰ ਵਿਕਾਸ ਦੇ

ਕਾਰਜਸ਼ਾਲਾਵਾਂ: ਵਪਾਰਕ ਮੌਕਿਆਂ ਦੀ ਥਾਹ ਪਾਉਣਾ, ਵਪਾਰਕ ਪ੍ਰੋਟੋਟਾਈਪ ਵਿਕਾਸ ਪ੍ਰੋਗਰਾਮ ਲਈ ਵਿਚਾਰਧਾਰਕ ਵਾਤਾਵਰਨ, ਮਨੁੱਖੀ ਪੂੰਜੀ ਦੇ ਵਿਕਾਸ ਲਈ ਕਰਮਚਾਰੀਆਂ ਨੂੰ ਤਿਆਰ ਕਰਨਾ

ਸੈਮੀਨਾਰ: ਆਈ ਪੀ ਆਰ, ਵਪਾਰਕ ਕਾਨੂੰਨ ਅਤੇ ਕਾਨੂੰਨੀ ਢਾਂਚੇ, ਬਰਾਂਡ ਬਣਾਉਣੇ ਅਤੇ ਇਸ਼ਤਿਹਾਰਬਾਜ਼ੀ

ਕੋਰਸ, ਸਿਖਲਾਈ ਦੇਣ ਵਾਲਿਆਂ ਦੀ ਸਿਖਲਾਈ ਅਤੇ ਉੱਦਮਤਾ ਵਿਕਾਸ ਦੇ ਹੋਰ ਪ੍ਰੋਗਰਾਮ ਕਰਵਾਉਂਦਾ ਹੈ।

## ਉੱਦਮਤਾ ਲਈ ਮੁਆਫਕ ਵਾਤਾਵਰਨ

ਵਿਸ਼ਵਵਿਦਿਆਲਿਆਂ ਵਲੋਂ ਪ੍ਰਫੁੱਲਤਾ ਕੇਂਦਰਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ ਅਤੇ ਵਿਦਿਆਰਥੀ ਉੱਦਮੀਆਂ ਦੀ ਸਟਾਰਟ ਅੱਪ ਉੱਦਮਾਂ ਵਿੱਚ ਮਦਦ ਕਰਨ ਲਈ ਮਾਹਰਾਂ ਦੀ ਨਿਯੁਕਤੀ ਕੀਤੀ ਜਾ ਰਹੀ ਹੈ ਵੱਖ-ਵੱਖ ਸੂਬਾਈ ਸਰਕਾਰਾਂ ਵਲੋਂ ਨਾ ਕੇਵਲ ਵੱਡੇ ਸ਼ਹਿਰਾਂ ਬਲਕਿ ਸੂਚੀ-2 ਦੇ ਕਸਬਿਆਂ ਨੂੰ ਵੀ ਸਟਾਰਟ ਅੱਪ ਧੁਰਿਆਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ ਤਾਂ ਕਿ ਨਵੀਨਤਾ ਵਪਾਰ ਮਾਡਲਾਂ ਅਤੇ ਤਕਨਾਲੋਜੀ ਉਤਪਾਦਾਂ ਵਿੱਚ ਸਹਾਇਤਾ ਦਿੱਤੀ ਜਾ ਸਕੇ। ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਵਲੋਂ ਉੱਦਮੀਆਂ ਅਤੇ ਈ-ਹੱਬਾਂ ਦਾ ਇਕ ਮਜਬੂਤ ਜਾਲ ਸਥਾਪਤ ਕਰਨ ਲਈ ਮਾਹਰਾਂ, ਸਾਥੀਆਂ ਅਤੇ ਪ੍ਰਫੁੱਲਤਾ ਕਾਰਕਾਂ ਨਾਲ ਸੰਪਰਕ ਸਾਧਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਲਈ, ਸਰਕਾਰਾਂ ਆਰਥਿਕ ਤਰੱਕੀ ਲਈ ਉੱਦਮਤਾ ਦੀ ਭਾਵਨਾ ਨੂੰ ਹਮਾਇਤ ਦੇਣ ਵਾਸਤੇ ਤਿਆਰ ਹਨ।

ਆਈ ਐੱਸ ਈ ਈ ਡੀ ਵਲੋਂ ਕਰਵਾਏ ਇਕ ਅਧਿਐਨ ਵਿੱਚ ਇਹ ਪਤਾ ਲਗਾ ਹੈ ਕਿ ਸਰਵੇਖਣ ਅਧੀਨ ਲਿਆਂਦੇ 87 ਪ੍ਰਤਿਸ਼ਤ ਵਿਦਿਆਰਥੀ ਆਪਣੀ ਜ਼ਿੰਦਗੀ ਦੇ ਕਿਸੇ ਪੜਾਅ ਉਤੇ ਉੱਦਮੀ ਬਣਨ ਦੇ ਇੱਛੁਕ ਹਨ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ (90 ਪ੍ਰਤਿਸ਼ਤ) ਦਾ ਮੰਨਣਾ ਹੈ ਕਿ ਸਾਡਾ ਦੇਸ਼ ਉੱਦਮਤਾ ਦੇ ਮੌਕਿਆਂ ਨਾਲ ਭਰਪੂਰ ਹੈ। ਅਸਲ ਵਿੱਚ ਅਧਿਐਨ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ (49 ਪ੍ਰਤਿਸ਼ਤ) ਵਿੱਚ ਆਰਥਿਕ ਤੌਰ ਤੇ ਮਜਬੂਤ ਵਰਗਾਂ ਦੇ ਮੁਕਾਬਲੇ ਉੱਦਮਤਾ ਦੀਆਂ ਇੱਛਾਵਾਂ ਵੱਧ ਹੋਣ ਦੀ ਗੱਲ ਕਰਦਾ ਹੈ (ਬਿਜ਼ਨਸ ਸਟੈਂਡਰਡ, 2013)। ਅਸੀ ਨੌਜਵਾਨਾਂ ਵਿੱਚ ਉੱਦਮਤਾ ਲਈ ਲਗਾਤਾਰ ਵਧ ਰਹੀ ਦਿਲਚਸਪੀ ਵੇਖ ਰਹੇ ਹਾਂ।

ਨਵੇਂ ਯੁਗ ਦੇ ਵਪਾਰ ਕਰਨ ਵਾਲਿਆਂ ਅਤੇ ਖੋਜਕਾਰਾਂ ਲਈ ਉੱਦਮੀ ਅਤੇ ਉੱਦਮਤਾ ਕੁਸ਼ਲਤਾ ਦੇ ਗੁਣ ਗ੍ਰਹਿਣ ਕਰਨਾ ਲਾਜ਼ਮੀ ਹੈ। ਆਰਥਿਕਤਾ ਵੀ ਲਗਾਤਾਰ ਜਾਣਕਾਰੀ ਅਧਾਰਤ ਬਣਦੀ ਜਾ ਰਹੀ ਹੈ। ਆਧੁਨਿਕ ਕੰਮ ਵਾਲੇ ਸਥਾਨ ਦਾ ਸੱਭਿਆਚਾਰ ਸੰਭਾਵੀ ਕਰਮਚਾਰੀਆਂ ਵਿੱਚੋਂ ਨਵੇਂ ਹੁਨਰਾਂ ਅਤੇ ਰਵੱਈਏ ਦੀ ਮੰਗ ਕਰਦਾ ਹੈ। ਭਾਰਤ ਦੇ ਹੁਨਰ ਵਿਕਾਸ ਅਤੇ ਰੋਜ਼ਗਾਰ ਲਈ ਸਿਖਲਾਈ ਪ੍ਰੋਗਰਾਮਾਂ ਵਿੱਚ ਇਹ ਆਧੁਨਿਕ ਹੁਨਰ ਸਮੂਹ ਅਤੇ ਪ੍ਰਗਤੀਸ਼ੀਲ ਕੰਮ ਦੇ ਰਵੱਈਏ ਸ਼ਾਮਲ ਹੋਣੇ ਚਾਹੀਦੇ ਹਨ ਤਾਂ ਕਿ ਜ਼ਿਆਦਾ ਮੁਕਾਬਲੇਬਾਜ਼ੀ ਵਾਲੀ ਮਨੁੱਖੀ ਪੂੰਜੀ ਦਾ ਵਿਕਾਸ ਕੀਤਾ ਜਾ ਸਕੇ।




ਨਵੇਂ ਭਾਰਤ ਦੀ ਨੀਂਹ – ਵਾਅਦੇ ਪੂਰੇ ਕਰਨਾ

ਨਵਾਂ ਭਾਰਤ ਬਣਾਉਣ ਲਈ ਭਾਰਤ ਨੂੰ ਹੁਨਰਮੰਦ ਬਣਾਉਣਾ

*"ਜੇ ਅਸੀਂ ਆਪਣੇ ਭਾਰਤ ਦੇ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਸਾਡਾ ਮਿਸ਼ਨ 'ਹੁਨਰ ਵਿਕਾਸ' ਅਤੇ 'ਹੁਨਰਮੰਦ ਭਾਰਤ' ਹੋਣਾ ਚਾਹੀਦਾ ਹੈ।"*

***– ਪੀ ਐੱਮ ਨਰੇਂਦਰ ਮੋਦੀ, 15 ਅਗਸਤ, 2014***

ਐੱਮ ਐੱਸ ਡੀ ਈ ਪ੍ਰੋਗਰਾਮਾਂ ਅਧੀਨ 1.17 ਕਰੋੜ ਲੋਕਾਂ ਨੂੰ ਟਰੇਂਡ ਕੀਤਾ ਗਿਆ।

4.82 ਲੱਖ ਲੋਕਾਂ ਨੂੰ ਪੀ ਐੱਮ ਕੇ ਵੀ ਵਾਈ ਅਧੀਨ ਪ੍ਰਿਰ ਲਰਨਿੰਗ (ਆਰ ਪੀ ਐੱਲ) ਰਾਹੀਂ ਮਾਨਤਾ ਦੇ ਕੇ ਸੰਗਠਿਤ ਖੇਤਰ ਅਧੀਨ ਲਿਆਂਦਾ ਗਿਆ।

5 ਲੱਖ+ਸੀਟਾਂ ਵਾਲੇ 1381 ਲੱਖ ਨਵੇਂ ਸੱਨਅਤੀ ਸਿਖਲਾਈ ਸੰਸਥਾਨ ਖੋਲ੍ਹੇ ਗਏ

162 ਪ੍ਰਧਾਨ ਮੰਤਰੀ ਕੌਸ਼ਲ ਕੇਂਦਰ ਸਥਾਪਿਤ ਕੀਤੇ ਗਏ।

## ਉੱਦਮਤਾ ਸਿੱਖਿਆ ਰਾਹੀਂ ਰੋਜ਼ਗਾਰ ਯੋਗਤਾ ਹੁਨਰਾਂ ਦਾ ਵਿਕਾਸ

ਉੱਦਮੀ ਇਕ ਉਹ ਵਿਅਕਤੀ ਹੁੰਦਾ ਹੈ ਜੋ

ਮੌਕਿਆਂ ਲਈ ਵਾਤਾਵਰਨ ਦੀ ਪੜਤਾਲ ਕਰਦਾ ਹੈ ਅਤੇ ਮਜਬੂਰੀਆਂ ਤੇ ਚੁਨੌਤੀਆਂ ਦੇ ਬਾਵਜੂਦ ਸਰੋਤ ਜੁਟਾਉਂਦਾ ਹੈ ਤਾਂ ਕਿ ਬਾਜ਼ਾਰ ਵਿੱਚ ਨਵੀਨਤਮ ਵਪਾਰਕ ਉਤਪਾਦਾਂ ਅਤੇ ਰਣਨੀਤੀਆਂ ਨਾਲ ਹਿਲਜੁਲ ਪੈਦਾ ਕੀਤੀ ਜਾ ਸਕੇ ਅਤੇ ਸਮਾਜ ਵਿੱਚ ਇਕ ਨਵਾਂ ਕੰਮ ਸ਼ੁਰੂ ਕੀਤਾ ਜਾ ਸਕੇ। ਉਹ ਆਜ਼ਾਦ ਦਿਮਾਗ ਦੇ ਵਿਅਕਤੀ ਹੁੰਦੇ ਹਨ ਜੋ ਆਪਣੀ ਰਚਨਾਤਮਕਤਾ ਦੀ ਵਰਤੋਂ, ਸਮਾਜ ਦੀ ਬੇਹਤਰੀ ਲਈ ਨਵੀਨਤਾ ਅਤੇ ਆਧੁਨਿਕ ਤਕਨਾਲੋਜੀ ਨੂੰ ਉਤਸ਼ਾਹਿਤ ਕਰਨ ਲਈ ਕਰਦੇ ਹਨ। ਉਹ ਪ੍ਰਾਪਤੀਆਂ ਦੀ ਪ੍ਰੇਰਨਾ ਅਤੇ ਉੱਦਮਤਾ ਦੇ ਗੁਣਾਂ ਨਾਲ ਭਰਪੂਰ ਹੁੰਦੇ ਹਨ। ਉਹ ਸਮੱਸਿਆ ਦੇ ਹੱਲ ਅਤੇ ਟੀਮ ਦਾ ਨਿਰਮਾਣ ਕਰਨ ਵਿੱਚ ਆਪਣੀ ਕੁਸ਼ਲਤਾ ਦਾ ਮੁਜ਼ਾਹਰਾ ਕਰਦੇ ਹਨ। ਕਿਉਂਕਿ ਉੱਦਮਤਾ ਅਤੇ ਨਵੇਂ ਵਪਾਰ ਦੇ ਨਿਰਮਾਣ ਲਈ ਲਗਾਤਾਰ ਯਤਨਾਂ ਅਤੇ ਉਤਾਵਲੇਪਨ ਦੀ ਜ਼ਰੂਰਤ ਹੁੰਦੀ ਹੈ, ਇਸ ਲਈ ਕਿਸੇ ਵਿਅਕਤੀ ਵਿੱਚ ਉੱਦਮਤਾ ਸਮਰੱਥਾਵਾਂ ਹੁਨਰ ਦਾ ਇਕ ਪੈਕੇਜ ਪ੍ਰਦਾਨ ਕਰਦੀਆਂ ਹਨ ਜੋ ਉੱਤੇ ਥੱਲੇ ਹੋਣ ਵਾਲੇ ਬਾਜ਼ਾਰ ਅਤੇ ਅੱਤ ਦੀ ਮੁਕਾਬਲੇਬਾਜ਼ੀ ਦੇ ਵਾਤਾਵਰਨ ਵਿੱਚ ਬਣੇ ਰਹਿਣ ਲਈ ਜ਼ਰੂਰੀ ਹਨ। ਇਸ ਲਈ, ਉੱਦਮਤਾ ਦੇ ਹੁਨਰ ਏਕੀਕ੍ਰਿਤ ਹੁਨਰ ਸਮੂਹ ਹਨ ਜਿਸ ਵਿੱਚ, ਲੋਕਾਈ ਹੁਨਰ ਜਿਵੇਂ ਕਿ ਨੈੱਟਵਰਕਿੰਗ ਅਤੇ ਜਨਤਕ ਸੰਬੰਧ ਜੀਵਨ ਹੁਨਰ ਜਿਵੇਂ ਟੀਚਾ ਮਿਥਣਾ ਕਰੀਅਰ ਦੀ ਯੋਜਨਾਬੰਦੀ ਅਤੇ ਵਿਅਕਤਿਤਵ ਵਿਕਾਸ ਸੰਚਾਰ ਸਮਰੱਥਾਵਾਂ ਅਤੇ ਦੂਜੇ ਨਰਮ ਹੁਨਰ ਸ਼ਾਮਲ ਹੁੰਦੇ ਹਨ। ਸਪੱਸ਼ਟ ਉਦੇਸ਼ ਵਾਲੀ ਸਿੱਖਿਆ ਨੂੰ ਜਾਣਕਾਰੀ ਹੁਨਰ ਅਤੇ ਜਟਿਲ ਹਾਲਾਤ ਨਾਲ ਨਜਿੱਠਣ ਲਈ ਰਵੱਈਏ, ਜੋ ਉੱਦਮਤਾ ਤੋਂ ਉਪਜਦੇ ਹਨ, ਲਈ ਉੱਦਮਤਾ ਕੁਸ਼ਲਤਾ ਵਿੱਚ ਵਾਧਾ ਕਰਨਾ ਹੋਵੇਗਾ। ਅਹਿਮਦਾਬਾਦ ਸਥਿਤ ਭਾਰਤ ਦਾ ਉੱਦਮਤਾ ਵਿਕਾਸ ਸੰਸਥਾਨ ਜੋ ਦੇਸ਼ ਦੇ ਨੌਜਵਾਨਾਂ ਨੂੰ ਉੱਦਮਤਾ ਵਿੱਚ ਵਿਆਪਕ ਸਿੱਖਿਆ ਤੇ ਸਿਖਲਾਈ ਦੇਣ ਲਈ ਸਥਾਪਤ ਕੀਤਾ ਗਿਆ ਸੀ, ਬੱਚਿਆਂ ਦਾ ਹੌਸਲਾ ਵਧਾਉਣ ਅਤੇ ਉੱਦਮਤਾ ਮੁਖੀ ਪ੍ਰੇਰਨਾ ਪੈਦਾ ਕਰਨ ਲਈ ਵੀ ਕੰਮ ਕਰਦਾ ਹੈ ਤਾਂ ਕਿ ਉਨ੍ਹਾਂ ਵਿੱਚੋਂ ਉੱਦਮਤਾ ਸੰਬੰਧੀ ਸੂਝਬੂਝ ਵਧਾਈ ਜਾ ਸਕੇ। ਇਸ ਪਹਿਲ ਨਾਲ ਬੱਚਿਆਂ ਨੂੰ ਛੋਟੀ ਉਮਰੇ ਖ਼ਤਰੇ ਸਹੇੜਨ, ਰਚਨਾਤਮਕ ਸੋਚਣੀ, ਝਗੜੇ ਦਾ ਪ੍ਰਬੰਧਨ, ਪ੍ਰਭਾਵੀ ਸੰਚਾਰ



## ਨਵੇਂ ਭਾਰਤ ਦੀ ਨੀਂਹ – ਵਾਅਦੇ ਪੂਰੇ ਕਰਨਾ

ਉੱਦਮਤਾ ਕ੍ਰਾਂਤੀ ਦੀ 'ਸ਼ੁਰੂਆਤ'

*"ਮੈਂ ਦੇਸ਼ ਦੇ ਨੌਜਵਾਨਾਂ ਨੂੰ ਸੱਦਾ ਦੇਣਾ ਚਾਹੁੰਦਾ ਹਾਂ, ਖ਼ਾਸ ਤੌਰ ਤੇ ਸੱਨਅਤੀ ਖੇਤਰ ਵਿੱਚ ਲੱਗੇ ਲੋਕਾਂ ਨੂੰ। ਮੈਂ ਨੌਜਵਾਨਾਂ ਨੂੰ ਸੱਦਾ ਦੇਣਾ ਚਾਹੁੰਦਾ ਹੈ ਜੋ ਕਿ ਦੇਸ਼ ਵਿੱਚ ਤਕਨੀਕੀ ਵਿੱਦਿਆ ਦੇ ਖੇਤਰ ਵਿੱਚ ਕੰਮ ਕਰ ਰਹੇ ਹਨ।"*

***– ਪੀ ਐੱਮ ਨਰੇਂਦਰ ਮੋਦੀ, 15 ਅਗਸਤ, 2014***

A ਮੁਦਰਾ ਯੋਜਨਾ – 8.63 ਕਰੋੜ ਉੱਦਮੀਆਂ ਨੂੰ ਜਾਰੀ ਹੋਏ 3.72 ਲੱਖ ਕਰੋੜ ਰੁਪਏ ਦੇ ਫੰਡ ਦਿੱਤੇ ਗਏ।

B ਸਟਾਰਟ ਅੱਪ ਇੰਡੀਆ : 2196 ਅਰਜ਼ੀਆਂ ਨੂੰ ਸਟਾਰਟ ਅੱਪਸ ਵਜੋਂ ਮਾਨਤਾ ਦਿੱਤੀ ਗਈ

C 7 ਨਵੇਂ ਆਈ ਆਈ ਐੱਮਜ਼, 6 ਨਵੇਂ ਆਈ ਆਈ ਆਈ ਟੀਜ਼, 1 ਨਵਾਂ ਆਈ ਆਈ ਆਈ ਟੀ, 2 ਆਈ ਆਈ ਐੱਸ ਈ ਆਰਜ਼, 1 ਐੱਨ ਆਈ ਟੀ, 1 ਨਵੀਂ ਕੇਂਦਰੀ ਯੂਨੀਵਰਸਿਟੀ, 97 ਨਵੇਂ ਕੇ ਵੀਜ਼ ਅਤੇ 62 ਐੱਨ ਵੀਜ਼ ਸਥਾਪਤ/ਪ੍ਰਵਾਨ ਕੀਤੇ

ਅਤੇ ਟੀਮ ਵਰਕ ਆਦਿ ਉੱਦਮਤਾ ਦੇ ਗੁਣ ਨਕਲੀ ਖੇਡਾਂ ਅਤੇ ਕੰਮਾਂ ਰਾਹੀਂ ਸਿਖਣ ਵਿੱਚ ਮਦਦ ਮਿਲੇਗੀ।

**1.5 ਮਿਲੀਅਨ ਸਕੂਲ ਅਤੇ 315 ਮਿਲੀਅਨ ਤੋਂ ਵੱਧ ਵਿਦਿਆਰਥੀਆਂ ਨਾਲ ਭਾਰਤ ਕੋਲ ਦੁਨੀਆਂ ਦੀ ਸਭ ਤੋਂ ਵੱਡੀ ਸਕੂਲੀ ਸਿੱਖਿਆ ਪ੍ਰਣਾਲੀ ਮੌਜੂਦ ਹੈ। ਜੇ ਉੱਦਮਤਾ ਨਿਰਮਾਣ ਅਤੇ ਉੱਦਮਤਾ ਲਈ ਹੁਨਰ ਦੀ ਸਿਖਲਾਈ ਅਤੇ ਰਵੱਈਏ ਦਾ ਪ੍ਰੋਗਰਾਮ ਸਕੂਲ ਤੋਂ ਹੀ ਸ਼ੁਰੂ ਹੋ ਸਕੇ ਤਾਂ ਵਿਦਿਆਰਥੀ ਭਵਿੱਖ ਵਿੱਚ ਨੌਕਰੀਆਂ ਦੇ ਨਿਰਮਾਤਾ ਬਣ ਜਾਣਗੇ।**

### "ਹੁਨਰ-ਉੱਦਮਤਾ ਗਤੀਵਿਧੀਆਂ

ਉੱਦਮੀਆਂ ਲਈ ਨਿੱਜੀ ਹੁਨਰਾਂ ਦੀ ਸਿਖਲਾਈ – ਨਿੱਜੀ ਹੁਨਰ, ਜਿਵੇਂ ਇਕ ਸਮੂਹ ਵਿੱਚ ਕੰਮ ਕਰਨ ਦੀ ਯੋਗਤਾ, ਅਗਵਾਈ ਕਰਨ ਦੇ ਗੁਣ, ਭਾਸ਼ਾ ਦਾ ਹੁਨਰ, ਨਿੱਜੀ ਆਦਤਾਂ ਆਦਿ ਕਿਸੇ ਵੀ ਵਿਅਕਤੀ ਦੀ ਉੱਦਮਤਾ ਸਮਰੱਥਾ ਦੇ ਵਿਕਾਸ ਲਈ ਬਹੁਤ ਜ਼ਰੂਰੀ ਹਨ। ਕਿਸੇ ਵੀ ਉੱਦਮੀ ਦੇ ਹੁਨਰ ਅਤੇ ਕੁਸ਼ਲਤਾਵਾਂ ਵਿਆਪਕ ਸੱਨਅਤੀ ਖੇਤਰਾਂ ਅਤੇ ਨੌਕਰੀਆਂ ਵਿੱਚ ਤਬਦੀਲ ਕੀਤੇ ਜਾ ਸਕਦੇ ਹਨ। ਇਸ ਲਈ ਹਰੇਕ ਵਿਅਕਤੀ ਜੋ ਨਵਾਂ ਉੱਦਮ ਸਥਾਪਤ ਕਰਨ ਦਾ ਇੱਛੁਕ ਹੈ, ਨੂੰ ਉੱਦਮਤਾ ਅਤੇ ਸਹਾਇਕ ਹੁਨਰਾਂ ਵਿੱਚ ਮੁਢਲੀ ਸਿਖਲਾਈ ਲੈਣੀ ਪਵੇਗੀ ਤਾਂ ਕਿ ਉਸ ਪੇਸ਼ੇ ਵਿੱਚ ਸਫਲ ਹੋਇਆ ਜਾ ਸਕੇ।

### ਨਵੇਂ ਉੱਦਮਾਂ ਦੇ ਨਿਰਮਾਣ ਅਤੇ ਵਿਕਾਸ ਲਈ ਕੰਮ ਅਧਾਰਤ ਸਿਖਲਾਈ ਸੈਸ਼ਨਾਂ ਵਾਸਤੇ ਅਨੇਕ ਲਾਭਕਾਰੀ ਵਿਸ਼ੇ

ਹੁਨਰ ਅਧਾਰਤ ਵਪਾਰਕ ਮਾਡਲ ਦੇ ਵਿਕਾਸ ਲਈ ਸੈਸ਼ਨ, ਵਪਾਰਕ ਯੋਜਨਾ ਦੀ ਤਿਆਰੀ, ਬਾਜ਼ਾਰ ਦਾ ਸਰਵੇਖਣ ਕਿਵੇਂ ਕੀਤਾ ਜਾਵੇ, ਬੀ ਯੋਜਨਾ ਕਿਵੇਂ ਤਿਆਰ ਕਰਕੇ ਪੇਸ਼ ਕੀਤੀ ਜਾਵੇ, ਦੇਸ਼ ਵਿਚਲੀਆਂ ਖੋਜਾਂ ਨੂੰ ਕਿਵੇਂ ਪ੍ਰੋਤਸਾਹਿਤ ਕੀਤਾ ਜਾਵੇ, ਵਪਾਰ ਵਿੱਚ ਵਾਧਾ ਕਰਨ ਲਈ ਸੂਚਨਾ

ਤਕਨੀਕ ਦੀ ਵਰਤੋਂ ਅਤੇ ਵਪਾਰ ਵਾਸਤੇ ਲੇਖਾ ਅਤੇ ਵਿੱਤ ਸੰਬੰਧੀ ਅਪਲਾਈਡ ਕੋਰਸ ਨਵੇਂ ਉੱਦਮਾਂ ਦੇ ਨਿਰਮਾਣ ਅਤੇ ਵਿਕਾਸ ਲਈ ਜ਼ਰੂਰੀ ਹਨ। ਇਨ੍ਹਾਂ ਸਿਖਲਾਈਆਂ ਦੇ ਨਾਲ ਹੀ, ਨੌਜਵਾਨ ਖੋਜਕਾਰਾਂ, ਵਿਦਿਆਰਥੀ ਉੱਦਮੀਆਂ ਅਤੇ ਦੂਜੇ ਇੱਛੁਕ ਵਿਅਕਤੀਆਂ ਨੂੰ ਉੱਦਮਤਾ ਵਿੱਚ ਆਪਣਾ ਕਰੀਅਰ ਬਣਾਉਣ ਵਾਸਤੇ ਆਪਣੇ ਆਪ ਨੂੰ ਤਿਆਰ ਕਰਨ ਲਈ ਕੇਂਦਰਿਤ ਵਿਸ਼ਿਆਂ ਤੇ ਪੇਸ਼ੇਵਰ ਕਾਰਜਸ਼ਾਲਾ ਸੈਸ਼ਨ ਅਤੇ ਸੈਮੀਨਾਰ ਸੈਸ਼ਨ ਲਾਉਣੇ ਜ਼ਰੂਰੀ ਹਨ।

## ਹੋਰ ਜ਼ਿਆਦਾ ਹੁਨਰ-ਉੱਦਮੀਆਂ ਦਾ ਨਿਰਮਾਣ ਕਰਨ ਲਈ ਸੁਝਾਅ ਅਤੇ ਅਗਾਂਹ ਦਾ ਰਸਤਾ

***ਔਰਤਾਂ ਅਤੇ ਟਰਾਂਸਜੈਂਡਰ ਮੁਖੀ ਹੁਨਰ ਵਿਕਾਸ ਪਹਿਲਕਦਮੀਆਂ ਵਿੱਚ ਵਾਧਾ ਕਰਨ ਅਤੇ ਵਿਤਕਰੇ ਦਾ ਸ਼ਿਕਾਰ ਲਿੰਗਕ ਸਮੂਹਾਂ ਦਰਮਿਆਨ ਉੱਦਮਤਾ ਨੂੰ ਪ੍ਰੋਤਸਾਹਿਤ ਕਰਨ ਲਈ ਲਿੰਗਕ ਬਰਾਬਰੀ ਉਤੇ ਧਿਆਨ ਕੇਂਦਰਿਤ ਕਰਨਾ ਬਹੁਤ ਮਹੱਤਵਪੂਰਨ ਹੈ। ਖੇਤਰੀ ਅਸਮਾਨਤਾ ਅਤੇ ਬੇਧਿਆਨੀ ਨੂੰ ਖਤਮ ਕਰਨ ਅਤੇ ਛੋਟੀਆਂ ਜਾਤਾਂ ਦੇ ਸਮੂਹਾਂ ਅਤੇ ਦੂਜੇ ਹਾਸ਼ੀਏ ਉਤੇ ਰਹਿ ਰਹੇ ਭਾਈਚਾਰਿਆਂ ਵੱਲ ਦਿੱਤਾ ਜਾਂਦਾ ਘੱਟ ਧਿਆਨ ਖਤਮ ਕਰਨ ਅਤੇ ਹੁਨਰ ਦੀ ਸਿਖਲਾਈ ਉਤੇ ਵਧੇਰੇ ਧਿਆਨ ਦੇਣ ਦੀ ਲੋੜ ਹੈ ਤਾਂ ਕਿ 'ਸਾਰਿਆਂ ਲਈ ਸਮਾਵੇਸ਼' ਯਕੀਨੀ ਬਣਾਇਆ ਜਾ ਸਕੇ।***

- ਹਾਸ਼ੀਏ ਉਤੇ ਰਹਿ ਰਹੇ ਭਾਈਚਾਰਿਆਂ ਵਿੱਚ ਸਿੱਖਿਆ ਅਤੇ ਹੁਨਰ ਦੀ ਕਮੀ ਇਕ ਪ੍ਰਮੁੱਖ ਰੁਕਾਵਟ ਹੈ। ਇਸ ਦੇ ਸਿੱਟੇ ਵਜੋਂ ਜ਼ਿੰਮੇਵਾਰੀ ਚੁੱਕਣ ਲਈ ਭਰੋਸੇ ਦੀ ਘਾਟ ਪੈਦਾ ਹੁੰਦੀ ਹੈ। ਵਿਸ਼ਵਾਸ ਅਤੇ ਆਪਣੇ ਆਪ ਉਤੇ ਯਕੀਨ ਕਰਨ ਦੀ ਇਹ ਕਮੀ ਖ਼ਾਸ ਤੌਰ ਤੇ ਔਰਤਾਂ ਵਿੱਚ ਵੇਖੀ ਜਾਂਦੀ ਹੈ। ਉੱਦਮਤਾ ਪ੍ਰੇਰਨਾ ਅਤੇ ਸਿਖਲਾਈ ਇਨ੍ਹਾਂ ਕਮੀਆਂ ਦਾ ਹੱਲ ਕਰ ਸਕਦੀ ਹੈ।

- ਸਿਖਲਾਈ ਪ੍ਰੋਗਰਾਮਾਂ ਵਿੱਚ 'ਭਿੰਨਤਾ ਵਾਲੇ ਸੇਵਾ ਖੇਤਰਾਂ' ਉਤੇ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਭਿੰਨ ਲਾਭਪਾਤਰੀਆਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ ਜਿਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਰੋਜ਼ਮਰਾ ਦੀ ਜ਼ਿੰਦਗੀ ਦੇ ਅਨੁਭਵ ਵੱਖ ਹੁੰਦੇ ਹਨ। ਮਿਸਾਲ ਦੇ ਲਈ ਲਚਕਦਾਰ ਕਾਰਜਕ੍ਰਮ, ਖੇਤਰੀ ਭਾਸ਼ਾ ਵਿੱਚ ਨਿਰਦੇਸ਼, ਸਥਾਨ ਵਿਸ਼ੇਸ਼ ਉਦਾਹਰਣਾਂ ਵਿਦਿਆਰਥੀਆਂ ਨੂੰ ਭਿੰਨਤਾ ਵਾਲੀਆਂ ਪਿੱਠਭੂਮੀਆਂ ਸਮਝਣ ਵਿੱਚ ਮਦਦ ਕਰਨਗੀਆਂ।

- ਉੱਦਮਤਾ ਸਿੱਖਿਆ ਅਤੇ ਹੁਨਰ ਵਿਕਾਸ ਦੇ ਖੇਤਰ ਵਿੱਚ ਕੰਮ ਕਰ ਰਹੇ ਮਾਹਰਾਂ ਅਤੇ ਵਿਦਵਾਨਾਂ ਨੂੰ ਇਕੱਠੇ ਹੋ ਕੇ ਇਕ ਵਿਆਪਕ ਅਤੇ ਪਹੁੰਚ ਵਾਲਾ 'ਆਨਲਾਈਨ ਸਮੀਖਿਆ ਯੰਤਰ ਅਤੇ ਸਿਖਲਾਈ ਪਾਠਕ੍ਰਮ' ਦੂਸਰੇ ਸੰਬੰਧਿਤ ਸੰਸਥਾਨਾਂ ਦੇ ਫਾਇਦੇ ਲਈ ਵਿਕਸਤ ਕਰਨਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਅਦਾਰਿਆਂ ਵਿੱਚ ਉੱਦਮਤਾ ਨੂੰ ਪ੍ਰੋਤਸਾਹਨ ਦੇਣ ਅਤੇ ਹੁਨਰ ਸਿਖਲਾਈ ਨੂੰ ਵਿਕਸਤ ਕੀਤਾ ਜਾ ਸਕੇ।

- ਉਨ੍ਹਾਂ ਨੂੰ ਕਿੱਤਾਮੁਖੀ ਸਿੱਖਿਆ ਅਤੇ ਲਾਭਕਾਰੀ ਰੋਜ਼ਗਾਰ ਹਾਸਲ ਕਰਨ ਲਈ ਹੁਨਰ ਸਿਖਲਾਈ ਵਾਸਤੇ ਅੰਤਰਰਾਸ਼ਟਰੀ ਮਿਆਰਾਂ ਦੀ ਇਕ ਸੂਚੀ ਤਿਆਰ ਕਰਨੀ ਚਾਹੀਦੀ ਹੈ। ਰਾਸ਼ਟਰੀ ਹੁਨਰ ਯੋਗਤਾ ਢਾਂਚੇ ਤਹਿਤ ਕਿੱਤਾਮੁਖੀ ਸਿੱਖਿਆ ਢਾਂਚੇ ਵਿੱਚ ਨਿਰੰਤਰ ਸੁਧਾਰ ਵਾਸਤੇ ਪ੍ਰਾਵਧਾਨ ਹੋਣੇ ਚਾਹੀਦੇ ਹਨ।

- ਸਰਕਾਰ ਅਤੇ ਦੂਜੀਆਂ ਸੰਸਥਾਗਤ ਸਭਾਵਾਂ ਨੂੰ ਸਰਕਾਰੀ ਸਕੀਮਾਂ ਅਤੇ ਉੱਦਮਤਾ ਵਿਕਾਸ ਪ੍ਰੋਗਰਾਮਾਂ ਉਤੇ ਦਿੱਤੇ ਜਾਣ ਵਾਲੇ ਪ੍ਰੋਤਸਾਹਨਾਂ ਉਤੇ ਵਿੱਤੀ ਬੋਝ ਘੱਟ ਕਰਨ ਅਤੇ ਬੇਹਰਤ ਸੰਸਥਾਗਤ ਸੰਵਾਦ ਵਾਸਤੇ ਘਰੇਲੂ ਹੁਨਰ ਉੱਦਮਤਾ ਵਿਕਾਸ ਦਰਮਿਆਨ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਲਈ ਆਪਸ ਵਿੱਚ ਰਲ ਕੇ ਕੰਮ ਕਰਨਾ ਚਾਹੀਦਾ ਹੈ। ਕਾਰਜ ਯੋਗ ਅਤੇ ਰੋਜ਼ਗਾਰ ਯੋਗ ਸਮਰਥਾਵਾਂ ਦੀ ਥਾਹ ਪਾਉਣ ਲਈ ਅਧਿਐਨ ਕਰਵਾਏ ਜਾ ਸਕਦੇ ਹਨ ਜਿਨ੍ਹਾਂ ਦੀ ਵਰਤੋਂ ਹੋਰ ਸੁਧਾਰ ਕਰਨ ਲਈ ਕੀਤੀ ਜਾ ਸਕਦੀ ਹੈ।

- ਮੌਜੂਦਾ ਸੰਸਥਾਨਾਂ ਦੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਭਾਈਵਾਲਾਂ ਵਲੋਂ ਸਮਰੱਥਾ ਦੇ ਵਿਕਾਸ ਵਿੱਚ ਸਹਾਇਤਾ, ਰਲ ਕੇ ਚੱਲਣ ਅਤੇ ਆਗਾਮੀ ਸਟਾਰਟਅੱਪ ਦੀ ਸਹਾਇਤਾ ਲਈ ਸਲਾਹ ਪ੍ਰਦਾਨ ਕਰਨਾ ਜ਼ਰੂਰੀ ਹੈ। ਸੱਨਅਤ ਨੂੰ ਸੰਸਥਾਨਾਂ ਅਤੇ ਪ੍ਰਫੁੱਲਤਾ ਕੇਂਦਰਾਂ ਨਾਲ ਤਾਲਮੇਲ ਦੇ ਪ੍ਰਭਾਵਾਂ ਲਈ ਜੋੜਨ ਦੀ ਲੋੜ ਹੈ। ਇਸ ਦੇ ਲਈ ਸਾਨੂੰ ਹੁਨਰ ਵਿਕਾਸ ਦੇ ਸਾਰੇ ਕਾਰਜਾਂ ਵਿੱਚ ਸੱਨਅਤ ਦੇ ਧਿਆਨ ਦੇ ਕੇਂਦਰ ਦੀ ਪਰਿਭਾਸ਼ਾ ਬਿਆਨ ਕਰਨੀ ਪਵੇਗੀ। ਹੁਨਰ ਵਿਕਾਸ ਰੋਜ਼ਗਾਰ ਸਿਖਲਾਈ ਪ੍ਰੋਗਰਾਮਾਂ (ਭੂਗੋਲਿਕ ਤੌਰ ਤੇ ਅਤੇ ਜਨਸੰਖਿਅਕ ਤੌਰ ਤੇ) ਦੀ ਸੰਭਾਵਨਾ ਉਦੇਸ਼ ਅਤੇ ਸੀਮਾਵਾਂ ਦੀ ਸਪੱਸ਼ਟ ਵਿਆਖਿਆ ਕਰਨੀ ਹੋਵੇਗੀ।

- ਉੱਦਮਤਾ ਨਿਰਮਾਣ ਨੂੰ ਹੁਲਾਰਾ ਦੇਣ ਲਈ ਫੰਡ ਨਾਲ ਜੁੜਿਆ ਸਿਖਲਾਈ ਤੰਤਰ ਉਲੀਕਿਆ ਜਾਣਾ ਚਾਹੀਦਾ ਹੈ।

- ਉੱਚ ਤਕਨੀਕ ਵਾਲੇ ਉੱਦਮੀਆਂ ਅਤੇ ਹੁਨਰ-ਉੱਦਮੀਆਂ ਦੀ ਸਹਾਇਤਾ ਲਈ ਪ੍ਰਫੁੱਲਤਾ ਅਤੇ ਪ੍ਰਵੇਗ ਪ੍ਰੋਗਰਾਮਾਂ ਨੂੰ ਸ਼ੁਰੂ ਕਰਨਾ ਚਾਹੀਦਾ ਹੈ।

## ਸਿੱਟਾ

ਹੁਨਰ ਅਧਾਰਤ ਨਵੇਂ ਉੱਦਮਾਂ ਦੇ ਨਿਰਮਾਣ



Only 2.3% of total workforce in India has formal skills training

ਅਤੇ ਸਟਾਰਟ ਅੱਪ ਵੱਲ ਰਸਤਾ ਪੱਧਰਾ ਕਰਨ ਅਤੇ ਨਵੇਂ ਭਾਰਤ ਵਿੱਚ ਇਸ ਦੀ ਪੂਰੀ ਸਮਰੱਥਾ ਹਾਸਲ ਕਰਨ ਲਈ, ਹੁਨਰ-ਉੱਦਮਤਾ ਕੇਂਦਰ ਅਤੇ ਉੱਦਮਤਾ ਗੁਣਾਂ ਦਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਉੱਦਮਤਾ ਹੁਨਰਾਂ ਨੂੰ ਤਿੱਖਾ ਕਰਨ, ਨਵੇਂ ਵਪਾਰਕ ਮਾਡਲਾਂ ਬਾਰੇ ਸੋਚਣ ਦੀ ਸਮਰੱਥਾ ਵਿੱਚ ਵਾਧਾ ਕਰਨ, ਖ਼ਤਰਿਆਂ ਤੇ ਚੁਨੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ, ਰੁਕਾਵਟਾਂ ਤੋਂ ਪਾਰ ਪਾਉਣ ਅਤੇ ਨਵੇਂ ਉੱਦਮਾਂ ਦੀ ਸ਼ੁਰੂਆਤ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਅਸਲ ਵਿੱਚ, ਪ੍ਰਾਪਤੀ ਦੀ ਪ੍ਰੇਰਨਾ ਨਾਲ ਲਬਰੇਜ਼ ਸਿਖਲਾਈ ਅਤੇ ਉੱਦਮਤਾ ਪ੍ਰਤਿ ਪ੍ਰੋਤਸਾਹਨ ਵਿਦਿਆਰਥੀਆਂ ਨੂੰ ਚੜ੍ਹਦੀ ਉਮਰੇ, ਖ਼ਾਸ ਕਰਕੇ ਹਾਈ ਸਕੂਲ ਦੌਰਾਨ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਇਸ ਤਰੀਕੇ ਨਾਲ, ਉੱਦਮਤਾ ਸਕੂਲ, ਪ੍ਰਬੰਧਨ ਸੰਸਥਾਨ, ਪ੍ਰਫੁੱਲਤਾ ਕੇਂਦਰ, ਸਰਕਾਰ ਅਤੇ ਦੂਜੀਆਂ ਏਜੰਸੀਆਂ ਉੱਦਮਤਾ ਲਈ ਇਕ ਸਹਾਇਕ ਵਾਤਾਵਰਨ ਦਾ ਨਿਰਮਾਣ ਕਰਕੇ ਭਾਰਤ ਵਿੱਚ ਅਰਥ ਭਰਪੂਰ ਸੁਧਾਰ ਲਿਆਉਣ ਲਈ ਬਾਜ਼ਾਰਾਂ ਉਤੇ ਪ੍ਰਭਾਵ ਪਾ ਸਕਦੇ ਹਨ।

*(ਅਮਿਤ ਕੁਮਾਰ ਦਿਵੇਦੀ ਭਾਰਤ ਦੇ ਉੱਦਮਤਾ ਵਿਕਾਸ ਸੰਸਥਾਨ (ਈ ਡੀ ਆਈ ਆਈ) ਅਹਿਮਦਾਬਾਦ ਵਿੱਚ ਪ੍ਰੋਫੈਸਰ ਹੈ।)*

*(ਸਰਵਨਨ ਵੇਲੂਸਾਮੀ ਭਾਰਤ ਦੇ ਉੱਦਮਤਾ ਵਿਕਾਸ ਸੰਸਥਾਨ (ਈ ਡੀ ਆਈ ਆਈ) ਵਿੱਚ ਖੋਜ ਸਹਿਯੋਗੀ ਹੈ।)*

*e-mail :akdwivedi@ediindia.org*

***ਸਫ਼ਾ 15 ਦਾ ਬਾਕੀ***

ਗ਼ੈਰ-ਜਾਤੀ ਅਤੇ ਗ਼ੈਰ ਧਰਮ ਅਧਾਰ ਉਤੇ ਲਾਮਬੰਦ ਅਤੇ ਜਾਗਰੂਕ ਕਰਨ, ਵਿਕਾਸ ਦੇ ਰਾਹ ਵਿਚਲੀਆਂ ਅੜਚਨਾਂ ਬਾਰੇ ਚੋਣਾਂ ਦੌਰਾਨ ਜਾਤਾਂ ਅਤੇ ਧਰਮਾਂ ਦੀ ਵਰਤੋਂ ਮਾੜੇ ਰੁਝਾਨ ਅਤੇ ਉਨ੍ਹਾਂ ਦੇ ਸਮਾਜ ਵਿੱਚ ਅਸਹਿਮਤੀ ਅਤੇ ਮਤਭੇਦ ਪੈਦਾ ਕਰਨ ਦੇ ਮਾੜੇ ਅਸਰ ਬਾਰੇ ਜਾਣਕਾਰੀ ਦੇਣ।

**ਚੋਣ ਕਮਿਸ਼ਨ ਦੀ ਵੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ ਜਾਤੀਵਾਦ ਦਾ ਸਭ ਤੋਂ ਮਹੱਤਵਪੂਰਨ ਕਾਰਨ ਚੋਣ ਰਾਜਨੀਤੀ ਹੈ। ਚੋਣ ਕਮਿਸ਼ਨ ਨੂੰ ਜਾਤਾਂ ਦੀ ਵਰਤੋਂ ਨੂੰ ਰੋਕਣ ਲਈ ਰਾਹ ਲੱਭਣੇ ਪੈਣਗੇ। ਚੋਣਾਂ ਲਈ ਪੱਕਾ ਫ਼ੰਡ ਮੁਹੱਈਆ ਕਰਵਾਉਣਾ, ਚੋਣ ਜ਼ਾਬਤੇ ਦੀ ਸਖਤ ਪਾਲਣਾ ਅਤੇ ਵੋਟਰਾਂ ਨੂੰ ਸਿੱਖਿਅਤ ਕਰਨ ਵਰਗੇ ਕਈ ਕਦਮ ਹਨ।**



ਸਭ ਤੋਂ ਮਹੱਤਵਪੂਰਨ ਹੈ ਰਾਜਨੀਤਕ ਇੱਛਾ ਅਤੇ ਸਹਿਮਤੀ ਜਦ ਕਿ ਸਾਰੀਆਂ ਪਾਰਟੀਆਂ ਚੋਣਾਂ ਦੌਰਾਨ ਜਾਤਾਂ ਨੂੰ ਵਰਤਣ ਬਾਰੇ ਸੁਚੇਤ ਹਨ ਪਰ ਟਿਕਟਾਂ ਦੀ ਵੰਡ ਅਤੇ ਵੋਟਰਾਂ ਦੀ ਲਾਮਬੰਦੀ ਸਮੇਂ ਉਹ ਜਾਤੀ ਨੇਤਾਵਾਂ ਦਾ ਸਹਿਯੋਗ ਲੈਂਦੇ ਹਨ। ਹਾਲ ਹੀ ਦੀਆਂ ਚੋਣਾਂ ਦੇ ਰੁਝਾਨ ਦੱਸਦੇ ਹਨ ਕਿ ਵੋਟਰ ਹੁਣ ਜਾਤ ਅਤੇ ਭਾਈਚਾਰੇ ਤੋਂ ਉਪਰ ਉੱਠ ਕੇ ਸਰਕਾਰ ਦੀ ਕਾਰਗੁਜ਼ਾਰੀ, ਨੇਤਾਗਿਰੀ ਅਤੇ ਵਿਕਾਸ ਦੇ ਮੁੱਦਿਆਂ ਨੂੰ ਤਰਜੀਹ ਦੇ ਰਹੇ ਹਨ। ਇਸ ਰੁਝਾਨ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਰਾਜਨੀਤਕ ਪਾਰਟੀਆਂ ਨੂੰ ਘੱਟ ਮਿਆਰੀ ਫ਼ਾਇਦਿਆਂ ਦੀ ਰਾਜਨੀਤੀ ਤੋਂ ਉਪਰ ਉੱਠਣ ਦੀ ਲੋੜ ਹੈ ਅਤੇ ਲੰਮੀ ਮਿਆਦ ਦੇ ਰਾਸ਼ਟਰ ਨਿਰਮਾਣ ਦੇ ਕਾਰਜਾਂ ਬਾਰੇ ਸੋਚਣਾ ਚਾਹੀਦਾ ਹੈ ਜਿਨ੍ਹਾਂ ਬਾਰੇ ਉਨ੍ਹਾਂ ਨੇ ਵਾਅਦੇ ਕੀਤੇ ਹੁੰਦੇ ਹਨ।

**ਅਰਥਪੂਰਨ ਲੋਕਰਾਜੀ ਕਾਰਜਪ੍ਰਣਾਲੀ ਲਈ ਇਹ ਮਹੱਤਵਪੂਰਨ ਹੈ ਕਿ ਵੋਟਰਾਂ ਸਮੇਤ ਸਾਰੇ ਹਿੱਸੇਦਾਰ ਤਰਕਸੰਗਤ ਵਿਅਕਤੀ ਬਣਨ ਜਿਸ ਦੀ ਪ੍ਰਸ਼ੰਸਾ ਆਪਣੇ ਖ਼ੁਦ ਦੇ ਪੈਮਾਨੇ ਉਤੇ ਅਧਾਰਤ ਹੋਵੇ ਨਾ ਕਿ ਕਿਸੇ ਸਮਾਜਕ ਗੁਟ ਦੇ ਜਿਸ ਦਾ ਉਹ ਹਿੱਸਾ ਹੈ।**

ਉਹ ਅਜ਼ਾਦਾਨਾ ਤੌਰ ਤੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰੇ ਨਾ ਕਿ ਕਿਸੇ ਜਾਤ, ਭਾਈਚਾਰੇ, ਸੰਪ੍ਰਦਾਇ ਦੀ ਸਿਫ਼ਾਰਸ਼ ਜਾਂ ਦਬਾਅ ਹੇਠ ਆ ਕੇ। ਆਸ ਕਰਦੇ ਹਾਂ ਕਿ ਅਸੀਂ ਸਾਰੇ ਭਾਰਤੀ ਹੁਣ ਜਾਗਾਂਗੇ ਅਤੇ ਅਜ਼ਾਦੀ, ਬਰਾਬਰਤਾ, ਨਿਆਂ ਅਤੇ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਉਤੇ ਅਧਾਰਤ ਦੇਸ਼ ਦੇ ਨਿਰਮਾਣ ਵਿੱਚ ਹਿੱਸਾ ਪਾਵਾਂਗੇ ਜਿਸ ਨਾਲ ਸਾਰਿਆਂ ਨੂੰ ਜ਼ਿੰਦਗੀ ਜਿਊਣ, ਸਿਹਤ ਸੰਭਾਲ, ਸਿੱਖਿਆ ਅਤੇ ਆਪਣੀ ਸ਼ਖ਼ਸੀਅਤ ਨਿਖਾਰਨ ਵਾਲੇ ਸਮਾਜ ਦੀ ਸਿਰਜਣਾ ਹੋਵੇਗੀ। ਇਹ ਉਹ ਭਾਰਤ ਹੋਵੇਗਾ ਜਿਸ ਦੀ ਸਾਡੇ ਸੰਵਿਧਾਨ ਘਾੜਿਆਂ ਨੇ ਸਿਰਜਨਾਂ ਕੀਤੀ ਸੀ ਅਤੇ ਅਸੀਂ ਅਜ਼ਾਦੀ ਦੇ 70 ਵਰ੍ਹਿਆਂ ਤੱਕ ਵੀ ਉਸ ਦੀ ਉਡੀਕ ਕਰ ਰਹੇ ਹਾਂ।

*(ਲੇਖਕ ਇੰਦਰਾ ਗਾਂਧੀ ਰਾਸ਼ਟਰੀ ਓਪਨ ਵਿਸ਼ਵਵਿਦਿਆਲੇ ਦੇ ਰਾਜਨੀਤਕ ਵਿਗਿਆਨ ਦਾ ਸਾਬਕਾ ਪ੍ਰੋਫੈਸਰ ਹੈ।)*

*e-mail :asnarang7@hotmail.com*

# ਨਵੇਂ ਭਾਰਤ ਵਿੱਚ ਸਮਾਜਿਕ ਨਿਆਂ

ਸਵਦੇਸ਼ ਸਿੰਘ

ਪ੍ਰਧਾਨ ਮੰਤਰੀ ਨੇ ਅਗਸਤ ਕਰਾਂਤੀ ਦੇ 75 ਸਾਲ ਪੂਰੇ ਹੋਣ ਦੇ ਮੌਕੇ ਉਤੇ ਦੇਸ਼ ਵਾਸੀਆਂ ਨੂੰ ਇਕ ਨਵੇਂ ਭਾਰਤ (ਨਿਊ ਇੰਡੀਆ) ਦੇ ਨਿਰਮਾਣ ਦੀ ਗੱਲ ਕਹੀ ਹੈ। ਉਨ੍ਹਾਂ ਨੇ ਕਿਹਾ ਕਿ 1942 ਦੇ ਭਾਰਤ ਛੱਡੋ ਅੰਦੋਲਨ ਤੋਂ ਅਗਲੇ ਪੰਜ ਸਾਲ ਤੱਕ ਲਗਾਤਾਰ ਅੰਗਰੇਜ਼ਾਂ ਦੇ ਖਿਲਾਫ਼ ਕੁਝ ਨਾ ਕੁਝ ਹੁੰਦਾ ਰਿਹਾ ਜਿਸ ਵਿੱਚ ਹਰ ਦੇਸ਼ਵਾਸੀ ਕਿਸੇ ਨਾ ਕਿਸੇ ਪੱਧਰ ਉਤੇ ਜੁੜਿਆ ਸੀ। ਆਮ ਲੋਕਾਂ ਨੇ ਮੰਨ ਲਿਆ ਸੀ ਕਿ ਹੁਣ ਸੁਤੰਤਰਤਾ ਦਾ ਟੀਚਾ ਦੂਰ ਨਹੀਂ ਅਤੇ 1947 ਵਿੱਚ ਇਹ ਟੀਚਾ ਪੂਰਾ ਵੀ ਕਰ ਲਿਆ ਗਿਆ। ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਜੇਕਰ ਇਸੇ ਤਰ੍ਹਾਂ ਅੱਜ ਵੀ ਅਗਲੇ ਪੰਜ ਸਾਲ ਤੱਕ ਹਰ ਦੇਸ਼ਵਾਸੀ ਕੁਝ ਮੁੱਦਿਆਂ ਨੂੰ ਲੈ ਕੇ ਆਪਣਾ ਯੋਗਦਾਨ ਪਾਵੇ ਤਾਂ ਇਕ ਨਵੇਂ ਭਾਰਤ ਦੀ ਉਸਾਰੀ ਹੋ ਸਕਦੀ ਹੈ। ਇਸ ਦੇ ਲਈ ਸਾਰੇ ਆਪਣੀ ਪਸੰਦ ਦੇ ਵਿਸ਼ੇ ਚੁਣ ਸਕਦੇ ਹਨ। ਪ੍ਰਧਾਨ ਮੰਤਰੀ ਵਲੋਂ ਸੁਝਾਏ ਗਏ ਕੁਝ ਅਜਿਹੇ ਵਿਸ਼ੇ ਹਨ ਜਿਨ੍ਹਾਂ ਉੱਤੇ ਕੰਮ ਕਰਕੇ ਇਕ ਨਵੇਂ ਭਾਰਤ ਦੀ ਉਸਾਰੀ ਕੀਤੀ ਜਾ ਸਕਦੀ ਹੈ। ਜਿਵੇਂ ਕਿ ਭ੍ਰਿਸ਼ਟਾਚਾਰ ਮੁਕਤ ਭਾਰਤ, ਸਵੱਛ ਭਾਰਤ, ਗਰੀਬੀ ਮੁਕਤ ਭਾਰਤ, ਅੱਤਵਾਦ ਮੁਕਤ ਭਾਰਤ, ਸੰਪ੍ਰਦਾਇਕਤਾ ਮੁਕਤ ਭਾਰਤ ਅਤੇ ਜਾਤੀਵਾਦ ਮੁਕਤ ਭਾਰਤ। ਅਗਲੇ ਪੰਜ ਸਾਲ ਇਨ੍ਹਾਂ ਵਿਸ਼ਿਆਂ ਉਤੇ ਕੰਮ ਕਰਕੇ ਯਕੀਨਨ ਇਕ ਨਵੇਂ ਭਾਰਤ ਦਾ ਨਿਰਮਾਣ ਹੋ ਸਕਦਾ ਹੈ ਜੋ ਖੁਸ਼ਹਾਲ, ਸਮਰੱਥ, ਇਕਜੁੱਟ ਹੋਵੇਗਾ ਅਤੇ ਦੇਸ਼ ਸਵੈਮਾਨ ਵੱਲ ਵਧੇਗਾ।

ਇਸ ਸੰਦਰਭ ਵਿੱਚ ਪ੍ਰਧਾਨ ਮੰਤਰੀ ਦੇ ਸੁਪਨੇ ਦੇ ਨਵੇਂ ਭਾਰਤ ਦੇ ਇਕ ਮਹੱਤਵਪੂਰਨ ਪਹਿਲੂ ਉਤੇ ਚਰਚਾ ਕੀਤੀ ਗਈ ਹੈ ਜੋ ਜਾਤੀਵਾਦ ਮੁਕਤ ਭਾਰਤ ਦੇ ਮੁੱਦੇ ਨਾਲ ਜੁੜਿਆ ਹੈ। ਇਸ ਵਿੱਚ ਇਸ ਵਿਸ਼ੇ ਉਤੇ ਵਿਚਾਰ ਕੀਤਾ ਗਿਆ ਹੈ ਕਿ ਨਵੇਂ ਭਾਰਤ ਵਿੱਚ ਜਾਤੀਵਾਦ ਦੀ ਪ੍ਰਵਿਰਤੀ ਕਿਵੇਂ ਖਤਮ ਹੋਵੇਗੀ, ਸਮਾਜਿਕ ਨਿਆਂ ਕਿਵੇਂ ਯਕੀਨੀ ਹੋਵੇਗਾ, ਬਰਾਬਰਤਾ ਵਾਲੇ ਅਤੇ ਇਕ ਜੁੱਟ ਭਾਰਤ ਦੀ ਉਸਾਰੀ ਕਿਵੇਂ ਹੋਵੇਗੀ।

## ਸਮਾਨਤਾ

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਬਰਾਬਰਤਾ ਇਕ ਬਹੁਤ ਵੱਡੀ ਪੂੰਜੀ ਹੈ। ਕੋਈ ਵੀ ਸਭਿਅਤਾ, ਸਮਾਜ ਅਤੇ ਰਾਜ ਕਦੀ ਵੀ ਤਰੱਕੀ ਨਹੀਂ ਕਰ ਸਕਦਾ ਹੈ ਜੇਕਰ ਬਰਾਬਰਤਾ ਨੂੰ ਉਥੇ ਕੀਮਤੀ ਸਥਾਨ ਨਹੀਂ ਮਿਲਦਾ। ਪਿਛਲੇ ਕੁਝ ਸੌ ਸਾਲਾਂ ਵਿੱਚ ਕੁਝ ਕਾਰਨਾਂ ਕਰਕੇ ਅਸਮਾਨਤਾ ਭਾਰਤ ਵਿੱਚ ਇੰਨੀ ਅੰਦਰ ਤੱਕ ਪ੍ਰਵੇਸ਼ ਕਰ ਗਈ, ਕਿ ਭਾਰਤ ਸੈਂਕੜੇ ਸਾਲਾਂ ਤੱਕ ਗੁਲਾਮੀ ਝੱਲਦਾ ਰਿਹਾ। ਵੰਡਿਆ ਹੋਇਆ ਭਾਰਤੀ ਸਮਾਜ ਬਾਰ-ਬਾਰ ਗੁਲਾਮ ਹੁੰਦਾ ਰਿਹਾ। ਹਾਲਾਂਕਿ ਸਮਾਜ ਲੜਦਾ ਰਿਹਾ ਅਤੇ ਇਸੀ ਸੰਘਰਸ਼ ਦਾ ਨਤੀਜਾ ਹੈ ਕਿ ਹਜ਼ਾਰਾਂ ਸਾਲਾਂ ਦੀ ਸਭਿਅਤਾ ਘੱਟ ਜਾਂ ਜ਼ਿਆਦਾ ਅੱਜ ਵੀ ਉਸੀ ਤਰ੍ਹਾਂ ਸਮੁੱਚੇ ਭਾਰਤੀ ਭੂ-ਭਾਗ ਵਿੱਚ ਮਿਲਦੀ ਹੈ। ਇਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਗ਼ੈਰ-ਬਰਾਬਰੀ ਭਾਰਤੀ ਸਭਿਅਤਾ ਦੇ ਬੁਨਿਆਦੀ ਤੱਤਾਂ ਵਿੱਚੋਂ ਨਹੀਂ ਹੋ ਸਕਦੀ ਕਿਉਂਕਿ ਕੋਈ ਵੀ ਸਭਿਅਤਾ 5000 ਸਾਲ ਤੋਂ ਵੱਧ ਸਮੇਂ ਤੱਕ ਇੰਨੀਆਂ ਮੁਸੀਬਤਾਂ ਆਉਣ ਦੇ ਬਾਵਜੂਦ ਹੋਂਦ ਵਿੱਚ ਨਹੀਂ ਰਹਿ ਸਕਦੀ ਜੇਕਰ ਇਹ ਗ਼ੈਰ ਬਰਾਬਰੀ ਅਤੇ ਸ਼ੋਸ਼ਣ ਉਤੇ ਅਧਾਰਤ ਹੋਵੇ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਜੋ ਇਕੱਠ ਵਿੱਚ ਰਹਿਣਾ ਪਸੰਦ ਕਰਾ ਹੈ। ਬਸ ਫ਼ਰਕ ਇੰਨਾ ਹੈ ਕਿ ਇਕ ਸਮਾਜਿਕ ਸਮੂਹ ਦੇ ਰੂਪ ਵਿੱਚ ਜਾਤੀ ਲੰਬ ਰੂਪ ਵਿੱਚ ਵੰਡੀ ਹੋਈ ਹੈ ਜਦੋਂ ਕਿ ਸਾਰੇ ਸਮਾਜਿਕ ਸਮੂਹਾਂ ਨੂੰ ਸਮਤਲ ਵੰਡਿਆ ਹੋਣਾ ਚਾਹੀਦਾ ਹੈ। ਜਾਤੀਵਾਦ ਇਕ ਬੁਰਾਈ ਹੈ ਜਿਸ ਵਿੱਚ ਜਾਤ ਉਤੇ ਅਧਾਰਤ ਭੇਦਭਾਵ ਅਤੇ ਛੂਆਛੂਤ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ।

ਭਾਰਤ ਵਿੱਚ ਜਾਤਿ ਉਹ ਹੈ ਜੋ ਜਾਤੀ ਨਹੀਂ। ਜਾਤੀਵਾਦ ਇਕ ਮਾਨਸਿਕ ਸਥਿਤੀ ਹੈ ਜਿਸ ਵਿੱਚ ਆਰਥਿਕ ਲਾਭ, ਸਮਾਜਿਕ ਪ੍ਰਤਿਸ਼ਠਾ ਅਤੇ ਜਾਤੀ ਹੰਕਾਰ ਦੀ ਮਿਲਾਵਟ ਹੁੰਦੀ ਹੈ। ਮਨੋਵਿਗਿਆਨਕ ਪੱਧਰ ਉਤੇ ਵੀ ਜਾਤੀ ਦਬਦਬੇ ਨੂੰ ਖਤਮ ਕਰਨ ਦੀ ਲੋੜ ਹੈ। ਡਾ. ਅੰਬੇਡਕਰ ਨੇ ਆਪਣੀ ਇਕ ਕਿਤਾਬ ਵਿੱਚ ਜਾਤਾਂ ਨੂੰ ਖਤਮ ਕਰਨ ਦੀ ਗੱਲ ਕਹੀ ਸੀ। ਸਾਨੂੰ ਆਧੁਨਿਕਤਾ ਤੋਂ ਪਹਿਲਾਂ ਆਪਣੀਆਂ ਕੁਝ ਕਥਿਤ ਕਦਰਾਂ-ਕੀਮਤਾਂ, ਪਰੰਪਰਾਵਾਂ ਅਤੇ ਰੀਤੀ-ਰਿਵਾਜਾਂ ਅਤੇ ਕਾਰ ਵਿਹਾਰ ਜਾਂ ਵਿਚਾਰਾਂ ਉਤੇ ਵੀ ਗੌਰ ਕਰਨਾ ਚਾਹੀਦਾ ਹੈ ਜੋ ਕਦੀ-ਕਦੀ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਜਾਤੀਵਾਦ ਨੂੰ ਉਤਸ਼ਾਹ ਦਿੰਦਾ ਹੈ।

## ਸਮਾਜ, ਬਜ਼ਾਰ ਅਤੇ ਰਾਜ ਦਾ ਨਜ਼ਰੀਆ

ਰਾਜ ਦੀ ਪ੍ਰਕਿਰਤੀ ਦੇ ਦੋ ਤੱਤ ਹਨ – ਇਕ ਜਿਹੜਾ ਲੋਕਤੰਤਰੀਕਰਨ ਨੂੰ ਉਤਸ਼ਾਹ ਦਿੰਦਾ ਹੈ ਅਤੇ ਦੂਜਾ ਜੋ ਜੜ੍ਹਾਂ ਤੋਂ ਵੱਖ ਨਹੀਂ ਹੋਣਾ ਚਾਹੁੰਦਾ। ਅਗਲੇ ਪੰਜ ਸਾਲਾਂ ਵਿੱਚ ਸਾਨੂੰ ਯਤਨ ਕਰਨੇ ਪੈਣਗੇ ਕਿ ਰਾਜ ਦੇ ਇਹ ਤੱਤ ਹੋਰ ਮਜ਼ਬੂਤ ਹੋਣ ਜੋ ਸਮਾਜਿਕ ਲੋਕਤੰਤਰੀਕਰਨ ਨੂੰ ਉਤਸ਼ਾਹਿਤ ਕਰਦੇ ਹਨ। ਚੋਣ ਰਾਜਨੀਤੀ ਦੇ ਪੱਧਰ ਉਤੇ ਅਸੀ ਹੇਠਲੇ ਪੱਧਰ ਤੱਕ ਲੋਕਤੰਤਰੀਕਰਨ ਨੂੰ ਹੁੰਦਿਆਂ ਦੇਖ ਲਿਆ ਹੈ। ਇਸ ਨਾਲ ਲੋਕਤੰਤਰ ਮਜ਼ਬੂਤ ਹੋ ਕੇ ਉੱਭਰਿਆ ਹੈ। ਰਾਜਨੀਤਕ ਖੇਤਰ ਦੇ ਅਸਰ ਨੂੰ ਦੇਖਣਾ ਅਜੇ ਬਾਕੀ ਹੈ। ਰਾਜ ਨੂੰ ਇਸ ਵਿੱਚ ਆਪਣੀ ਸਰਗਰਮ ਭੂਮਿਕਾ

ਨਿਭਾਉਣੀ ਚਾਹੀਦੀ ਹੈ।

ਰਾਜ ਨੂੰ ਵਧੇਰੇ ਜਵਾਬਦੇਹ ਬਣਾਉਣ ਦਾ ਕੰਮ ਸਮਾਜ ਕਰਦਾ ਹੈ। ਸਮਾਜ ਵਿੱਚ ਚਲਾਈਆਂ ਜਾਂਦੀਆਂ ਕਈ ਮੁਹਿੰਮਾਂ ਅਤੇ ਅੰਦੋਲਨ ਰਾਜ ਨੂੰ ਮਜ਼ਬੂਤ ਕਰਦੇ ਹਨ ਅਤੇ ਇਸ ਨੂੰ ਵਧੇਰੇ ਲੋਕਤੰਤਰਿਕ ਬਣਾਉਂਦੇ ਹਨ। ਇਸ ਲਈ ਸਾਨੂੰ ਸਮਾਜ ਦੀ ਸ਼ਕਤੀ ਨੂੰ ਹੋਰ ਮਜ਼ਬੂਤ ਬਣਾਉਣਾ ਹੋਵੇਗਾ ਅਤੇ ਯਤਨ ਕਰਨੇ ਹੋਣਗੇ ਕਿ ਸਮਾਜ ਰਾਜ ਦੀ ਬੇਲਗਾਮੀ ਨੂੰ ਲਗਾਮ ਲਗਾਏ। ਉਂਜ ਸਮਾਜ ਦੇ ਪੱਧਰ ਉੱਤੇ ਵੀ ਕਾਫੀ ਮੰਥਨ ਹੁੰਦਾ ਰਿਹਾ ਹੈ। ਇਹੀ ਭਾਰਤ ਦੀ ਅਸਲੀ ਤਾਕਤ ਵੀ ਹੈ। ਬੁਧ, ਸ਼ੰਕਰ, ਭਾਰਤੀ ਅੰਦੋਲਨ, ਆਰਿਆ ਸਮਾਜ, ਅੰਬੇਡਕਰ ਆਦਿ ਇਸੇ ਸਮਾਜ ਵਿੱਚੋਂ ਨਿਕਲੇ ਕਾਰਕ ਤੱਤ ਹਨ ਜਿਨ੍ਹਾਂ ਨੇ ਸਮਾਜ ਅਤੇ ਰਾਜ ਨੂੰ ਡੂੰਘਾਈ ਤੱਕ ਹਿਲਾ ਦਿੱਤਾ ਹੈ। ਸਮਾਜਿਕ ਸ਼ਕਤੀ ਦੇ ਤਮਾਮ ਦਬਾਅ ਵਿੱਚ ਹੀ ਰਾਜ ਸਹੀ ਢੰਗ ਨਾਲ ਅੱਗੇ ਵਧ ਸਕਦਾ ਹੈ ਅਤੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਦੇ ਏਜੰਡੇ ਨੂੰ ਅਗੇ ਵਧਾ ਸਕਦਾ ਹੈ।

ਇਕ ਤੀਜਾ ਪਹਿਲੂ ਬਜ਼ਾਰ ਦਾ ਹੈ, ਜੋ ਅੰਤਰਰਾਸ਼ਟਰੀ ਜੋੜ ਵੀ ਰੱਖਦਾ ਹੈ। ਅਜਿਹਾ ਜੋੜ ਰਾਜ ਅਤੇ ਸਮਾਜ ਦੇ ਨਾਲ ਘਟ ਹੀ ਵੇਖਣ ਨੂੰ ਮਿਲਦਾ ਹੈ। ਅੱਜ ਭਾਰਤ ਅੰਤਰਰਾਸ਼ਟਰੀ ਬਜ਼ਾਰ ਨਾਲ ਕਾਫੀ ਜੁੜ ਚੁੱਕਿਆ ਹੈ। ਉਪਭੋਗਤਾ ਦੀ ਤਲਾਸ਼ ਵਿੱਚ ਬਜ਼ਾਰ ਵੀ ਹੇਠਾਂ ਤੱਕ ਪਹੁੰਚ ਰਿਹਾ ਹੈ। ਬਜ਼ਾਰ ਚਾਹੁੰਦਾ ਹੈ ਕਿ ਉਨ੍ਹਾਂ ਲੋਕਾਂ ਦੇ ਹੱਥ ਵਿੱਚ ਵੀ ਪੈਸਾ ਆਵੇ ਜੋ ਅਜੇ ਤੱਕ ਹਾਸ਼ੀਏ ਤੱਕ ਸਨ ਕਿਉਂਕਿ ਉਨ੍ਹਾਂ ਦੀ ਗਿਣਤੀ ਸਭ ਤੋਂ ਵੱਧ ਹੈ। ਸੀ.ਕੇ. ਪ੍ਰਹਿਲਾਦ ਨੇ ਇਸ ਵਿਸ਼ੇ ਨੂੰ ਲੈ ਕੇ ਬਹੁਤ ਹੀ ਬੇਹਤਰੀਨ "ਫਾਰਚਿਊਨ ਐਟ ਦਿ ਬਾਟਮ ਆਫ ਪਿਰਾਮਿਡ" ਲਿਖੀ ਸੀ। ਇਸ ਵਿੱਚ ਉਨ੍ਹਾਂ ਦਾ ਕਹਿਣਾ ਹੈ ਕਿ ਬਜ਼ਾਰ ਸੁਚਾਰੂ ਢੰਗ ਨਾਲ ਤਾਂ ਹੀ ਰਹਿ ਸਕੇਗਾ ਜਦੋਂ ਸਭ ਤੋਂ ਆਖਰੀ ਪਾਏਦਾਨ ਦੇ ਵਿਅਕਤੀ ਨੂੰ ਬਜ਼ਾਰ ਦਾ ਹਿੱਸਾ ਬਣਾਇਆ ਜਾਵੇ। ਉਸ ਨੂੰ ਸਾਧਨ ਸੰਪੂਰਨ ਬਣਾਇਆ ਜਾਵੇਗਾ ਤਾਂ ਹੀ ਉਹ ਉਪਭੋਗਤਾ ਬਣ ਸਕੇਗਾ, ਪੂਰਤੀ ਮੰਗ ਵੀ ਤਾਂ ਹੀ ਠੀਕ ਢੰਗ ਨਾਲ ਚਲ ਸਕੇਗੀ ਜਦੋਂ ਸਭ ਤੋਂ ਵੱਡੇ ਤਬਕੇ ਦੀ ਤਰਫੋਂ ਮੰਗ ਆਉਂਦੀ ਰਹੇ।

ਬਜ਼ਾਰਵਾਦ ਦੇ ਇਸ ਯੁਗ ਵਿੱਚ ਸਮਾਜ ਦੀ ਸਚਾਈ ਤੇਜ਼ੀ ਨਾਲ ਬਦਲ ਰਹੀ ਹੈ। ਅੱਜ ਦਲਿਤ ਅਤੇ ਪਿਛੜੇ ਵਰਗ ਵਿੱਚ ਇਕ ਵੱਡੀ ਕਰੀਮੀ ਲੇਅਰ ਅਤੇ ਮੱਧ ਵਰਗ ਖੜ੍ਹਾ ਹੋਇਆ ਹੈ, ਜਿਸ ਨੂੰ ਅੱਜ ਵੀ ਰਾਜਨੀਤਕ ਆਸਰਾ, ਰਾਖਵਾਂ ਕਰਨ ਅਤੇ ਬਜ਼ਾਰ ਦਾ ਲਾਭ ਮਿਲ ਰਿਹਾ ਹੈ ਪਰ ਦਲਿਤ ਅਤੇ ਪੱਛੜੇ ਸਮਾਜ ਦਾ ਇਕ ਵੱਡਾ ਤਬਕਾ ਅਜਿਹਾ ਵੀ ਹੈ ਜੋ ਇਨ੍ਹਾਂ ਫ਼ਾਇਦਿਆਂ ਤੋਂ ਵਾਂਝਾ ਹੈ। ਗਿਣਤੀ ਘੱਟ ਹੋਣ ਦੇ ਕਾਰਨ ਇਨ੍ਹਾਂ ਦੀ ਰਾਜਨੀਤਕ ਉਪਯੋਗਿਤਾ ਬਹੁਤ ਘਟ ਰਹੀ ਹੈ। ਇਹ ਕਿਸੇ ਦਾਇਰੇ ਦਾ ਹਿੱਸਾ ਨਹੀਂ ਬਣ ਸਕੇ ਜਿਸ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਰਾਜਨੀਤਕ ਫ਼ਾਇਦਾ ਨਹੀਂ ਮਿਲਿਆ ਅਤੇ ਉਨ੍ਹਾਂ ਦੀ ਆਪਣੀ ਕੋਈ ਲੀਡਰਸ਼ਿਪ ਵੀ ਨਹੀਂ ਖੜ੍ਹੀ ਹੋ ਸਕੀ। ਅੱਜ ਇਹ ਰਾਖਵਾਂਕਰਨ ਅਤੇ ਬਜ਼ਾਰਵਾਦ ਦੋਹਾਂ ਤੋਂ ਬਹੁਤ ਅਛੂਤੇ ਰਹਿ ਗਏ ਹਨ। ਆਉਣ ਵਾਲੇ ਪੰਜ ਸਾਲਾਂ ਵਿੱਚ ਜਿਥੇ ਸ਼ਹਿਰੀਕਰਨ, ਬਜ਼ਾਰੀਕਰਨ ਅਤੇ ਭੂ-ਮੰਡਲੀਕਰਨ ਬਹੁਤ ਵਧੇਗਾ ਤਾਂ ਅਤਿ ਵਾਂਝਾ ਸਮਾਜ ਹੋਰ ਹੇਠਾਂ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਵਿੱਚ ਸਿੱਖਿਆ, ਕੁਸ਼ਲਤਾ ਅਤੇ ਪੂੰਜੀ ਦੀ ਕਮੀ ਰਹੇਗੀ। ਯਾਨੀ ਹਾਸ਼ੀਏ ਦੇ ਵਾਂਝੇ ਸਮਾਜ ਵਿੱਚ ਵੀ ਦੋ ਵਰਗ ਖੜ੍ਹੇ ਹੋਣਗੇ। ਸ਼ਹਿਰ ਅਤੇ ਬਜ਼ਾਰ ਵਿੱਚ ਰਹਿਣ ਵਾਲਾ ਦਲਿਤ ਸਮਾਜ ਮੁੱਖ ਧਾਰਾ ਦਾ ਹਿੱਸਾ ਬਣੇਗਾ ਜਿਸ ਦੀਆਂ ਆਪਣੀਆਂ ਲੋੜਾਂ ਹੋਣਗੀਆਂ। ਕਹਿਣ ਦਾ ਭਾਵ ਇਹ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਦੇ ਅਰਥ ਵੀ ਬਦਲਦੇ ਨਜ਼ਰ ਆਉਣਗੇ।




ਦੇਸ਼-ਦੁਨੀਆਂ ਵਿੱਚ ਤਕਨੀਕੀ ਵਿਕਾਸ ਵੀ ਤੇਜ਼ੀ ਨਾਲ ਹੋ ਰਿਹਾ ਹੈ। ਅੱਜ ਆਟੋਮੇਸ਼ਨ ਅਤੇ ਰੋਬੋਟਿਕਸ ਤਕਨੀਕ ਜਿਸ ਤੇਜ਼ੀ ਨਾਲ ਵਧ ਰਹੀ ਹੈ ਉਸ ਨੂੰ ਦੇਖ ਕੇ ਵਰਲਡ ਇਕਨਾਮਿਕਸ ਫੋਰਮ ਨੇ ਕਿਹਾ ਹੈ ਕਿ 2021 ਤੱਕ ਸਾਰੀ ਕੁਸ਼ਲਤਾ ਕਾਫੀ ਹੱਦ ਤੱਕ ਕੰਮ ਦੀ ਨਹੀਂ ਰਹਿ ਜਾਵੇਗੀ ਜੋ ਅਸੀਂ ਆਪਣੇ ਨੌਜਵਾਨਾਂ ਨੂੰ ਸਿਖਾ ਰਹੇ ਹਾਂ। ਜ਼ਾਹਿਰ ਹੈ ਕਿ ਇਸ ਤਕਨੀਕੀ ਤਰੱਕੀ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਉੱਤੇ ਪਵੇਗਾ ਜੋ ਸਭ ਤੋਂ ਹੇਠਲੇ ਪੱਧਰ ਉਤੇ ਹਨ। ਅਸੀਂ ਆਪਣੇ ਪਛੜੇ ਵਾਂਝੇ ਸਮਾਜ ਦੀ ਨੌਜਵਾਨ ਸ਼ਕਤੀ ਦਾ ਸਸ਼ਕਤੀਕਰਨ ਕਿਵੇਂ ਕਰਾਂਗੇ ਇਸ ਬਾਰੇ ਸਾਨੂੰ ਸੋਚਣਾ ਹੋਵੇਗਾ। ਅਗਲੇ ਪੰਜ ਸਾਲ ਜਾਂ ਉਸ ਤੋਂ ਅੱਗੇ ਆਉਣ ਵਾਲੇ ਸਾਲਾਂ ਵਿੱਚ ਸਾਨੂੰ ਇਹ ਸਮਝਣਾ ਹੋਵੇਗਾ ਕਿ ਸਮਾਜ, ਰਾਜ ਅਤੇ ਬਜ਼ਾਰ ਸਮਾਜਿਕ ਨਿਆਂ ਦੇ ਬਾਰੇ ਅਤੇ ਜਾਤੀ ਦੇ ਪ੍ਰਤਿ ਕਿਹੋ ਜਿਹਾ ਰੁੱਖ ਰੱਖਣਗੇ। ਇਨ੍ਹਾਂ ਦੀ ਪ੍ਰਵਿਰਤੀ ਕੀ ਹੋਵੇਗੀ।

## ਜਾਤਿ ਅਤੇ ਸਮਾਜਿਕ ਨਿਆਂ

ਸਮਾਜਿਕ ਨਿਆਂ ਦੇ ਮੌਕੇ ਅਤੇ ਸਨਮਾਨ ਦੀ ਸਮਾਨਤਾ ਪੱਕੀ ਹੁੰਦੀ ਹੈ। ਸੱਤਾ, ਜਾਇਦਾਦ ਅਤੇ ਸਨਮਾਨ ਵਿੱਚ ਬਰਾਬਰੀ ਦਾ ਹਿੱਸਾ ਹੀ ਸਮਾਜਿਕ ਨਿਆਂ ਹੈ। ਨਵੇਂ ਭਾਰਤ ਦੀ ਉਸਾਰੀ ਦੀ ਨੀਂਹ/ਬੁਨਿਆਦ ਸਮਾਜਿਕ ਨਿਆਂ ਤੋਂ ਬਿਨਾਂ ਨਹੀਂ ਰੱਖੀ ਜਾ ਸਕਦੀ। ਪਰ ਅੱਜ ਦੀ ਸਮਾਜਿਕ ਨਿਆਂ ਦੀ ਰਾਜਨੀਤੀ ਅਸਲ ਵਿੱਚ ਜਾਤਿ

ਨੁਮਾਇੰਦਗੀ ਦੀ ਰਾਜਨੀਤੀ ਬਣ ਕੇ ਰਹਿ ਗਈ ਹੈ ਜੋ ਇਕ ਸਮੇਂ ਤੱਕ ਜ਼ਰੂਰੀ ਵੀ ਸੀ ਪਰ 21ਵੀਂ ਸਦੀ ਵਿੱਚ ਦਲਿਤ ਅਤੇ ਪੱਛੜੇ ਸਮਾਜ ਦਾ ਨੌਜਵਾਨ ਪਛਾਣ ਦੇ ਨਾਲ ਬੁਨਿਆਦੀ ਸਿੱਖਿਆ ਅਤੇ ਨੌਕਰੀ ਦੇ ਨਾਲ-ਨਾਲ ਦੂਜੇ ਵੱਡੇ ਸੁਪਨੇ ਵੀ ਦੇਖ ਰਿਹਾ ਹੈ। ਅੱਜ ਸਮਾਜਿਕ ਨਿਆਂ ਦਾ ਵਿਚਾਰ ਪਛਾਣ ਦੀ ਰਾਜਨੀਤੀ ਤੱਕ ਕੇਂਦਰਿਤ ਹੈ। ਪਿਛਲੇ ਕੁੱਝ ਦਹਾਕਿਆਂ ਵਿੱਚ ਕਾਂਗਰਸ ਦੇ ਕਮਜ਼ੋਰ ਹੋਣ ਤੋਂ ਬਾਅਦ ਸਮਾਜਿਕ ਨਿਆਂ ਦੀ ਰਾਜਨੀਤੀ ਇਸ ਦੇਸ਼ ਵਿੱਚ ਖੜ੍ਹੀ ਹੋਈ। ਡਾ. ਅੰਬੇਡਕਰ ਜੋ ਕਰ ਸਕੇ ਉਹ ਇਸ ਲਈ ਕਰ ਸਕੇ ਕਿਉਂਕਿ ਉਨ੍ਹਾਂ ਨੇ ਆਪਣਾ ਕੱਦ ਕਾਂਗਰਸ ਤੋਂ ਬਾਹਰ ਰਹਿ ਕੇ ਪਹਿਲਾਂ ਵੱਡਾ ਕੀਤਾ ਬਾਅਦ ਵਿੱਚ ਸੰਵਿਧਾਨ ਸਭਾ ਅਤੇ ਅੰਤਰਮ ਕਾਂਗਰਸ ਸਰਕਾਰ ਦੇ ਮੈਂਬਰ ਬਣੇ।

ਡਾ. ਭੀਮਰਾਓ ਅੰਬੇਡਕਰ ਦੇ ਯਤਨਾਂ ਨਾਲ ਜਿਹੋ ਜਿਹਾ ਭਾਰਤੀ ਸੰਵਿਧਾਨ ਸਾਹਮਣੇ ਆਇਆ ਉਸ ਨੂੰ ਅਸੀਂ ਇਕ ਸਮਾਜਕ ਮੁਕਤੀ ਦਾ ਦਸਤਾਵੇਜ਼ ਕਹਿ ਸਕਦੇ ਹਾਂ। ਹਾਲਾਂਕਿ ਸੰਵਿਧਾਨ ਦੇ ਪ੍ਰਾਵਧਾਨ ਠੀਕ ਢੰਗ ਨਾਲ ਲਾਗੂ ਨਹੀਂ ਹੋਏ, ਨਹੀਂ ਤਾਂ ਗੱਲ ਕੁੱਝ ਅੱਗੇ ਵਧਦੀ, ਜੋ ਸਮਾਜਿਕ ਨਿਆਂ ਦੀ ਰਾਜਨੀਤਕ ਪਛਾਣ ਦੀ ਰਾਜਨੀਤੀ ਤੱਕ ਸੀਮਤ ਰਹਿ ਗਈ ਹੈ। ਉਹ ਆਪਣੇ ਅਗਲੇ ਪੜਾਅ ਵਿੱਚ ਦਾਖਲ ਹੁੰਦੀ, ਡਾ. ਅੰਬੇਡਕਰ ਕੁੱਝ ਅਜਿਹਾ ਹੀ ਚਾਹੁੰਦੇ ਸਨ। ਉਹ ਇਕ ਇਕਜੁੱਟ, ਵਿਕਾਸਸ਼ੀਲ, ਲੋਕਤੰਤਰਿਕ, ਬਰਾਬਰੀ ਵਾਲਾ ਅਤੇ ਆਧੁਨਿਕ ਭਾਰਤ ਚਾਹੁੰਦੇ ਸਨ। ਜਿਥੇ ਸਭ ਨੂੰ ਮਾਣ ਅਤੇ ਮੌਕਿਆਂ ਦੀ ਸਮਾਨਤਾ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਅਤੇ ਹਰ ਵਿਅਕਤੀ ਨੂੰ ਸਨਮਾਨ ਦੇ ਲਈ ਲੋੜੀਂਦੀ ਥਾਂ ਹੋਵੇ।

## ਨਵੇਂ ਭਾਰਤ ਵਿੱਚ ਸਮਾਜਿਕ ਨਿਆਂ

ਪ੍ਰਧਾਨ ਮੰਤਰੀ ਦੇ ਸੱਦੇ ਤੋਂ ਬਾਅਦ ਨਿਊ ਇੰਡੀਆ ਦੀ ਵੈੱਬਸਾਈਟ ਉਤੇ ਹਰ ਭਾਗ ਵਿੱਚ ਹਜ਼ਾਰਾਂ ਸੁਝਾਅ ਆਏ। ਜਾਤਿ ਮੁਕਤ ਭਾਰਤ ਵਾਲੇ ਭਾਗ ਵਿੱਚ ਵੀ ਕਈ ਵਧੀਆ ਸੁਝਾਅ ਵੇਖਣ ਨੂੰ ਮਿਲੇ। ਇਨ੍ਹਾਂ ਵਿੱਚੋਂ ਜ਼ਿਆਦਾਤਰ ਦਾ ਕਹਿਣਾ ਸੀ ਕਿ ਜਾਤੀਵਾਦ ਖਤਮ ਹੋਣਾ ਚਾਹੀਦਾ ਹੈ। ਕੁਝ ਸੁਝਾਅ ਅਜਿਹੇ ਸਨ – ਉਪ ਨਾਂ ਹਟਾ ਦਿਓ, ਜਾਤਿ ਉਤੇ ਅਧਾਰਤ ਰਾਖਵਾਂਕਰਨ ਖਤਮ ਕਰੋ, ਆਰਥਿਕ ਅਧਾਰ ਉਤੇ ਰਾਖਵਾਂਕਰਨ ਹੋਵੇ, ਜਾਦਿ ਦੇ ਅਧਾਰ ਉਤੇ ਭੇਦਭਾਵ ਨਾ ਕਰਨ ਦੀ ਸੌਂਹ, ਜਾਤਿ ਵਾਲੇ ਕਾਲਮ ਵਿੱਚ ਭਾਰਤੀ ਦਾ ਵੀ ਇਕ ਬਦਲ ਦਿਓ, ਜਾਤਿ ਅਧਾਰਤ ਰਾਖਵਾਂਕਰਨ ਖਤਮ ਕਰਨ ਤੋਂ ਪਹਿਲਾਂ ਜਾਤੀ ਦੀ ਰਾਜਨੀਤੀ ਖਤਮ ਕੀਤੀ ਜਾਵੇ, ਕਿਸੇ ਜਾਤੀ ਵਿਸ਼ੇਸ਼ ਦਾ ਹੋਣਾ ਆਪਣੇ ਆਪ ਵਿੱਚ ਲੰਬੇ ਸਮੇਂ ਤੋਂ ਮਿਲਿਆ ਰਾਖਵਾਂਕਰਨ ਹੈ, ਸ਼ਹਿਰੀ ਖੇਤਰਾਂ ਵਿੱਚ ਵੀ ਜਾਤੀਵਾਦ ਘੱਟ ਨਹੀਂ ਹੋਇਆ ਹੈ, ਜਾਤੀਵਾਦ ਭਾਰਤ ਦੀ ਤਰੱਕੀ ਵਿੱਚ ਇਕ ਬਹੁਤ ਵੱਡੀ ਅੜਚਨ ਹੈ, ਇਸ ਸਮੱਸਿਆ ਨੂੰ ਪੈਦਾ ਕਰਨ ਵਾਲੀਆਂ ਸਾਡੀਆਂ ਸਰਕਾਰਾਂ ਹਨ। ਸਮਾਜਿਕ ਅਤੇ ਆਰਥਿਕ ਅਸਮਾਨਤਾ ਹੀ ਜਾਤੀਵਾਦ ਦਾ ਕਾਰਨ ਹੈ, ਦਲਿਤ ਅਤੇ ਪੱਛੜੀਆਂ ਜਾਤੀਆਂ ਦੇ ਅਮੀਰ ਲੋਕਾਂ ਨੂੰ ਰਾਖਵਾਂਕਰਨ ਦਾ ਲਾਭ ਦੇਣਾ ਬੰਦ ਹੋਣਾ ਚਾਹੀਦਾ ਹੈ, ਆਪਣੀ ਜਾਤਿ ਵਿੱਚ ਵਿਆਹ ਨਾ ਕਰੋ ਅਗਲੀਆਂ ਚਾਰ ਪੀੜ੍ਹੀਆਂ ਵਿੱਚ ਜਾਤੀਵਾਦਿ ਖਤਮ ਹੋ ਜਾਵੇਗਾ, ਜਾਤਿ ਨੂੰ ਪੂੰਜੀ ਨਾਲ ਖਤਮ ਕਰੋ, ਉੱਦਮਤਾ ਨੂੰ ਹੱਲਾਸ਼ੇਰੀ ਦਿੱਤੀ ਜਾਵੇ, ਸਕੂਲਾਂ ਵਿੱਚ ਜਿਵੇਂ ਸਫਾਈ ਬਾਰੇ ਦੱਸਿਆ ਜਾਂਦਾ ਹੈ ਉਸੇ ਤਰ੍ਹਾਂ, ਜਾਤਿ ਨੂੰ ਇਕ ਅਪਰਾਧ ਦੱਸਿਆ ਜਾਵੇ। ਮੰਦਿਰਾਂ ਵਿੱਚ ਜਾਤਿ ਦੇ ਅਧਾਰ ਉਤੇ ਪਾਬੰਦੀ ਨਹੀਂ ਹੋਣੀ ਚਾਹੀਦੀ, ਹਰ ਪਿੰਡ ਪੰਚਾਇਤ ਵਿੱਚ ਸ਼ਿਕਾਇਤ ਕੇਂਦਰ ਖੋਲ੍ਹੇ ਜਾਣ ਜਿਥੇ ਸ਼ਿਕਾਇਤ ਸੁਣੀ ਜਾਵੇ ਅਤੇ ਉਸ ਦਾ ਹੱਲ ਹੋਵੇ। ਜਿਲ੍ਹਾ ਅਧਿਕਾਰੀ ਦਫ਼ਤਰ ਤੋਂ ਇਨ੍ਹਾਂ ਕੇਂਦਰਾਂ ਦੀ ਨਿਗਰਾਨੀ ਹੋਵੇ। ਸਮਾਜ ਵਿੱਚ ਬਰਾਬਰੀ ਯਕੀਨੀ ਕਰਨ ਦੇ ਹਰ ਪੱਧਰ ਉਤੇ ਯਤਨ ਹੋਣ ਤਾਂ ਹੀ ਜਾਤੀਵਾਦਿ ਸਮਾਪਤ ਹੋ ਸਕੇਗਾ।



## ਕੁਝ ਹੋਰ ਸੁਝਾਅ

ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਕਾਰਜਕਾਲ ਦੌਰਾਨ ਸਮਾਜਿਕ ਭਲਾਈ ਮੰਤਰਾਲੇ ਦਾ ਨਾਂ ਸਮਾਜਿਕ ਨਿਆਂ ਅਤੇ ਅਧਿਕਾਰਤਾ ਰਖਿਆ ਗਿਆ ਸੀ। ਇਸ ਦੇ ਪਿੱਛੇ ਇਹ ਹੀ ਸੋਚ ਸੀ ਕਿ ਭਲਾਈ ਕਰਨ ਦੇ ਭਾਵ ਨਾਲ ਹੀ ਨਹੀਂ ਕਰਨੀ ਸਗੋਂ ਸਮਾਜ ਦੇ ਉਸ ਵਰਗ ਲਈ ਨਿਆਂ ਯਕੀਨੀ ਕਰਨਾ ਹੈ ਜਿਹੜੇ ਹੁਣ ਤੱਕ ਉਸ ਤੋਂ ਵਾਂਝੇ ਹਨ ਅਤੇ ਸਿਰਫ ਨਿਆਂ ਯਕੀਨੀ ਨਹੀਂ ਕਰਨਾ ਸਗੋਂ ਉਨ੍ਹਾਂ ਨੂੰ ਮਜ਼ਬੂਤ ਵੀ ਬਣਾਉਣਾ ਹੈ। ਯਕੀਨੀ ਤੌਰ ਤੇ ਇਹ ਇਕ ਚੰਗਾ ਯਤਨ ਸੀ। ਹੁਣ ਇਸ ਨਵੇਂ ਭਾਰਤ ਨੂੰ ਬਰਾਬਰੀ ਵਾਲਾ ਅਤੇ ਇਕਜੁੱਟ ਬਣਾਉਣ ਦੇ ਲਈ ਕੁਝ ਹੋਰ ਯਤਨ ਕਰਨੇ ਪੈਣਗੇ। ਸਭ ਤੋਂ ਪਹਿਲਾਂ ਇਕ ਪ੍ਰਣਾਲੀ ਵਿਕਸਤ ਕਰਨੀ ਪਵੇਗੀ ਜਿਸ ਵਿੱਚ ਦਲਿਤ ਰਾਖਵਾਂਕਰਨ ਸਹੀ ਲੋਕਾਂ ਤੱਕ ਪੁੱਜੇ।

ਇਹ ਜਾਣਨਾ ਪਵੇਗਾ ਕਿ ਪਿੱਛਲੇ 70 ਸਾਲਾਂ ਵਿੱਚ ਰਾਖਵੇਂਕਰਨ ਦਾ ਲਾਭ ਕਿਸ ਨੂੰ ਮਿਲਿਆ। ਦਲਿਤ ਸਮਾਜ ਦੇ ਖ਼ੁਸ਼ਹਾਲ ਲੋਕਾਂ ਵਿੱਚ ਅਜਿਹਾ ਮਾਹੌਲ ਬਣਾਇਆ ਜਾਵੇ ਕਿ ਉਹ ਖ਼ੁਦ ਆਪਣੇ ਸਮਾਜ ਦੇ ਵਾਂਝੇ ਲੋਕਾਂ ਦੇ ਲਈ ਰਾਖਵੇਂਕਰਨ ਨੂੰ ਤਿਆਗਣ। ਦਲਿਤ ਸਮਾਜ ਵਿੱਚ ਵੀ ਕ੍ਰੀਮੀ ਲੇਅਰ ਦਾ ਬਦਲ ਕਰ ਸਕਦੇ ਹਾਂ। ਦਲਿਤ ਰਾਖਵੇਂਕਰਨ ਦੇ ਵਿੱਚ ਵੱਖ-ਵੱਖ ਸ਼੍ਰੇਣੀਆਂ ਤਿਆਰ ਕਰਨ, ਕਵਾਰਟਾਈਲ ਸਿਸਟਮ ਇਕ ਵਧੀਆ ਤਰੀਕਾ ਹੋ ਸਕਦਾ ਹੈ। ਉਦਾਹਰਣ ਦੇ ਤੌਰ ਤੇ ਦਿੱਲੀ ਦੇ ਵਿੱਚ ਰਹਿਣ ਵਾਲੇ ਦਲਿਤ ਨੂੰ ਬਹਰਈਚ ਦੇ ਦਲਿਤ ਤੋਂ ਘੱਟ



ਅੰਕ। ਲਖਨਊ ਦੀ ਚੰਗੀ ਆਮਦਨ ਵਾਲੇ ਦਲਿਤ ਨੂੰ ਸਾਂਗਲੀ ਦੇ ਘੱਟ ਆਮਦਨ ਵਾਲੇ ਦਲਿਤ ਤੋਂ ਘੱਟ ਅੰਕ।

ਹਰੀਜਨ, ਅਨਸੂਚਿਤ ਜਾਤੀ ਅਤੇ ਦਲਿਤ ਰਾਜਨੀਤੀ ਤੋਂ ਅੱਗੇ ਦੇ ਮੁੱਦੇ ਦੀ ਰੂਪਰੇਖਾ ਪ੍ਰਧਾਨ ਮੰਤਰੀ ਨੇ ਤਿਆਰ ਕਰ ਦਿੱਤੀ ਹੈ ਜਿਸ ਵਿੱਚ ਉੱਦਮਤਾ ਨੂੰ ਹੱਲਾਸ਼ੇਰੀ ਦੇਣ ਦੀ ਗੱਲ ਹੈ। ਡਿੱਕੀ ਵਰਗੇ ਸੰਗਠਨਾਂ ਨੂੰ ਉਤਸ਼ਾਹਤ ਕਰਕੇ ਵਾਂਝੇ ਅਤੇ ਪਿੱਛੜੇ ਸਮਾਜ ਦੇ ਨੌਜਵਾਨਾਂ ਨੂੰ ਮੁਹਾਰਤ ਨਾਲ ਅਤੇ ਉੱਦਮਤਾ ਦੇ ਲਈ ਪ੍ਰੇਰਿਤ ਕਰਨਾ। ਸਕੂਲਾਂ ਦੇ ਸਲੇਬਸ ਵਿੱਚ ਵਾਂਝੇ ਸਮਾਜ ਦੇ ਸੰਤ, ਮਹਾਂਪੁਰਸ਼ਾਂ, ਯੋਧਾਵਾਂ ਦੀਆਂ ਕਹਾਣੀਆਂ, ਕਵਿਤਾ ਅਤੇ ਲੇਖ ਸ਼ੁਰੂਆਤ ਤੋਂ ਵੀ ਪੜ੍ਹਾਉਣਾ ਸ਼ੁਰੂ ਕਰਨਾ। ਅੱਜ ਅੰਬੇਡਕਰ ਦੇ ਵਿਚਾਰਾਂ ਦਾ ਸਵਾਗਤ ਕੀਤਾ ਜਾ ਰਿਹਾ ਹੈ, ਇਸ ਲੜੀ ਵਿੱਚ ਹੋਰ ਲੋਕਾਂ ਨੂੰ ਜੋੜਨਾ ਹੈ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀਆਂ ਸਾਰੀਆਂ ਸੰਸਥਾਵਾਂ ਵਿੱਚ ਬੈਕਲਾਗ ਦੇ ਸਾਰੇ ਅਹੁਦੇ ਜਲਦ ਤੋਂ ਜਲਦ ਭਰਨ ਦੀ ਕੋਸ਼ਿਸ਼ ਕਰਨਾ। ਇਸ ਤੋਂ ਬਾਅਦ ਹੀ ਖੁੱਲ੍ਹੇ ਦਿਲ ਨਾਲ ਨਵੇਂ ਬਦਲਾਂ ਦੀ ਤਲਾਸ਼ ਕੀਤੀ ਜਾ ਸਕਦੀ ਹੈ। ਅੱਜ ਜਦੋਂ ਲੱਖਾਂ ਦੀ ਗਿਣਤੀ ਵਿੱਚ ਦਲਿਤ ਅਤੇ ਪੱਛੜੇ ਸਮਾਜ ਦੇ ਨੌਜਵਾਨ ਉੱਚ ਅਤੇ ਕਾਰੋਬਾਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਤਾਂ ਸਾਰਿਆਂ ਨੂੰ ਸਰਕਾਰੀ ਨੌਕਰੀ ਦੇ ਸਕਣਾ ਮੁਸ਼ਕਿਲ ਹੈ। ਇਸ ਲਈ ਨਵੇਂ ਬਦਲਾਂ ਉਤੇ ਵਿਚਾਰ ਕਰਨਾ ਚਾਹੀਦਾ ਹੈ ਜਿਥੇ ਦਲਿਤ ਅਤੇ ਪੱਛੜੇ ਸਮਾਜ ਦੇ ਨੌਜਵਾਨਾਂ ਨੂੰ ਬਰਾਬਰ ਦੇ ਮੌਕੇ ਹਾਸਲ ਹੋਣ। ਹੋਰਨਾਂ ਪੱਛੜੀਆਂ ਸ਼੍ਰੇਣੀਆਂ ਦੇ ਸਮਾਜ ਵਿੱਚ ਵੀ ਅਜਿਹਾ ਹੀ ਵਾਤਾਵਰਨ ਬਣਾਉਣਾ ਕਿ ਉਹ ਕ੍ਰੀਮੀ ਲੇਅਰ ਵਿੱਚ ਆਉਣ ਤੋਂ ਰਾਖਵਾਂਕਰਨ ਨੂੰ ਤਿਆਗਣ।

ਕੇਂਦਰ ਅਤੇ ਰਾਜ ਸਕਾਰ ਨੂੰ ਹਰ ਜ਼ਿਲ੍ਹੇ ਵਿੱਚ ਸਮਾਜਿਕ ਨਿਆਂ ਕੇਂਦਰ ਖੋਲ੍ਹਣੇ ਚਾਹੀਦੇ ਹਨ।ਇਹ ਕੇਂਦਰ ਖੇਤਰ ਦੇ ਵਾਂਝੇ ਸਮਾਜ ਦੇ ਲੋਕਾਂ ਅਤੇ ਉਨ੍ਹਾਂ ਦੇ ਮੁੱਦਿਆਂ ਦੀ ਪਛਾਣ ਕਰਨਗੇ। ਵੱਖ-ਵੱਖ ਸਮਾਜਿਕ ਸਮੂਹਾਂ ਦੇ ਵਿੱਚ ਸ਼ਿਕਾਇਤਾਂ ਅਤੇ ਝਗੜਿਆਂ ਦਾ ਸੁਲਾਹ ਅਤੇ ਨਿਪਟਾਰਾ ਕਰਨਗੇ। ਵਾਂਝੇ ਸਮਾਜ ਦੇ ਲੋਕਾਂ ਨੂੰ ਉਨ੍ਹਾਂ ਨਾਲ ਜੁੜੀਆਂ ਯੋਜਨਾਵਾਂ ਦੇ ਬਾਰੇ ਵਿੱਚ ਦੱਸਣਗੇ। ਵਾਂਝੇ ਸਮਾਜ ਦੇ ਲੋਕਾਂ ਨੂੰ ਮੁਫ਼ਤ ਅਤੇ ਮਨੋ-ਵਿਗਿਆਨਕ ਸਲਾਹ ਦੇਣਗੇ। ਹਰ ਰਾਜ ਦੇ ਕਿਸੇ ਇਕ ਸਮਾਜਿਕ ਵਿਗਿਆਨ ਅਧਿਐਨ ਸੰਸਥਾ ਨੂੰ ਇਨ੍ਹਾਂ ਕੇਂਦਰਾਂ ਦਾ ਨੋਡਲ ਕੇਂਦਰ ਬਣਾਇਆ ਜਾ ਸਕਦਾ ਹੈ। ਹਰ ਹਫ਼ਤੇ ਇਨ੍ਹਾਂ ਕੇਂਦਰਾਂ ਦੇ ਕੰਮਾਂ ਦੀ ਰਿਪੋਰਟ ਰਾਜ ਪੱਧਰੀ ਨੋਡਲ ਕੇਂਦਰ ਉਤੇ ਆਵੇਗੀ ਅਤੇ ਇਕ ਆਖਰੀ ਰਿਪੋਰਟ ਹਰ ਹਫ਼ਤੇ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦਫ਼ਤਰ ਭੇਜੀ ਜਾ ਸਕਦੀ ਹੈ। ਇਨ੍ਹਾਂ ਕੇਂਦਰਾਂ ਦੇ ਜ਼ਰੀਏ ਸਰਕਾਰ ਕੋਈ ਵੀ ਪ੍ਰਯੋਗ ਅਤੇ ਦਖ਼ਲ ਦੇ ਕੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਦੀ ਹੈ। ਇਸ ਤਰ੍ਹਾਂ ਦੇਸ਼ ਦੇ ਹਰ ਜ਼ਿਲ੍ਹੇ ਦੇ ਸਮਾਜਿਕ ਖਰੜੇ, ਲੋੜਾਂ ਅਤੇ ਬਦਲਾਵਾਂ ਉਤੇ ਨਜ਼ਰ ਰਖੀ ਜਾ ਸਕਦੀ ਹੈ। ਜਿਵੇਂ ਖੇਤੀ ਵਿਗਿਆਨ ਕੇਂਦਰਾਂ ਨੇ ਖੇਤੀ ਨਾਲ ਜੁੜੀ ਜਾਣਕਾਰੀ ਅਤੇ ਆਧੁਨਿਕ ਯੰਤਰਾਂ ਨੂੰ ਆਮ ਕਿਸਾਨਾ ਤੱਕ ਪਹੁੰਚਾਇਆ ਉਸੇ ਤਰ੍ਹਾਂ ਸਮਾਜਿਕ ਨਿਆਂ ਕੇਂਦਰ ਵੀ ਸਮਾਜਿਕ ਪ੍ਰਯੋਗਸ਼ਾਲਾਵਾਂ ਦੀ ਤਰ੍ਹਾ ਕੰਮ ਕਰਨਗੇ ਜੋ ਸਮਾਜਿਕ ਵਿਕਾਸ ਦਾ ਅਧਿਐਨ ਕਰਨਗੇ ਅਤੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਨਗੇ।

ਅਗਲੇ ਪੰਜ ਸਾਲਾਂ ਵਿੱਚ ਜੇਕਰ ਅਜਿਹਾ ਮਾਹੌਲ ਬਣਾਇਆ ਜਾਵੇ ਜਿਸ ਵਿੱਚ ਪਛਾਣ ਦੀ ਰਾਜਨੀਤੀ ਤੋਂ ਅੱਗੇ ਵਧ ਕੇ ਸਮਾਜਿਕ ਨਿਆਂ ਇਕ ਬਰਾਬਰੀ ਵਾਲੇ ਅਤੇ ਆਧੁਨਿਕ ਸਮਾਜ ਦੇ ਵੱਲ ਜਾ ਸਕੇ ਤਾਂ ਨਵੇਂ ਭਾਰਤ ਦੀ ਉਸਾਰੀ ਵਿੱਚ ਇਕ ਵੱਡਾ ਯੋਗਦਾਨ ਹੋਵੇਗਾ। ਇਥੇ ਇਹ ਕਹਿਣ ਵਿੱਚ ਕੋਈ ਹਰਜ ਨਹੀਂ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਦਿਸ਼ਾ ਵਿੱਚ ਵੱਖ-ਵੱਖ ਯੋਜਨਾਵਾਂ ਰਾਹੀਂ ਜਿਹੜੀ ਪਹਿਲ ਕੀਤੀ ਹੈ ਉਹ ਸਮਾਜਿਕ ਨਿਆਂ ਦੇ ਮੁੱਦੇ ਨੂੰ ਪਛਾਣ ਤੋਂ ਅੱਗੇ ਸਰਵਪੱਖੀ ਵਿਕਾਸ ਦੇ ਵੱਲ ਲੈ ਜਾਣ ਵਾਲੀ ਹੈ। ਉਨ੍ਹਾਂ ਦੀ ਅਗਵਾਈ ਵਿੱਚ ਭਾਰਤੀ ਰਾਜ ਯਕੀਨਨ ਹੀ ਵਧੇਰੇ ਲੋਕਰਾਜੀ ਹੋ ਕੇ ਉੱਭਰਿਆ ਹੈ। ਉਨ੍ਹਾਂ ਨੇ ਸਮਾਜ ਦੀ ਸ਼ਕਤੀ ਨੂੰ ਪਛਾਣਦੇ ਹੋਏ ਹਰ ਯੋਜਨਾ ਵਿੱਚ ਜਨਤਾ ਦੀ ਭਾਗੀਦਾਰੀ ਯਕੀਨੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਨੂੰ ਅਗਲੇ ਪੜਾਅ ਉਤੇ ਲੈ ਜਾਂਦਿਆਂ ਉਸ ਨੂੰ ਬਜ਼ਾਰ ਨਾਲ ਜੋੜਿਆ ਹੈ। ਜਿਸ ਦੇ ਅਧੀਨ ਦਲਿਤ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵਰਗੇ ਸੰਗਠਨ ਮਜ਼ਬੂਤੀ ਨਾਲ ਖੜ੍ਹੇ ਹੋ ਰਹੇ ਹਨ। ਸਟੈਂਡ ਅੱਪ ਇੰਡੀਆ, ਦਲਿਤ ਵੇਂਚਰ ਕੈਪਿਟਲਿਸਟ ਫੰਡ, ਵਨਬੰਧੂ, ਸੁਕੰਨਿਆ ਸਮਰਿਧੀ, ਰੋਸ਼ਨੀ, ਸੁਗਮਿਆ ਭਾਰਤ ਵਰਗੀਆਂ ਸਾਰੀਆਂ ਯੋਜਨਾਵਾਂ ਦਾ ਲਾਭ ਉਠਾ ਕੇ ਹਾਸ਼ੀਏ ਦਾ ਸਮਾਜ ਮੁੱਖ ਧਾਰਾ ਵਿੱਚ ਆ ਕੇ ਮਜ਼ਬੂਤ ਹੋ ਰਿਹਾ ਹੈ।

**ਰਾਜ, ਸਮਾਜ ਅਤੇ ਬਜ਼ਾਰ ਨੂੰ ਸਹੀ ਢੰਗ ਨਾਲ ਸੇਧ ਦਿੰਦਿਆਂ ਮੋਦੀ ਸਰਕਾਰ ਸਮਾਜਿਕ ਨਿਆਂ ਦੀ ਇਕ ਅਜਿਹੀ ਨਵੀਂ ਪਰਿਭਾਸ਼ਾ ਘੜ ਰਿਹਾ ਹੈ ਜਿਸ ਦਾ ਸੁਪਨਾ ਡਾ. ਅੰਬੇਡਕਰ ਨੇ ਦੇਖਿਆ ਸੀ। ਅਸੀਂ ਆਸ ਕਰ ਸਕਦੇ ਹਾਂ ਕਿ ਅਗਲੇ ਪੰਜ ਸਾਲਾਂ ਵਿੱਚ ਇਹ ਪ੍ਰਕਿਰਿਆ ਤੇਜ਼ੀ ਨਾਲ ਵਧੇਗੀ ਅਤੇ ਨਵੇਂ ਭਾਰਤ ਦਾ ਸੁਪਨਾ ਸਕਾਰ ਹੋਵੇਗਾ।**

*(ਲੇਖਕ ਦਿੱਲੀ ਵਿਸ਼ਵਵਿਦਿਆਲੇ ਦੇ ਸੱਤਿਅਵਤੀ ਕਾਲਜ ਵਿੱਚ ਪੜ੍ਹਾਉਂਦਾ ਹੈ।)*

*e-mail :swadesh171@gmail.com*

# ਨਵੇਂ ਭਾਰਤ ਦੇ ਨਿਰਮਾਣ ਵਿੱਚ ਔਰਤਾਂ ਦੀ ਭੂਮਿਕਾ

ਕ੍ਰਿਸ਼ਨ ਚੰਦ ਚੌਧਰੀ

ਕਿਸੇ ਵੀ ਰਾਸ਼ਟਰ, ਰਾਜ ਜਾਂ ਖੇਤਰ ਦਾ ਵਿਕਾਸ ਉਸ ਦੀ ਉਪਲਬਧ ਮਨੁੱਖੀ ਸ਼ਕਤੀ ਦੀ ਕੰਮ ਕਰਨ ਦੀ ਯੋਗਤਾ, ਸਮਰੱਥਾ, ਗੁਣਵਤਾ ਅਤੇ ਸਿੱਖਿਆ ਆਦਿ ਉਤੇ ਨਿਰਭਰ ਕਰਦਾ ਹੈ। ਔਰਤਾਂ ਕਿਸੇ ਵੀ ਰਾਸ਼ਟਰ ਦੀ ਵਿਸ਼ੇਸ਼ ਮਨੁੱਖੀ ਵਿਕਾਸ ਸ਼ਕਤੀ ਦਾ ਸਾਧਨ ਹੁੰਦੀਆਂ ਹਨ। ਅਜੋਕੇ ਸਮੇਂ ਵਿੱਚ ਔਰਤਾਂ ਦਾ ਰਾਸ਼ਟਰੀ ਵਿਕਾਸ ਵਿੱਚ ਯੋਗਦਾਨ ਬਹੁਤ ਮਹੱਤਵਪੂਰਨ ਹੈ। ਸਮਾਜਿਕ, ਰਾਜਨੀਤਕ, ਆਰਥਿਕ ਪੱਧਰ ਉਤੇ ਦੇਸ਼ ਦੇ ਵਿਕਾਸ ਵਿੱਚ ਭਾਰਤੀ ਔਰਤਾਂ ਨੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਹੈ। ਪਰ ਰਾਸ਼ਟਰੀ ਵਿਕਾਸ ਦੀਆਂ ਪ੍ਰਮੁੱਖ ਸਰਗਰਮੀਆ ਵਿੱਚ ਦੇਸ਼ ਦੀ ਭੂਮਿਕਾ ਵਿਸ਼ੇਸ਼ ਹੈ। ਆਰਥਿਕ, ਸਮਾਜਿਕ, ਰਾਜਨੀਤਕ ਪੱਧਰ ਉਤੇ ਦੇਸ਼ ਦੇ ਵਿਕਾਸ ਵਿੱਚ ਭਾਰਤੀ ਔਰਤਾਂ ਦੁਆਰਾ ਵਿਸ਼ੇਸ਼ ਰੂਪ ਵਿੱਚ ਸਹਿਯੋਗ ਦਿੱਤਾ ਜਾ ਰਿਹਾ ਹੈ, ਪਰ ਪ੍ਰਮੁੱਖ ਰਾਸ਼ਟਰੀ ਵਿਕਾਸ ਦੀਆਂ ਸਰਗਰਮੀਆਂ ਵਿੱਚ ਔਰਤਾਂ ਦੀ ਭੂਮਿਕਾ ਪਰਦੇ ਦੇ ਪਿੱਛੇ ਛੁਪੀ ਰਹੀ ਇਸ ਲਈ ਇਸ ਨੂੰ ਪੂਰਨ ਰੂਪ ਵਿੱਚ ਮਾਨਤਾ ਨਹੀਂ ਮਿਲ ਸਕੀ।

ਆਰਥਿਕ ਦ੍ਰਿਸ਼ਟੀਕੋਣ ਤੋਂ ਕ੍ਰਿਆਸ਼ੀਲ ਜਨਸੰਖਿਆ ਦੇ ਅਧਿਐਨ ਵਿੱਚ ਤਿੰਨ ਪ੍ਰਮੁੱਖ ਧਾਰਣਾ ਪਾਈਆਂ ਜਾਂਦੀਆਂ ਹਨ। ਰੋਜ਼ੀ-ਰੋਟੀ ਕਮਾਉਣ ਦੀ ਧਾਰਣਾ, ਕੰਮ-ਕਾਜ ਕਰਨ ਵਾਲੇ ਕਰਮਚਾਰੀਆਂ ਦੀ ਸੋਚ ਅਤੇ ਮੌਜੂਦਾ ਕੰਮ ਦੀ ਧਾਰਣਾ। ਫਲਸਰੂਪ ਸਾਡੇ ਦੇਸ਼ ਦੀਆਂ ਔਰਤਾਂ ਮਰਦਾਂ ਦੇ ਬਰਾਬਰ ਆਰਥਿਕ ਸਮਾਜਿਕ ਅਤੇ ਰਾਜਨੀਤਕ ਖਿੱਤਿਆਂ ਵਿੱਚ ਆਪਣੀ ਭੂਮਿਕਾ ਨਿਭਾ ਰਹੀਆਂ ਹਨ। ਜੇਕਰ ਅਸੀ ਆਰਥਿਕ ਸਰਗਰਮੀਆਂ ਦੇ ਆਧਾਰ ਉਤੇ ਭਾਰਤੀ ਕਾਰਜਸ਼ੈਲੀ ਨੂੰ ਦੇਖੀਏ ਤਾਂ ਸਾਨੂੰ ਪਤਾ ਚਲੇਗਾ ਕਿ ਬਹੁਤ ਸਾਰੀਆਂ ਔਰਤਾਂ ਖੇਤੀਬਾੜੀ ਅਤੇ ਨਿਰਮਾਣ ਦੇ ਕੰਮਾਂ ਵਿੱਚ ਸੰਗਠਿਤ ਜਾਂ ਅਸੰਗਠਿਤ ਖਿੱਤਿਆਂ ਵਿੱਚ ਕੰਮ ਕਰ ਰਹੀਆਂ ਹਨ ਜਦ ਕਿ ਸੇਵਾ ਦੇ ਖੇਤਰ ਵਿੱਚ ਸਭ ਤੋਂ ਘੱਟ ਔਰਤਾਂ ਕਾਰਜਸ਼ੀਲ ਹਨ।

ਛੋਟੇ ਉਦਯੋਗਾਂ ਦਾ ਵਿਕਾਸ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀਆਂ ਔਰਤਾਂ ਨੂੰ ਰੋਜ਼ਗਾਰ ਦੇਣ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆ ਸਕਦਾ ਹੈ। ਛੋਟੇ ਉਦਯੋਗਾਂ ਦਾ ਵਿਕਾਸ ਇਕ ਉੱਭਰਦੀ ਹੋਈ ਪ੍ਰਕਿਰਿਆ ਹੈ ਜੋ ਘੱਟ ਪੂੰਜੀ, ਘੱਟ ਜੋਖਿਮ ਅਤੇ ਸ਼ੁਰੂਆਤ ਵਿੱਚ ਘੱਟ ਲਾਭ ਨਾਲ ਸ਼ੁਰੂ ਹੁੰਦੀ ਹੈ। ਛੋਟੇ ਉਦਯੋਗ ਔਰਤਾਂ ਦੀ ਆਰਥਿਕ ਸਥਿਤੀ ਸੁਧਾਰਨ ਦਾ ਇਕ ਉੱਤਮ ਸਾਧਨ ਹੈ। ਔਰਤਾਂ ਦੇ ਛੋਟੇ ਉੱਦਮ ਵੱਡੇ ਪੈਮਾਨੇ ਉਤੇ ਆਰਥਿਕਤਾ ਦੇ ਵਧਣ-ਫੁਲਣ ਵਿੱਚ ਸਹਾਇਕ ਹੁੰਦੇ ਹਨ। ਤਕਨੀਕੀ ਸਿੱਖਿਆ ਅਤੇ ਕੰਮ ਕਰਨ ਦੀ ਕੁਸ਼ਲਤਾ (ਯੋਗਤਾ) ਔਰਤਾਂ ਦੇ ਵਪਾਰਕ ਉੱਦਮ ਲਈ ਬਹੁਤ ਜ਼ਰੂਰੀ ਹਨ। ਇਥੋਂ ਤੱਕ ਕਿ ਸਥਾਪਿਤ ਵਪਾਰ ਦੇ ਮਾਲਿਕਾਂ ਨੂੰ ਵੀ ਕਾਰੋਬਾਰ ਲਈ ਜ਼ਰੂਰੀ ਤਕਨੀਕ ਦੀ ਜਾਣਕਾਰੀ ਨਹੀਂ ਹੁੰਦੀ। ਜਦ ਕਿ ਕਾਰਜ ਯੋਜਨਾਵਾਂ ਅਤੇ ਉੱਦਮਸ਼ੀਲਤਾ ਸਿਖਲਾਈ ਦੀ ਉਲਬਧਤਾ ਔਰਤਾਂ ਲਈ ਸੀਮਿਤ ਹੈ।

ਔਰਤਾਂ ਦੀ ਆਰਥਿਕ ਨਿਰਭਰਤਾ ਦੇ ਲਈ ਛੋਟੇ ਉਦਯੋਗ ਜਾਂ ਸਵੈ-ਰੋਜ਼ਗਾਰ ਦੀ ਸਥਾਪਨਾ ਲਈ ਸਰਕਾਰ ਦੁਆਰਾ ਆਰਥਿਕ ਸਹਾਇਤਾ ਉਪਲਬਧ ਕੀਤੀ ਜਾਂਦੀ ਹੈ। ਜਿਵੇਂ ਕਿ ਸੇਵਾ ਜਾਂ ਬਜ਼ਾਰ ਦੇ ਖੇਤਰ ਨੂੰ ਪ੍ਰਮੁੱਖ ਰੱਖ ਕੇ ਸਿਖਲਾਈ ਪ੍ਰੋਗਰਾਮ ਤਿਆਰ ਕੀਤੇ ਜਾਂਦੇ ਹਨ। ਉਸ ਵਿੱਚ ਵੀ ਤਿੰਨ ਤੱਤਾਂ ਦੀ ਪ੍ਰਮੁੱਖ ਭੂਮਿਕਾ ਹੈ ਜਿਵੇਂ (ੳ) ਪੂੰਜੀ, (ਅ) ਯੋਗਤਾ, (ੲ) ਉੱਦਮਸ਼ੀਲਤਾ। ਸਥਾਨਿਕ ਆਧਾਰ ਉਤੇ ਰੋਜ਼ਗਾਰ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖ ਕੇ ਸਿਖਲਾਈ ਦਿੱਤੀ ਜਾਂਦੀ ਹੈ। ਜਿਸ



ਦੇ ਅਨੁਸਾਰ ਔਰਤਾਂ ਨੂੰ ਲੋਕਾਂ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਸਮੇਂ-ਸਮੇਂ ਉਤੇ ਉਨ੍ਹਾਂ ਲਈ ਉਦਯੋਗ, ਸੇਵਾ, ਵਪਾਰ, ਮਾਰਕੀਟਿੰਗ ਸੰਬੰਧੀ ਜਾਣਕਾਰੀ ਉਪਲਬਧ ਕਰਵਾਈ ਜਾਂਦੀ ਹੈ।

ਔਰਤਾਂ ਲਈ ਸਭ ਤੋਂ ਮਹੱਤਵਪੂਰਨ ਜ਼ਰੂਰਤ ਆਰਥਿਕ ਸੁਤੰਤਰਤਾ ਹੈ। ਪਰਿਵਾਰ ਵਿੱਚ ਸਭ ਤੋਂ ਵੱਧ ਮਿਹਨਤ ਔਰਤਾਂ ਹੀ ਕਰਦੀਆਂ ਹਨ। ਸਵੇਰ ਤੋਂ ਅੱਧੀ ਰਾਤ ਤੱਕ ਘਰ, ਖੇਤੀਬਾੜੀ, ਪਸ਼ੂਆਂ ਦੀ ਦੇਖਭਾਲ ਕਰਨਾ ਆਦਿ ਉਨ੍ਹਾਂ ਦੀ ਇਸ ਮਿਹਨਤ ਦਾ ਫਲ ਪੂਰੇ ਪਰਿਵਾਰ ਨੂੰ ਮਿਲਦਾ ਹੈ, ਲੇਕਿਨ ਔਰਤਾਂ ਨੂੰ ਉਨ੍ਹਾਂ ਦੀ ਮਿਹਨਤ ਲਈ ਆਦਰ-ਸਨਮਾਨ ਪੂਰਨ ਰੂਪ ਵਿੱਚ ਨਹੀਂ ਦਿੱਤਾ ਜਾਂਦਾ। ਜਦੋਂ ਤੱਕ ਔਰਤਾਂ ਆਰਥਿਕ ਤੌਰ ਤੇ ਸਵੈ-ਨਿਰਭਰ ਨਹੀਂ ਹੋ ਜਾਂਦੀਆਂ ਤਦ ਤੱਕ ਉਨ੍ਹਾਂ ਪ੍ਰਤਿ ਸਮਾਜਿਕ ਦ੍ਰਿਸ਼ਟੀਕੋਣ ਬਦਲਣਾ ਅਸੰਭਵ ਹੈ। ਫਲਸਰੂਪ ਆਰਥਿਕ ਸਵੈ-ਨਿਰਭਰਤਾ ਨਾਲ ਹੀ ਔਰਤਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਦਰਜਾ ਮਿਲ ਸਕਦਾ ਹੈ।

ਔਰਤਾਂ ਦੀ ਆਰਥਿਕ ਸ਼ਕਤੀ ਦਾ ਮਤਲਬ ਹੈ ਆਰਥਿਕ, ਸਮਾਜਿਕ ਅਤੇ ਰਾਜਨੀਤਕ ਰੂਪ ਵਿੱਚ ਮਜਬੂਤ ਬਣਾਉਣ ਲਈ ਸਵੈ-ਸਹਾਇਤਾ ਸਮੂਹ ਦਾ ਗਠਨ ਕਰਨਾ ਜਾਂ ਸਵੈ-ਸਹਾਇਤਾ ਸਮੂਹਾਂ ਨੂੰ ਆਰਥਿਕ ਯੋਜਨਾ ਨਾਲ ਜੋੜਨਾ ਤਾਂ ਕਿ ਔਰਤਾਂ ਨੂੰ ਆਰਥਿਕ ਲਾਭ ਮਿਲ ਸਕੇ। ਸਮੂਹਾਂ ਵਿੱਚ ਇਕੱਠੇ ਧਨ ਨਾਲ ਉਨ੍ਹਾਂ ਦੇ ਪਰਿਵਾਰਾਂ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਸਵੈ-ਸਹਾਇਤਾ ਸਮੂਹਾਂ ਦੁਆਰਾ ਆਰਥਿਕ ਸਸ਼ਕਤੀਕਰਨ ਹੋਣ ਨਾਲ ਪਰਿਵਾਰ ਵਿੱਚ ਆਰਥਿਕ ਅਤੇ ਸਮਾਜਿਕ ਸੁਧਾਰ ਲਿਆਇਆ ਜਾ ਸਕਦਾ ਹੈ।

ਸਮਾਜ ਦੇ ਕਿਸੇ ਵੀ ਵਰਗ ਨੂੰ ਉਸ ਹੱਦ ਤੱਕ ਸਨਮਾਨ ਮਿਲਦਾ ਹੈ ਜਿਸ ਹੱਦ ਤੱਕ ਉਹ ਸਮਾਜ ਦੀ ਆਰਥਿਕ ਪ੍ਰਕਿਰਿਆ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕੇ। ਭਾਰਤੀ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਸ ਖੇਤਰ ਵਿੱਚ ਔਰਤਾਂ ਦਾ ਯੋਗਦਾਨ ਹੈ ਉਸ ਖੇਤਰ ਨੇ ਪੂਰਨ ਤੌਰ ਤੇ ਵਿਕਾਸ ਕੀਤਾ ਹੈ। ਖੇਤੀਬਾੜੀ ਦੇ ਖੇਤਰ ਵਿੱਚ ਔਰਤਾਂ ਦਾ ਵਿਸ਼ੇਸ਼ ਯੋਗਦਾਨ ਹੈ। ਵੱਡੇ ਪੈਮਾਨੇ ਉਤੇ ਧਾਰਮਿਕ-ਸੱਭਿਆਚਾਰਕ ਸੰਸਥਾਵਾਂ, ਸਮਾਜ ਸ਼ਾਸਤਰੀਆਂ ਅਤੇ ਮਾਨਵ-ਸ਼ਾਸਤਰੀਆਂ ਨੇ ਔਰਤ ਦੇ ਮਹੱਤਵ ਨੂੰ ਪ੍ਰਮਾਣਿਤ ਕੀਤਾ ਹੈ।




## ਅਰਥਵਿਵਸਥਾ ਅਤੇ ਔਰਤਾਂ

ਉਦਯੋਗੀਕਰਨ ਅਤੇ ਆਧੁਨਿਕਰਨ ਦੇ ਨਾਲ ਘਰ ਅਤੇ ਕਾਰੋਬਾਰ ਦੋਨਾਂ ਥਾਵਾਂ ਉਤੇ ਔਰਤਾਂ ਨੇ ਜ਼ਿਆਦਾ ਜ਼ਿੰਮੇਦਾਰੀ ਸੰਭਾਲੀ ਹੈ। ਔਰਤਾਂ ਦਾ ਕੰਮ ਵਿੱਚ ਸਹਿਯੋਗ 2001 ਦੀ ਤੁਲਨਾ ਵਿੱਚ 2011 ਵਿੱਚ ਕਾਫੀ ਵਧਿਆ ਹੈ ਪਰ ਮਰਦਾਂ ਦੀ ਤੁਲਨਾ ਵਿੱਚ ਅਜੇ ਵੀ ਘੱਟ ਹੈ।

## ਆਰਥਿਕ ਤਰੱਕੀ ਵਿੱਚ ਔਰਤਾਂ

ਲਿੰਗਕ ਸੰਤੁਲਨ ਨੂੰ ਹੁਣ ਕਾਰੋਬਾਰ ਲਈ ਚੰਗਾ ਮੰਨਿਆ ਜਾਣ ਲਗਾ ਹੈ। ਕਾਰੋਬਾਰੀ ਖੇਤਰ ਵਿੱਚ ਔਰਤਾਂ ਦਾ ਵੱਧਦਾ ਸਹਿਯੋਗ ਵਪਾਰਿਕ ਵਿਕਾਸ ਲਈ ਇਕ ਵੱਡੇ ਇੰਜਣ ਬਰਾਬਰ ਹੈ। ਹੁਣ ਇਹ ਸਿੱਧ ਹੋ ਚੁੱਕਾ ਹੈ ਕਿ ਪ੍ਰਬੰਧਕ ਢਾਂਚੇ ਅਤੇ ਨਿਰਦੇਸ਼ਕ ਮੰਡਲਾਂ ਵਿੱਚ ਲਿੰਗਕ ਸੰਤੁਲਨ ਆਰਥਿਕ ਦ੍ਰਿਸ਼ਟੀ ਨਾਲ ਲਾਭਕਾਰੀ ਸਿੱਧ ਹੋਇਆ ਹੈ।

ਮਹਿਲਾ ਪ੍ਰਬੰਧਕਾਂ ਨੂੰ ਆਮ ਤੌਰ ਤੇ ਮਨੁੱਖੀ ਸਾਧਨਾਂ, ਜਨਸੰਪਰਕ ਸੰਚਾਰ, ਆਰਥਿਕ ਅਤੇ ਪ੍ਰਬੰਧਿਕ ਜ਼ਿੰਮੇਵਾਰੀਆਂ ਜ਼ਿਆਦਾ ਸੰਭਾਲੀਆਂ ਹਨ। ਵਪਾਰਿਕ ਲਿੰਗਕ ਅੰਤਰਾਲ ਰਿਪੋਰਟ 2015 ਦੇ ਅਨੁਸਾਰ, ਆਰਥਿਕ ਸਹਿਯੋਗ ਦੇ ਮੌਕਿਆਂ ਦਾ ਲਿੰਗਕ ਅੰਤਰ 59 ਪ੍ਰਤਿਸ਼ਤ ਹੈ, ਅੰਤਰਰਾਸ਼ਟਰੀ ਰੋਜ਼ਗਾਰ ਸੰਗਠਨ ਦੇ ਅੰਕੜੇ ਦੱਸਦੇ ਹਨ ਕਿ ਵਿਸ਼ਵ ਭਰ ਵਿੱਚ 40 ਪ੍ਰਤਿਸ਼ਤ ਔਰਤਾਂ ਕੰਮਕਾਜ ਵਿੱਚ ਤਤਪਰ ਹਨ।

ਔਰਤ-ਸਸ਼ਕਤੀਕਰਨ, ਔਰਤਾਂ ਦੇ ਵਿਕਾਸ ਅਤੇ ਪੱਧਰ ਉੱਚਾ ਚੁੱਕਣ ਦਾ ਮਹੱਤਵਪੂਰਨ ਖੇਤਰ ਸਿੱਖਿਆ ਹੈ। ਘਰ ਅਤੇ ਪਰਿਵਾਰ ਨੂੰ ਨਿਸ਼ਚਿਤ ਸੁਚਾਰੂ ਢੰਗ ਨਾਲ ਚਲਾਉਣ ਦੇ ਨਾਲ-ਨਾਲ ਜਦੋਂ ਔਰਤ ਕਿਸੇ ਕਾਰੋਬਾਰ ਨੂੰ ਸੰਭਾਲਦੀ ਹੈ ਤਾਂ ਕਾਰੋਬਾਰ ਦੀ ਸਫਲਤਾ ਵੀ ਯਕੀਨੀ ਹੋ ਜਾਂਦੀ ਹੈ। ਹੁਣ ਇਹ ਪ੍ਰਮਾਣਿਤ ਹੋ ਚੁੱਕਾ ਹੈ ਕਿ ਔਰਤਾਂ ਵਿੱਚ ਉੱਚ ਪ੍ਰਬੰਧਕ ਯੋਗਤਾ ਹੈ। ਇੰਦਰਾ ਨੂਈ, ਅਰੁੰਧਨਤੀ ਭਟਾਚਾਰੀਆ, ਵੰਦਨਾ ਲੂਥਰਾ, ਨੀਤਾ ਅੰਬਾਨੀ, ਵਨੀਤਾ ਗੁਪਤਾ, ਦੀਪਕਾ, ਸੋਨਿਕਾ, ਅੰਬਿਕਾ ਧੀਰਜ, ਵਨੀਤਾ ਲਾਲੀ, ਰੇਣੁਕਾ ਰਾਮਨਾਥ, ਰੇਨੂ ਸੂਦ, ਕਰਨਾਡ, ਵਨੀਤਾ ਨਰਾਇਣ, ਪਲਵੀ ਸ਼ਰਾਫ, ਸੁਭਲਕਸ਼ਮੀ, ਵਨੀਤਾ ਸਿੰਘਾਨੀਆ, ਪ੍ਰਿਆ ਨਾਇਰ,। ਅੰਜਲੀ ਬੰਸਲ, ਸਵਰੂਪਾ ਸਯਾਲ, ਚੰਦਾ ਕੋਛਰ, ਸਵਿਤਾ ਮਹਾਜਨ, ਕਲਪਨਾ ਮਰੋਪਾਰੀਆ, ਸੋਭਨਾ ਭਾਰਤੀਆ, ਜੀਆ ਮੋਦੀ, ਸਵਾਤੀ ਪਿਰਾਮਲ, ਮਲਿਕਾ ਸ੍ਰੀਨਿਵਾਸ, ਏਕਤਾ ਕਪੂਰ, ਫਲਗੁਨੀ ਨਾਇਰ, ਆਸ਼ੂ ਸੁਏਸ਼, ਜਰੀਨਾ ਮਹਿਤਾ ਆਦਿ ਅਜਿਹੀਆਂ ਸਫਲ ਭਾਰਤੀ ਔਰਤਾਂ ਹਨ ਜੋ ਪ੍ਰਬੰਧਕੀ ਖੇਤਰ ਵਿੱਚ ਮਹੱਤਵਪੂਰਨ ਭੂਮਿਕਾ ਲਈ ਜਾਣੀਆਂ ਜਾਂਦੀਆਂ ਹਨ।

## ਅਰਥਵਿਵਸਥਾ ਵਿੱਚ ਔਰਤਾਂ ਦੀ ਸੇਵਾ

ਆਰਥਿਕ ਗਣਨਾ ਦੇ ਅਨੁਸਾਰ ਦੇਸ਼ ਵਿੱਚ ਆਰਥਿਕ ਸਰਗਰਮੀਆਂ ਵਿੱਚ ਔਰਤਾਂ ਦੀ ਹਿੱਸੇਦਾਰੀ ਬਹੁਤ ਘੱਟ ਹੈ। ਕੁੱਲ 5.85 ਕਰੋੜ

ਕਾਰੋਬਾਰਾਂ ਵਿੱਚ ਸਿਰਫ 13.76 ਪ੍ਰਤਿਸ਼ਤ ਕਾਰੋਬਾਰਾਂ ਦੀ ਵਾਗਡੋਰ ਔਰਤਾਂ ਦੇ ਹੱਥਾਂ ਵਿੱਚ ਹੈ। ਇਨ੍ਹਾਂ ਕਾਰੋਬਾਰਾਂ ਦੀ ਗਿਣਤੀ 80.50 ਲੱਖ ਦੇ ਲਗਭਗ ਹੈ। ਦੇਸ਼ ਦੀ ਕੁੱਲ 13 ਕਰੋੜ ਔਰਤਾਂ ਦੀ ਕਾਮਾ ਸ਼ਕਤੀ ਵਿੱਚੋਂ 10.02 ਕਰੋੜ ਔਰਤਾਂ ਪਿੰਡਾਂ ਨਾਲ ਸੰਬੰਧਿਤ ਹਨ। ਸਰਕਾਰ ਉਨ੍ਹਾਂ ਦੀ ਆਰਥਿਕ ਖ਼ੁਸ਼ਹਾਲੀ ਲਈ ਯਤਨਸ਼ੀਲ ਹੈ।

## ਕੰਮ ਦੀ ਧਾਰਨਾਂ ਅਤੇ ਅੰਕੜੇ

ਔਰਤਾਂ ਦੇ ਕੰਮ ਸੰਬੰਧੀ ਮੁੱਦੇ ਇੰਨੇ ਠੋਸ ਹਨ ਕਿ ਮਰਦਮਸ਼ੁਮਾਰੀ ਵਿੱਚ ਵੀ ਔਰਤਾਂ ਦੇ ਕੰਮ ਵਿੱਚ ਹਿੱਸੇਦਾਰੀ ਦੀ ਅਸਲ ਦਰ ਨਹੀਂ ਆਉਂਦੀ। ਅੰਕੜੇ ਕਿਸੇ ਵੀ ਤਰ੍ਹਾਂ ਨਾਲ ਇਸ ਅਨੁਪਾਤ ਵਿੱਚ ਵਾਧਾ ਦਿਖਾਉਂਦੇ ਹਨ, ਜਿਵੇਂ 1971 ਵਿੱਚ 14.22 ਪ੍ਰਤਿਸ਼ਤ, 1981 ਵਿੱਚ 19.67 ਪ੍ਰਤਿਸ਼ਤ, 1991 ਵਿੱਚ 22.27 ਪ੍ਰਤਿਸ਼ਤ, 2001 ਵਿੱਚ 25.7 ਪ੍ਰਤਿਸ਼ਤ ਅਤੇ 2011 ਵਿੱਚ 33.1 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ।

ਇਹ ਪ੍ਰਤੱਖ ਹੈ ਕਿ ਔਰਤਾਂ ਜ਼ਿਆਦਾ ਵਕਤ ਕੰਮ ਕਰਦੀਆਂ ਹਨ ਅਤੇ ਅਰਥਵਿਵਸਥਾ ਵਿੱਚ ਯੋਗਦਾਨ ਦਿੰਦੀਆਂ ਹਨ। ਇਹ ਦੁੱਖ ਦੀ ਗੱਲ ਹੈ ਕਿ ਆਜ਼ਾਦੀ ਦੇ ਸੱਤ ਦਹਾਕੇ ਪੂਰੇ ਹੋਣ ਉਤੇ ਵੀ ਬਾਲ ਮਜ਼ਦੂਰੀ ਖਤਮ ਨਹੀਂ ਹੋਈ। ਜਿਨ੍ਹਾਂ ਹਾਲਤਾਂ ਵਿੱਚ ਲੜਕੀਆਂ ਕੰਮ ਕਰਦੀਆਂ ਹਨ ਉਹ ਵੀ ਤਰਸਯੋਗ ਹੈ। ਛੋਟੇ-ਛੋਟੇ ਹੱਥ, ਵੱਡੇ ਕਲੀਨ ਬਣਾਉਣ, ਪਟਾਖੇ ਬਣਾਉਣ ਅਤੇ ਬੁਣਾਈ ਦੇ ਕਾਰਖ਼ਾਨਿਆਂ ਵਿੱਚ ਬਿਨਾਂ ਭੁਗਤਾਨ ਜਾਂ ਘੱਟ ਭੁਗਤਾਨ ਦੇ ਕੰਮ ਕਰਦੇ ਹਨ। ਕਈ ਬੱਚੇ ਘਰਾਂ ਵਿੱਚ ਬੰਧਕ ਮਜ਼ਦੂਰਾਂ ਵਾਂਗ ਕੰਮ ਕਰਦੇ ਹਨ ਅਤੇ ਕਈਆਂ ਨੂੰ ਵੇਸ਼ਵਾਵ੍ਰਿਤੀ ਵੱਲ ਧੱਕਿਆ ਜਾਂਦਾ ਹੈ। ਹਾਲਾਂਕਿ ਸਿੱਖਿਆ, ਸੇਵਾ ਖੇਤਰ ਅਤੇ ਕੁੱਝ ਹੋਰ ਖੇਤਰਾਂ ਵਿੱਚ ਔਰਤਾਂ ਲਈ ਰੋਜ਼ਗਾਰ ਵਧ ਰਹੇ ਹਨ ਪਰ ਇਹ ਖੇਤਰ ਸ਼ਹਿਰੀ ਅਤੇ ਪੜ੍ਹੀਆਂ ਲਿਖੀਆਂ ਔਰਤਾਂ ਤੱਕ ਹੀ ਸੀਮਿਤ ਹਨ।

## ਔਰਤਾਂ ਦੇ ਕੰਮ ਨੂੰ ਮਹੱਤਤਾ

ਅੱਜ ਦੀਆਂ ਔਰਤਾਂ ਦਫ਼ਤਰਾਂ, ਖੇਤੀ, ਕਾਰਖ਼ਾਨਿਆਂ ਅਤੇ ਹੋਰ ਕਈ ਖਿੱਤਿਆਂ ਵਿੱਚ ਕੰਮ ਕਰ ਰਹੀਆਂ ਹਨ ਪਰ ਸਮਾਜ ਫਿਰ ਵੀ ਉਨ੍ਹਾਂ ਦੇ ਕੰਮ ਨੂੰ ਮਹੱਤਵ ਨਹੀਂ ਦਿੰਦਾ। ਉਨ੍ਹਾਂ ਦੇ ਕੰਮ ਅਤੇ ਆਰਥਿਕ ਸਹਿਯੋਗ ਨੂੰ ਸਮਾਜ ਇਹ






ਮੰਨ ਕੇ ਚਲਦਾ ਹੈ ਕਿ ਪਰਿਵਾਰ ਦੀ ਭਲਾਈ ਲਈ ਉਨ੍ਹਾਂ ਦੇ ਪਰਿਵਾਰ ਦੀ ਦੇਖਭਾਲ ਬੱਚਿਆਂ ਦਾ ਪਲਣ-ਪੋਸ਼ਣ ਅਤੇ ਪਰਿਵਾਰ ਲਈ ਆਪਾ ਮਿਟਾ ਦੇਣਾ ਹੀ ਔਰਤ ਦੀ ਪ੍ਰਵਿਰਤੀ ਅਤੇ ਪ੍ਰਕਿਰਤੀ ਹੈ। ਜਿਵੇਂ-ਜਿਵੇਂ ਆਰਥਿਕ ਹਾਲਾਤ ਬਦਲ ਰਹੇ ਹਨ, ਔਰਤ ਦਾ ਜੀਵਨ ਵੀ ਬਦਲ ਰਿਹਾ ਹੈ। ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਔਰਤਾਂ ਦੇ ਰੋਜ਼ਗਾਰ ਦੀ ਸਥਿਤੀ ਵਿੱਚ ਨਵੀਆਂ ਚੁਨੌਤੀਆਂ ਆਈਆਂ ਹਨ। ਜਦਕਿ ਦੂਸਰੇ ਪਾਸੇ ਅਸੰਗਠਿਤ ਖੇਤਰਾਂ ਵਿੱਚ ਕਾਰਜਕਾਰੀ ਔਰਤਾਂ ਰੋਜ਼ਾਨਾ ਆਪਣੇ ਜੀਵਨ ਲਈ ਸੰਘਰਸ਼ ਕਰ ਰਹੀਆਂ ਹਨ।

## ਔਰਤਾਂ ਦੀ ਕਾਰਜਕਾਰੀ ਹਿੱਸੇਦਾਰੀ

ਕੇਂਦਰੀ ਅੰਕੜਾ ਮੰਤਰਾਲੇ ਦੀ ਛੇਵੀਂ ਆਰਥਿਕ ਗਣਨਾ ਦੇ ਅਨੁਸਾਰ ਦੇਸ਼ ਦੀ ਕਿਰਤੀ-ਸ਼ਕਤੀ ਵਿੱਚ ਔਰਤਾਂ ਦੀ ਹਿੱਸੇਦਾਰੀ 25.51 ਪ੍ਰਤਿਸ਼ਤ ਹੈ। ਤਾਮਿਲਨਾਡੂ, ਕੇਰਲਾ, ਆਂਧਰਾ ਪ੍ਰਦੇਸ਼ ਦੇ ਬਾਅਦ ਪੱਛਮੀ ਬੰਗਾਲ ਵਿੱਚ ਔਰਤ ਕਰਮਚਾਰੀਆਂ ਦੀ ਗਿਣਤੀ ਚੰਗੀ ਹੈ। ਇਥੇ ਔਰਤਾਂ ਦੇ ਮਾਲਕੀਅਤ ਵਾਲੇ ਉਦਯੋਗਾਂ ਦੀ ਸੰਖਿਆ 10.33 ਪ੍ਰਤਿਸ਼ਤ ਹੈ।

ਲਿੰਗਕ ਸਮਾਨਤਾ ਉਤੇ ਇਕ ਰਿਪੋਰਟ ਵਿੱਚ 'ਮੈਕਿੰਜੀ ਗਲੋਬਲ ਇੰਸਟੀਚਿਊਟ' ਨੇ ਦਾਅਵਾ ਕੀਤਾ ਹੈ ਕਿ ਜੇਕਰ ਭਾਰਤ ਵਿੱਚ ਲਿੰਗਕ ਸਮਾਨਤਾ ਆ ਜਾਂਦੀ ਹੈ ਤਾਂ ਦੁਨੀਆਂ ਦੇ ਕਿਸੇ ਵੀ ਖੇਤਰ ਦੀ ਤੁਲਨਾ ਵਿੱਚ ਭਾਰਤ ਦੀ ਆਰਥਿਕ ਸਥਿਤੀ ਉਤੇ ਇਸ ਦਾ ਪ੍ਰਭਾਵ ਸਭ ਤੋਂ ਵੱਧ ਹੋਵੇਗਾ। ਇਸ ਨਾਲ 2025 ਤੱਕ ਭਾਰਤ ਦਾ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) 1 ਅਰਬ ਡਾਲਰ ਤੱਕ ਜੁੜ ਸਕਦਾ ਹੈ ਪਰ ਇਸ ਲਈ ਉੱਚ ਪੱਧਰ ਉਤੇ ਬਦਲਾ ਲਿਆਉਣ ਦੀ ਜ਼ਰੂਰਤ ਹੈ।

ਭਾਰਤ ਵਿੱਚ ਔਰਤ ਨੂੰ ਗ੍ਰਹਿਲਕਸ਼ਮੀ ਕਿਹਾ ਜਾਂਦਾ ਹੈ, ਕਿਉਂਕਿ ਘਰ ਦੇ ਬਜਟ ਨੂੰ ਸੁਚਾਰੂ ਰੂਪ ਵਿੱਚ ਔਰਤ ਹੀ ਚਲਾਉਂਦੀ ਹੈ ਪਰ ਕਈ ਅਧਿਐਨਾਂ ਤੋਂ ਸਾਬਿਤ ਹੋ ਚੁੱਕਾ ਹੈ ਕਿ ਸਹਿਕਾਰੀ ਖੇਤਰ ਵਿੱਚ ਔਰਤਾਂ ਮਰਦਾਂ ਤੋਂ ਘੱਟ ਨਹੀਂ। 'ਦਿ ਪੀਟਰਸਨ ਇੰਡਸਟਰੀ ਫਾਰ ਇੰਟਰ-ਨੈਸ਼ਨਲ ਇਕਨਾਮਿਕਸ' ਅਤੇ 'ਅਨੇਸਟ ਐਂਡ ਯੰਗ' ਦੀ ਵਰਤਮਾਨ ਰਿਪੋਰਟ ਦੇ ਅਨੁਸਾਰ ਵਿਹਾਰਕ ਪੱਧਰ ਉਤੇ ਇਕ ਸੋਧ ਵਿੱਚ ਪਾਇਆ ਗਿਆ ਹੈ ਕਿ ਜਿਨ੍ਹਾਂ ਕੰਪਨੀਆਂ ਵਿੱਚ 30 ਪ੍ਰਤਿਸ਼ਤ ਭੂਮਿਕਾ ਔਰਤਾਂ ਦੀ ਹੁੰਦੀ ਹੈ ਉਨ੍ਹਾਂ ਕੰਪਨੀਆਂ ਦੇ ਲਾਭ ਵਿੱਚ 6 ਪ੍ਰਤਿਸ਼ਤ ਤੱਕ ਵਾਧਾ ਹੋ ਸਕਦਾ ਹੈ। ਲਗਭਗ 91 ਦੇਸ਼ਾਂ ਵਿੱਚ ਸਥਾਪਿਤ ਅਲਗ-ਅਲਗ ਉਦਯੋਗਾਂ ਅਤੇ ਖੇਤਰਾਂ ਦੀਆਂ 21,980 ਕੰਪਨੀਆਂ ਦਾ ਸਮੂਹਿਕ ਅਧਿਐਨ ਕਰਕੇ ਇਹ ਨਤੀਜਾ ਕੱਢਿਆ ਗਿਆ ਹੈ। ਅਮਰੀਕੀ ਫਰਮਾਂ ਉਤੇ ਕੀਤੇ ਗਏ ਸੋਧ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਔਰਤ-ਮਰਦ ਮਿਸ਼ਰਤ ਬੋਰਡਾਂ ਦਾ ਅਸਰ ਮਰਦ ਪ੍ਰਧਾਨ ਬੋਰਡਾਂ ਨਾਲੋਂ ਬੇਹਤਰ ਹੈ।

## ਰਾਜ ਵਿੱਚ ਔਰਤ ਕਿਰਤੀਬਲ

ਮੈਕਸੀ ਦੀ ਇਕ ਰਿਪੋਰਟ ਅਨੁਸਾਰ ਸਾਲ 2055 ਤੱਕ ਕੰਮਕਾਜੀ ਖੇਤਰ ਵਿੱਚ ਔਰਤਾਂ ਦੀ 10 ਪ੍ਰਤਿਸ਼ਤ ਹਿੱਸੇਦਾਰੀ ਵਧਾਉਣ ਨਾਲ 70 ਪ੍ਰਤਿਸ਼ਤ ਲਾਭ ਵਧ ਸਕਦਾ ਹੈ। ਇਸ ਲਈ 6 ਕਰੋੜ 80 ਲੱਖ ਮਿਲੀਅਨ ਤੋਂ ਜ਼ਿਆਦਾ ਔਰਤਾਂ

ਨੂੰ ਕਿਰਤੀਬਲ ਨਾਲ ਜੋੜਨਾ ਹੋਵੇਗਾ। 'ਮੈਕਸੀ ਵਿਸ਼ਲੇਸ਼ਣ' ਦੇ ਅਨੁਸਾਰ ਭਾਰਤ ਦਾ ਲਗਭਗ ਹਰ ਰਾਜ ਲਿੰਗਕ ਅਸਮਾਨਤਾ ਨਾਲ ਜੁੜਿਆ ਹੋਇਆ ਹੈ। ਪੰਜ ਰਾਜਾਂ ਵਿੱਚ ਲਿੰਗਕ ਅਸਮਾਨਤਾ ਸਭ ਤੋਂ ਘੱਟ ਹੈ ਉਥੇ ਪੰਜ ਰਾਜ ਅਜਿਹੇ ਹਨ ਜਿਨ੍ਹਾਂ ਵਿੱਚ ਲਿੰਗਕ ਅਸਮਾਨਤਾ ਸਭ ਤੋਂ ਵੱਧ ਹੈ ਜਿੱਥੇ ਔਰਤਾਂ ਦੀ ਕਾਰਜ ਹਿੱਸੇਦਾਰੀ 32 ਪ੍ਰਤਿਸ਼ਤ ਹੈ। ਸਭ ਤੋਂ ਵੱਧ ਲਿੰਗਕ ਸਮਾਨਤਾ ਮਿਜ਼ੋਰਮ ਵਿੱਚ ਹੈ ਅਤੇ ਸਭ ਤੋਂ ਘੱਟ ਬਿਹਾਰ ਵਿੱਚ।

'ਵਿਸ਼ਵ ਬੈਂਕ' ਦੇ ਪਿਛਲੇ ਕੁੱਝ ਸਾਲਾਂ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਔਰਤਾਂ ਦਾ ਕਿਰਤੀਬਲ 2011 ਵਿੱਚ 24.6 ਪ੍ਰਤਿਸ਼ਤ, 2012 ਵਿੱਚ 24.1 ਪ੍ਰਤਿਸ਼ਤ, 2013 ਵਿੱਚ 24.2 ਪ੍ਰਤਿਸ਼ਤ ਅਤੇ 2014 ਵਿੱਚ 24.2 ਪ੍ਰਤਿਸ਼ਤ ਸੀ। ਔਰਤਾਂ ਦੀ ਹਿੱਸੇਦਾਰੀ ਨੂੰ ਆਰਥਿਕ ਖੇਤਰ ਵਿੱਚ ਹੋਰ ਵਧਾਇਆ ਜਾਵੇ ਤਾਂ ਅਰਥਵਿਵਸਥਾ ਵਿੱਚ 16 ਪ੍ਰਤਿਸ਼ਤ ਦਾ ਵਾਧਾ ਹੋ ਸਕਦਾ ਹੈ। ਅਲਗ-ਅਲਗ ਸਲਾਹਕਾਰੀ ਫਰਮਾਂ ਦੀ ਰਿਪੋਰਟ ਅਨੁਸਾਰ ਵਿਸ਼ਵ ਭਰ ਦੀਆਂ ਜਿਨ੍ਹਾਂ ਕੰਪਨੀਆਂ ਦੀ ਵਾਗਡੋਰ ਔਰਤਾਂ ਦੇ ਹੱਥ ਹੈ ਉਹ ਵਧੀਆ ਕੰਮ ਕਰ ਰਹੀਆਂ ਹਨ।

ਫੀਮੇਲ ਇੰਮਪਾਵਰਮੈਂਟ ਇੰਡੈਕਸ ਅਨੁਸਾਰ ਭਾਰਤ ਵਿੱਚ ਮਿਜ਼ੋਰਮ, ਕੇਰਲ, ਮੇਘਾਲਿਆ, ਗੋਆ ਅਤੇ ਸਿੱਕਮ ਵਿੱਚ ਸਭ ਤੋਂ ਵੱਧ ਲਿੰਗ ਸਮਾਨਤਾ ਪਾਈ ਜਾਂਦੀ ਹੈ, ਜਦ ਕਿ ਬਿਹਾਰ, ਮੱਧ ਪ੍ਰਦੇਸ਼, ਅਸਾਮ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ ਅਸਮਾਨਤਾ ਪਾਈ ਜਾਂਦੀ ਹੈ।

**ਕਈ ਰਿਪੋਰਟਾਂ ਅਨੁਸਾਰ ਕਈ ਦੇਸ਼ ਲਿੰਗ ਸਮਾਨਤਾ ਵੱਲ ਤੇਜ਼ੀ ਨਾਲ ਵਧ ਰਹੇ ਹਨ। ਇਸ ਨਾਲ ਸਿਰਫ ਵਿਅਕਤੀਗਤ ਫਾਇਦਾ ਹੀ ਨਹੀਂ ਹੋਵੇਗਾ ਸਗੋਂ ਇਸ ਦਾ ਪ੍ਰਭਾਵ ਉਦਯੋਗਿਕ ਪੱਧਰ ਉਤੇ ਵੀ ਪਵੇ ਗਾ। ਕਾਰਜ ਖੇਤਰ ਵਿੱਚ ਲਿੰਗਕ ਸਮਾਨਤਾ ਨਾਲ ਸਮੁੱਚੇ ਘਰੇਲੂ ਉਤਪਾਦ ਵਿੱਚ 12 ਟ੍ਰਿਲੀਅਨ ਡਾਲਰ ਦਾ ਵਾਧਾ ਹੋ ਸਕਦਾ ਹੈ। ਭਾਰਤ ਵਿੱਚ ਸਮੁੱਚੇ ਘਰੇਲੂ ਉਤਪਾਦ ਵਿੱਚ 2055 ਤੱਕ 700 ਅਰਬ ਡਾਲਰ ਦਾ ਵਾਧਾ ਹੋ ਸਕਦਾ ਹੈ।**

ਵੱਖ-ਵੱਖ ਅਧਿਐਨਾਂ ਦੇ ਅੰਕੜੇ ਦੱਸਦੇ ਹਨ ਕਿ ਘਰ ਦੀ ਦੇਖਭਾਲ ਅਤੇ ਬੱਚਿਆਂ ਦੀ ਪਾਲਣਾ ਲਈ ਅਕਸਰ ਔਰਤਾਂ ਨੌਕਰੀ ਛੱਡ ਦਿੰਦੀਆਂ ਹਨ। ਇਸ ਕਾਰਨ ਉਦਯੋਗਿਕ ਕਿਰਤ ਵਿੱਚ ਹਿੱਸੇਦਾਰੀ ਲਈ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਔਰਤ ਅਤੇ ਖੇਤੀਬਾੜੀ

ਖੇਤੀ ਭਾਰਤੀ ਆਰਥਿਕਤਾ ਦਾ ਮਹੱਤਵਪੂਰਨ ਆਧਾਰ ਹੈ। ਇਸ ਖੇਤਰ ਦੀ ਸਫਲਤਾ ਅੱਜ ਵੀ ਪੂਰੀ ਆਰਥਿਕਤਾ ਨੂੰ ਬਦਲ ਸਕਦੀ ਹੈ। ਦੇਸ਼ ਦੇ ਕੁੱਲ ਘਰੇਲੂ ਉਤਪਾਦ ਅਤੇ ਨਿਰਯਾਤ ਵਿੱਚ ਖੇਤੀਬਾੜੀ ਦਾ ਬਹੁਤ ਮਹੱਤਵ ਹੈ। ਖੇਤੀ ਖਾਣ-ਪੀਣ ਅਤੇ ਦੂਜੇ ਇਸਤੇਮਾਲ ਦੀਆਂ ਮੌਲਿਕ ਵਸਤੂਆਂ ਦੇ ਨਾਲ-ਨਾਲ ਉਦਯੋਗਾਂ ਲਈ ਵੀ ਸਮੱਗਰੀ ਪ੍ਰਦਾਨ ਕਰਦੀ ਹੈ। ਇਸ ਦੇ ਨਾਲ ਦੇਸ਼ ਦੇ ਲਈ ਵਿਦੇਸ਼ੀ ਮੁਦਰਾ ਕਮਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ 21ਵੀਂ ਸਦੀ ਵਿੱਚ ਵੀ ਖੇਤੀ ਰੋਜ਼ਗਾਰ ਦਾ ਸਭ ਤੋਂ ਵੱਡਾ ਜ਼ਰੀਆ ਹੈ। ਦੇਸ਼ ਦੀ ਕੁੱਲ ਅਬਾਦੀ ਦੇ 50 ਪ੍ਰਤਿਸ਼ਤ ਤੋਂ ਵੱਧ ਮਰਦ ਅਤੇ ਔਰਤਾਂ ਰੋਜ਼ੀ-ਰੋਟੀ ਲਈ ਖੇਤੀ ਉਤੇ ਨਿਰਭਰ ਹਨ। ਪਰ ਜਲਵਾਯੂ ਦੇ ਬਦਲਾਅ ਅਤੇ ਕੁਦਰਤੀ ਆਫ਼ਤਾਂ ਦੇ ਕਾਰਨ ਖੇਤੀਬਾੜੀ ਘਾਟੇ ਦਾ ਸੌਦਾ ਸਾਬਤ ਹੋ ਰਹੀ ਹੈ। ਇਸ ਕਾਰਨ ਇਸ ਖੇਤਰ ਨਾਲ ਜੁੜੀਆਂ ਔਰਤਾਂ ਦੇ ਸਾਹਮਣੇ ਰੋਜ਼ੀ-ਰੋਟੀ ਦਾ ਸੰਕਟ ਵੀ ਖੜ੍ਹਾ ਹੈ।



ਖੇਤੀ ਵਿਗਿਆਨਕ ਡਾ. ਐੱਮ ਐੱਸ ਸਵਾਮੀਨਾਥਨ ਦਾ ਮੰਨਣਾ ਸੀ ਕਿ ਔਰਤਾਂ ਉਤੇ ਘਰ ਦੀ ਦੇਖਭਾਲ, ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਆਮਦਨ ਕਮਾਉਣ ਵਰਗੀਆਂ ਜ਼ਿੰਮੇਵਾਰੀਆਂ ਦੇ ਕਾਰਨ ਕਈ ਤਰ੍ਹਾਂ ਦੇ ਬੋਝ ਪੈਂਦੇ ਹਨ। ਜਦੋਂ ਉਹ ਪੂਰਾ ਦਿਨ ਖੇਤਾਂ ਅਤੇ ਜੰਗਲਾਂ ਵਿੱਚ ਕੰਮ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਲੋੜੀਂਦੀਆਂ ਸਹਾਇਤਾ ਸੇਵਾਵਾਂ ਦੀ ਲੋੜ ਪੈਂਦੀ ਹੈ ਜਿਵੇਂ ਸ਼ਿਸ਼ੂ ਸਦਨ ਅਤੇ ਬੱਚਿਆਂ ਦੇ ਦੇਖਭਾਲ ਕੇਂਦਰ। ਇਕ ਗ੍ਰਾਮ ਪੰਚਾਇਤ ਔਰਤਾਂ ਦੇ ਫੰਡ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਸਵੈ-ਸਹਾਇਤਾ ਗੁਟਾਂ ਅਤੇ ਹੋਰਨਾਂ ਔਰਤ ਗੁਟਾਂ ਨੂੰ ਔਰਤਾਂ ਦੀਆਂ ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਨ ਦੇ ਲਈ ਸਾਂਝੇ ਕੰਮਕਾਜ/ਉੱਦਮ ਸ਼ੁਰੂ ਕਰਨ ਵਿੱਚ ਸਮਰੱਥ ਬਣਾਇਆ ਜਾ ਸਕੇ। ਮਰਦਾਂ ਦੀ ਹਿਜਰਤ ਦੇ ਕਾਰਨ ਖੇਤੀ ਦੇ ਲਈ ਮਹਿਲਾਕਰਨ ਅਤੇ ਔਰਤਾਂ ਵਲੋਂ ਖੇਤੀਬਾੜੀ ਅਤੇ ਕਰਜ਼ਾ ਨੀਤੀਆਂ ਦੇ ਸੰਦਰਭ ਵਿੱਚ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਖੇਤੀਬਾੜੀ ਨਾਲ ਜੁੜੀਆਂ ਸਾਰੀਆਂ ਸੇਵਾਵਾਂ ਸੋਧ, ਵਿਕਾਸ ਅਤੇ ਵਿਸਤਾਰ ਪ੍ਰੋਗਰਾਮਾਂ ਨੂੰ ਇਸੇ ਤਰਜ ਉਤੇ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ।

## ਔਰਤਾਂ ਦੇ ਰੋਜ਼ਗਾਰ ਦਾ ਮੌਜੂਦਾ ਦ੍ਰਿਸ਼

ਮਰਦਮਸ਼ੁਮਾਰੀ 2011 ਦੇ ਅਨੁਸਾਰ ਭਾਰਤ ਵਿੱਚ ਕੁੱਲ ਕਾਮਾ ਸ਼ਕਤੀ (ਕਾਮੇ) 48 ਕਰੋੜ ਤੋਂ ਵੱਧ ਹੈ। ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ ਦੇ 68ਵੇਂ ਚੱਕਰ ਦੇ ਰੋਜ਼ਗਾਰ ਅਤੇ ਬੇਰੋਜ਼ਗਾਰੀ ਸਰਵੇਖਣ 2011-12 ਦੇ ਅਨੁਸਾਰ ਸ਼ਹਿਰੀ ਖੇਤਰਾਂ ਵਿੱਚ ਕੰਮਕਾਜੀ ਔਰਤਾਂ ਮੁੱਖ ਤੌਰ ਤੇ ਨਿਰਮਾਣ ਉਸਾਰੀ, ਸਾਂਝੀਆਂ ਸੇਵਾਵਾਂ, ਸਿੱਖਿਆ ਅਤੇ ਵਪਾਰ ਵਿੱਚ ਲਗੀਆਂ ਹੋਈਆਂ ਹਨ ਜਦ ਕਿ ਪੇਂਡੂ ਕੰਮਕਾਜੀ ਔਰਤਾਂ ਲਈ ਖੇਤੀਬਾੜੀ ਹੀ ਇਕ ਮੁੱਖ ਧੰਦਾ ਹੈ।

*(ਲੇਖਕ ਐੱਸ ਬੀ ਕਾਲਜ, ਆਰਾ (ਵੀਰ ਕੁੰਵਰ ਸਿੰਘ ਵਿਸ਼ਵਵਿਦਿਆਲਾ) ਵਿੱਚ ਮਨੋਵਿਗਿਆਨ ਵਿਭਾਗ ਦਾ ਸਹਾਇਕ ਪ੍ਰੋਫੈਸਰ ਹੈ। ਪਿਛਲੇ ਬਾਰਾਂ ਸਾਲਾਂ ਤੋਂ ਸ਼ੋਧਪੂਰਨ ਅਤੇ ਵਿਵਹਾਰਿਕ ਖੇਤਰ ਵਿੱਚ ਪ੍ਰਮੁੱਖ ਤੌਰ ਤੇ ਸਰਗਰਮ ਹੈ।)*

*e-mail :krishna.nipccd@gmail.com*

# 'ਸੰਕਲਪ ਤੋਂ ਸਿੱਧੀ' ਕਰੇਗੀ ਨਵੇਂ ਭਾਰਤ ਦਾ ਨਿਰਮਾਣ

ਅਵਿਨਾਸ਼ ਰਾਏ ਖੰਨਾ

9 ਅਗਸਤ 1942 ਨੂੰ 'ਭਾਰਤ ਛੱਡੋ ਅੰਦੋਲਨ' ਦੇ ਸੰਕਲਪ ਅਤੇ ਭਾਰਤ ਦੇ ਕਈ ਵੀਰ-ਬਲੀਦਾਨੀਆਂ ਦੇ ਤਿਆਗ, ਤਪੱਸਿਆ ਨਾਲ ਪ੍ਰਾਪਤ ਆਜ਼ਾਦੀ ਦੇ ਪਿਛੋਕੜ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਸੰਕਲਪ ਨਾਲ ਸਿੱਧੀ' ਦਾ ਨਾਅਰਾ ਬੁਲੰਦ ਕੀਤਾ ਸੀ।

ਇਸ ਪਿੱਛੇ ਉਨ੍ਹਾਂ ਦਾ ਉਦੇਸ਼ ਸਪੱਸ਼ਟ ਝਲਕ ਰਿਹਾ ਹੈ ਕਿ ਭਾਰਤ ਦਾ ਹਰੇਕ ਨਾਗਰਿਕ ਜੇਕਰ ਆਪੋ-ਆਪਣੇ ਖੇਤਰ ਵਿੱਚ ਮਹਾਨ ਸੰਕਲਪਾਂ ਦਾ ਨਿਰਮਾਣ ਕਰ ਲਵੇ ਤਾਂ ਉਹ ਸੁਭਾਵਿਕ ਤੌਰ ਤੇ ਉਨ੍ਹਾਂ ਸੰਕਲਪਾਂ ਲਈ ਪਹਿਲਾਂ ਦੀਕਸ਼ਾ ਪ੍ਰਾਪਤ ਕਰੇਗਾ, ਜਿਸ ਦੇ ਸਿੱਟੇ ਵਜੋਂ ਉਸ ਨੂੰ ਮਹਾਨ ਸਿੱਧੀਆਂ, ਭਾਵ ਸਫਲਤਾਵਾਂ ਪ੍ਰਾਪਤ ਹੋਣਗੀਆਂ। ਇਹ ਸਫਲਤਾਵਾਂ ਵਿਅਕਤੀ ਦੀ ਪਛਾਣ ਬਣ ਜਾਂਦੀਆਂ ਹਨ ਤੇ ਕਈਆਂ ਲਈ ਪ੍ਰੇਰਨਾ। ਇਸ ਤਰ੍ਹਾਂ ਇਕ-ਇਕ ਨਾਗਰਿਕ ਦੇ ਸਫਲ ਜੀਵਨ ਨਾਲ ਪੂਰੇ ਭਾਰਤ ਦਾ ਨਵਾਂ ਨਿਰਮਾਣ ਹੋਵੇਗਾ।

'ਸੰਕਲਪ ਨਾਲ ਸਿੱਧੀ' ਮੋਦੀ ਦਾ ਇਕ ਅਜਿਹਾ ਮਹਾਨ ਨਾਅਰਾ ਹੈ, ਜਿਸ ਦਾ ਇਕ-ਇਕ ਨਜ਼ਰੀਆ ਦੇਸ਼ ਦੀ ਸਮਾਜਿਕ, ਨੈਤਿਕ ਤੇ ਅਧਿਆਤਮਕ ਤਰੱਕੀ ਦੇ ਨਾਲ-ਨਾਲ ਆਰਥਿਕ ਵਿਕਾਸ ਦਾ ਮਜ਼ਬੂਤ ਆਧਾਰ ਬਣ ਸਕਦਾ ਹੈ, ਇਸ ਲਈ ਹੁਣ ਦੇਸ਼ ਦੇ ਲੋਕਾਂ ਦਾ ਇਹ ਫਰਜ਼ ਹੈ ਕਿ ਅਸੀਂ ਸਾਰੇ ਮਿਲ ਕੇ ਆਪੋ-ਆਪਣੇ ਖੇਤਰ ਵਿੱਚ ਸੰਕਲਪਾਂ ਦਾ ਨਿਰਮਾਣ ਕਰੀਏ ਤੇ ਪੂਰੇ ਤਨ-ਮਨ ਨਾਲ ਸਿੱਧੀਆਂ ਪ੍ਰਾਪਤ ਕਰਨ ਲਈ ਜੁਟ ਜਾਈਏ।

ਜੇਕਰ ਭਾਰਤਵਾਸੀ ਇਸ ਨਾਅਰੇ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਣਾ ਲੈਂਦੇ ਹਨ ਤਾਂ ਯਕੀਨੀ ਤੌਰ ਤੇ ਇਕ ਨਵੇਂ ਭਾਰਤ ਦਾ ਨਿਰਮਾਣ ਹੋਵੇਗਾ, ਜੋ ਕਈ ਕਲਾਵਾਂ ਤੇ ਰੂਪਾਂ ਵਿੱਚ ਮਾਹਿਰ ਹੋਵੇਗਾ। ਇਹੋ ਮਾਰਗ ਗਰੀਬੀ-ਮੁਕਤ ਭਾਰਤ, ਸਵੱਛ ਭਾਰਤ, ਭ੍ਰਿਸ਼ਟਾਚਾਰ ਤੋਂ ਮੁਕਤ ਭਾਰਤ, ਜਾਤਵਾਦ ਤੋਂ ਮੁਕਤ ਭਾਰਤ, ਫਿਰਕਾਵਾਦ ਤੋਂ ਮੁਕਤ ਭਾਰਤ ਤੇ ਅੱਤਵਾਦ ਤੋਂ ਮੁਕਤ ਭਾਰਤ ਦਾ ਨਿਰਮਾਣ ਕਰੇਗਾ।

ਦੇਸ਼ ਦੇ ਵਿਦਿਆਰਥੀ ਆਪੋ-ਆਪਣੇ ਪੱਧਰ ਉਤੇ ਪੜ੍ਹਾਈ ਦਾ ਸੰਕਲਪ ਲੈ ਕੇ ਉਸ ਵਿੱਚ ਜੁਟ ਜਾਣ, ਨੌਜਵਾਨ ਵਰਗ ਆਪੋ-ਆਪਣੇ ਭਵਿੱਖ ਲਈ ਪ੍ਰਾਪਤੀਆਂ ਹਾਸਿਲ ਕਰਨ ਵਾਸਤੇ ਈਮਾਨਦਾਰੀ ਨਾਲ ਕੰਮ ਕਰੇ ਤਾਂ ਦੇਸ਼ ਦੀ ਦਿਸ਼ਾ ਤੇ ਦਸ਼ਾ ਸੁਧਰਨ ਵਿੱਚ ਜ਼ਿਆਦਾ ਸਮਾਂ ਨਹੀਂ ਲੱਗੇਗਾ।

ਹਰੇਕ ਸੰਕਲਪ ਨਾਲ ਹਰੇਕ ਵਿਦਿਆਰਥੀ ਤੇ ਨੌਜਵਾਨ ਨੂੰ ਇਹ ਵੀ ਸੋਚਣਾ ਪਵੇਗਾ ਕਿ ਉਸ ਨੇ ਫਜ਼ੂਲ ਦੀ ਆਵਾਰਾਗਰਦੀ, ਨਸ਼ੇ ਤੇ ਗਲਤ ਖਾਣ-ਪੀਣ ਦੀਆਂ ਆਦਤਾਂ ਵਿੱਚ ਨਹੀਂ ਫਸਣਾ ਕਿਉਂਕਿ ਇਨ੍ਹਾਂ ਨਾਲ ਇਕਾਗਰਤਾ ਭੰਗ ਹੁੰਦੀ ਹੈ ਅਤੇ ਸੰਕਲਪ ਨਾਲ ਸਿੱਧੀ ਦਾ ਸੁਪਨਾ ਪੂਰਾ ਕਰਨ ਦੇ ਰਾਹ ਵਿੱਚ ਰੁਕਾਵਟ ਪੈਂਦੀ ਹੈ। ਦੇਸ਼ ਦੇ ਸਾਰੇ ਅਧਿਆਪਕਾਂ ਨੂੰ ਵੀ ਇਹ ਸੰਕਲਪ ਲੈਣਾ ਚਾਹੀਦਾ ਹੈ ਕਿ ਉਹ ਦੇਸ਼ ਦੇ ਨਾਗਰਿਕਾਂ (ਵਿਦਿਆਰਥੀਆਂ) ਨੂੰ ਚੰਗੀ ਗੁਣਵੱਤਾ ਵਾਲੀ ਸਿੱਖਿਆ ਦੇ ਨਾਲ-ਨਾਲ ਦੇਸ਼ ਦੀ ਸੱਭਿਅਤਾ ਅਤੇ ਚਰਿੱਤਰਿਕ ਕਦਰਾਂ-ਕੀਮਤਾਂ ਦੀ ਸਿੱਖਿਆ ਵੀ ਦੇਣਗੇ, ਤਾਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਇਕ ਦਹਾਕੇ ਬਾਅਦ ਸਾਡੇ ਦੇਸ਼ ਦੇ ਸਾਰੇ ਪੜ੍ਹੇ-ਲਿਖੇ ਲੋਕ ਇਕ ਮਹਾਨ ਤੇ ਬਿਹਤਰੀਨ ਸ਼ਖ਼ਸੀਅਤ ਦੇ ਮਾਲਕ ਹੋਣਗੇ।

ਇਸੇ ਤਰ੍ਹਾਂ ਜੇ ਸਾਡੇ ਦੇਸ਼ ਦੇ ਵਕੀਲ ਤੇ ਜੱਜ ਮੁਕੱਦਮਿਆਂ ਦਾ ਛੇਤੀ ਨਿਪਟਾਰਾ ਕਰਨ ਤੇ ਨਿਆਂ ਪ੍ਰਣਾਲੀ ਨੂੰ ਕਾਨੂੰਨ ਦੇ ਨਾਲ-ਨਾਲ ਮਨੁੱਖਤਾ ਦੇ ਆਧਾਰ ਉਤੇ ਚਲਾਉਣ ਦਾ ਸੰਕਲਪ ਲੈ ਲੈਣ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਸਾਡੇ ਦੇਸ਼ ਨੂੰ ਇਕ ਮਹਾਨ ਨਿਆਂ ਪ੍ਰਣਾਲੀ ਵਾਲਾ ਰਾਸ਼ਟਰ ਬਣਾਉਣ ਤੋਂ ਰੋਕ ਨਹੀਂ ਸਕਦੀ। ਕੋਈ ਵੀ ਨਿਆਂ ਪ੍ਰਣਾਲੀ ਜਦੋਂ ਮੁਕੱਦਮਿਆਂ ਦੇ ਨਿਪਟਾਰੇ ਵਿੱਚ ਲੋੜ ਤੋਂ ਜ਼ਿਆਦਾ ਸਮਾਂ ਲਾਉਂਦੀ ਹੈ ਤਾਂ ਇਕ ਪਾਸੇ ਉਸ ਦਾ ਭਾਰੀ ਆਰਥਿਕ ਬੋਝ ਦੇਸ਼ ਉਤੇ ਪੈਂਦਾ ਹੈ ਤਾਂ ਦੂਜੇ ਪਾਸੇ ਫ਼ੈਸਲੇ ਦੀ ਉਡੀਕ ਕਰਨ ਵਾਲੇ ਮਾਨਸਿਕ ਰੋਗਾਂ ਦੇ ਸ਼ਿਕਾਰ ਤੱਕ ਹੋ



ਜਾਂਦੇ ਹਨ।

ਦੇਸ਼ ਦਾ ਕੋਈ ਵਿਗਿਆਨੀ ਵੀ ਕਿਸੇ ਉਦੇਸ਼ ਉਤੇ ਧਾਰਨਾ ਬਣਾਉਣ ਤੋਂ ਬਾਅਦ ਆਪਣੀ ਜ਼ਿੰਦਗੀ ਦਾ ਇਕ ਲੰਮਾ ਸਮਾਂ ਧਿਆਨਪੂਰਵਕ ਉਸ ਧਾਰਨਾ ਉਤੇ ਲਾ ਦਿੰਦਾ ਹੈ ਤਾਂ ਉਹ ਇਕ ਨਵੀਂ ਖੋਜ ਨਾਲ ਆਪਣੇ ਖੇਤਰ ਦਾ 'ਸਿੱਧ ਪੁਰਸ਼' ਬਣਦਾ ਹੈ। ਦੇਸ਼ ਵਿੱਚ ਜਿੰਨੇ ਜ਼ਿਆਦਾ ਮਾਹਿਰ ਵਿਗਿਆਨੀ ਹੋਣਗੇ, ਓਨਾ ਹੀ ਜ਼ਿਆਦਾ ਵਿਕਾਸ ਹੋਵੇਗਾ।



ਸਾਡੇ ਦੇਸ਼ ਵਿੱਚ ਛੋਟੇ-ਵੱਡੇ ਸਿਆਸਤਦਾਨ ਜੇਕਰ ਇਹ ਸੰਕਲਪ ਲੈ ਲੈਣ ਕਿ ਉਹ ਆਪਣੀ ਸਿਆਸੀ ਜ਼ਿੰਦਗੀ ਵਿੱਚ ਸਮਾਜਿਕ ਅਤੇ ਮਨੁੱਖਤਾਵਾਦੀ ਕੰਮਾਂ ਦੇ ਦਮ ਉਤੇ ਆਪਣਾ ਅਕਸ ਇਕ ਮਹਾਨ ਆਗੂ ਵਜੋਂ ਤਿਆਰ ਕਰ ਲੈਣਗੇ ਤਾਂ ਅਜਿਹੇ ਸਿਆਸਤਦਾਨਾਂ ਦੀ ਸਿੱਧੀ ਦਾ ਇਹ ਰੂਪ ਹੋਵੇਗਾ ਕਿ ਪੰਚਾਇਤ ਤੋਂ ਲੈ ਕੇ ਸੰਸਦ ਤੱਕ ਉਹ ਕਿਸੇ ਵੀ ਚੋਣ ਹਲਕੇ ਵਿੱਚ ਲੋਕਾਂ ਦੇ ਇਕ ਪੂਜਨੀਕ ਨੇਤਾ ਵਜੋਂ ਸਫਲਤਾ ਹਾਸਿਲ ਕਰ ਲੈਣਗੇ।

ਸਿਆਸਤਦਾਨਾਂ ਦਾ ਅਜਿਹਾ ਸਫਲ ਸਮਾਜਿਕ ਜੀਵਨ ਦੇਸ਼ ਵਿੱਚ ਚਾਰੇ ਪਾਸੇ ਸੁੱਖ-ਸ਼ਾਂਤੀ ਲਿਆਵੇਗਾ। ਇਸ ਨਾਲ ਸਿਆਸੀ ਉਥਲ-ਪੁਥਲ ਅਤੇ ਸਿਆਸਤ ਦੇ ਅਪਰਾਧੀਕਰਨ ਵਰਗੇ ਰੁਝਾਨ ਵੀ ਖਤਮ ਹੋ ਸਕਦੇ ਹਨ, ਜਿਨ੍ਹਾਂ ਕਾਰਨ ਅੱਜ ਦੀ ਸਿਆਸਤ ਬੇਹਿਸਾਬ ਭ੍ਰਿਸ਼ਟਾਚਾਰ ਕਰਦਿਆਂ ਦੇਸ਼ ਦੇ ਆਰਥਿਕ ਵਿਕਾਸ ਵਿੱਚ ਲਗਾਤਾਰ ਅੜਿੱਕਾ ਡਾਹੁੰਦੀ ਰਹਿੰਦੀ ਹੈ।

ਦੇਸ਼ ਦੇ ਵਪਾਰੀ ਜੇਕਰ ਈਮਾਨਦਾਰੀ ਨਾਲ ਕਾਰੋਬਾਰ ਕਰਨ ਦਾ ਸੰਕਲਪ ਲੈਣ ਤਾਂ ਗਾਹਕਾਂ ਵਿੱਚ ਵੀ ਅਜਿਹੇ ਵਪਾਰੀਆਂ ਦੀ ਸਾਖ ਸਥਾਈ ਤੌਰ ਤੇ ਮਜ਼ਬੂਤ ਹੋਵੇਗੀ। ਜੇ ਦੇਸ਼ ਦੇ ਵਪਾਰੀ ਆਪਣੇ ਕਾਰੋਬਾਰ ਵਿੱਚ ਸਿੱਧੀਆਂ ਪ੍ਰਾਪਤ ਕਰਨ ਲੱਗ ਪੈਣ ਤਾਂ ਦੇਸ਼ ਦੀ ਆਰਥਿਕ ਵਿਕਾਸ ਦਰ ਲਗਾਤਾਰ ਉੱਚੀ ਉੱਠਣ ਤੋਂ ਕੋਈ ਨਹੀਂ ਰੋਕ ਸਕਦਾ। ਇਸੇ ਤਰ੍ਹਾਂ ਜੇ ਦੇਸ਼ ਦੇ ਪੁਲਿਸ ਮੁਲਾਜ਼ਮ ਇਹ ਸੰਕਲਪ ਲੈ ਲੈਣ ਕਿ ਦੇਸ਼ ਵਿੱਚੋਂ ਅਪਰਾਧਿਕ ਰੁਝਾਨ ਖਤਮ ਕਰਨਾ ਹੈ ਤਾਂ ਉਹ ਅਪਰਾਧੀਆਂ ਨਾਲੋਂ ਰਿਸ਼ਵਤਖੋਰੀ ਦਾ ਸੰਬੰਧ ਤੋੜ ਕੇ ਉਨ੍ਹਾਂ ਨੂੰ ਸਿਰਫ ਸਜ਼ਾ ਦਿਵਾਉਣਗੇ।

ਫੌਜ ਦੇ ਜਵਾਨਾਂ ਦਾ ਦੇਸ਼ ਦੀ ਰੱਖਿਆ ਬਾਰੇ ਸੰਕਲਪ ਹੀ ਸਾਡੀ ਦਿਨ-ਰਾਤ ਰੱਖਿਆ ਕਰਦਾ ਹੈ ਤੇ ਅਸੀਂ ਦੇਸ਼ ਦੀਆਂ ਹੱਦਾਂ ਅੰਦਰ ਸੁੱਖ ਦੀ ਨੀਂਦੇ ਸੌਂਦੇ ਹਾਂ, ਆਪਣੇ ਕੰਮਕਾਜ ਕਰਦੇ ਹਾਂ, ਨਹੀਂ ਤਾਂ ਕਲਪਨਾ ਕਰੋ ਕਿ ਜੇ ਅੱਤਵਾਦੀ ਤਾਕਤਾਂ ਹਰ ਰੋਜ਼ ਹਿੰਸਾ ਨਾਲ ਦੇਸ਼ਵਾਸੀਆਂ ਦਾ ਜਿਊਣਾ ਦੁੱਭਰ ਕਰ ਦੇਣ ਤਾਂ ਕੀ ਹੋਵੇਗਾ?

ਦੇਸ਼ ਦੇ ਸਾਰੇ ਲੋਕ ਜੇ ਇਹ ਸੰਕਲਪ ਲੈ ਲੈਣ ਕਿ ਤੰਦਰੁਸਤ ਰਹਿਣਾ ਹੈ ਤਾਂ ਸੁਭਾਵਿਕ ਤੌਰ ਤੇ ਦੇਸ਼ਵਾਸੀ ਕੁਦਰਤੀ ਖਾਣ-ਪੀਣ, ਯੋਗਾ, ਧਿਆਨ ਵਰਗੀਆਂ ਭਾਰਤੀ ਕਿਰਿਆਵਾਂ ਦੇ ਦਮ ਉਤੇ ਉਮਰ ਭਰ ਨਿਰੋਗੀ ਰਹਿਣ ਦੀ ਸਿੱਧੀ ਪ੍ਰਾਪਤ ਕਰ ਸਕਦੇ ਹਨ। ਜੇ ਦੇਸ਼ਵਾਸੀਆਂ ਨੇ ਇਹ ਸਿੱਧੀ ਪ੍ਰਾਪਤ ਕਰ ਲਈ ਤਾਂ ਪੂਰੇ ਦੇਸ਼ ਦਾ ਕਲਿਆਣ ਹੋ ਜਾਵੇਗਾ ਅਤੇ ਕਰੋੜਾਂ-ਅਰਬਾਂ ਰੁਪਏ, ਜੋ ਅੰਗਰੇਜ਼ੀ ਦਵਾਈਆਂ, ਆਪ੍ਰੇਸ਼ਨਾਂ ਉੱਤੇ ਖਰਚ ਹੁੰਦੇ ਹਨ, ਉਹ ਬਚ ਜਾਣਗੇ।

*(ਲੇਖਕ ਮੈਂਬਰ ਪਾਰਲੀਮੈਂਟ ਹੈ।)*

*e-mail :avinkhannamp@gmail.com*



## ਨਵੇਂ ਭਾਰਤ ਦੀ ਨੀਂਹ - ਵਾਅਦੇ ਪੂਰੇ ਕਰਨਾ

### ਦੂਸਰੀ ਹਰੀ ਕ੍ਰਾਂਤੀ ਦੀ ਸ਼ੁਰੂਆਤ

*"ਇਕ ਕਿਸਾਨ ਭਾਰਤ ਮਾਂ ਦੀ ਸੇਵਾ ਅਨਾਜ ਦੇ ਗੋਦਾਮ ਭਰ ਕੇ ਕਰਦਾ ਹੈ। ਇਹ ਦੇਸ਼ ਦੀ ਸੇਵਾ ਵੀ ਹੈ। ਅਨਾਜ ਦੇ ਭੰਡਾਰ ਭਰਨਾ ਦੇਸ਼ ਦੀ ਸਭ ਤੋਂ ਵੱਡੀ ਸੇਵਾ ਹੈ ਜੋ ਕਿਸਾਨ ਕਰਦਾ ਹੈ। ਇਸੇ ਕਰਕੇ ਲਾਲ ਬਹਾਦਰ ਸ਼ਾਸਤਰੀ ਨੇ 'ਜੈ ਜਵਾਨ ਜੈ ਕਿਸਾਨ' ਦਾ ਨਾਅਰ ਦਿੱਤਾ ਸੀ।"*

**-ਪ੍ਰਧਾਨ ਮੰਤਰੀ ਨਰੇਂਦਰ ਮੋਦੀ, 15 ਅਗਸਤ 2014**

ਈ-ਨਾਮ ਅਧੀਨ 15 ਮਈ, 2017 ਤੱਕ 19802.08 ਕਰੋੜ ਰੁਪਏ ਮੁੱਲ ਦੀ 83.57 ਲੱਖ ਟਨ ਖੇਤੀ ਉਪਜ ਦਾ ਲੈਣ-ਦੇਣ ਹੋਇਆ

9 ਕਰੋੜ ਤੋਂ ਵੱਧ ਮਿੱਟੀ ਸਿਹਤ ਕਾਰਡ ਵੰਡੇ ਗਏ

2016-17 ਵਿੱਚ ਮਾਈਕ੍ਰੋ ਸਿੰਜਾਈ ਅਧੀਨ 8.40 ਲੱਖ ਹੈਕਟੇਅਰ ਜ਼ਮੀਨ ਲਿਆਂਦੀ ਗਈ

2016 ਦੀ ਖਰੀਫ ਦੌਰਾਨ ਪੀ ਐੱਮ ਐੱਫ ਬੀ ਵਾਈ ਅਧੀਨ 401.54 ਲੱਖ ਕਿਸਾਨਾਂ ਅਤੇ 392.82 ਲੱਖ ਹੈਕਟੇਅਰ ਜ਼ਮੀਨ ਦੇ 1,35,00,572 ਲੱਖ ਰੁਪਏ ਦੇ ਬੀਮੇ ਕੀਤੇ ਗਏ।

# ਪ੍ਰਕਾਸ਼ਨ ਵਿਭਾਗ ਦਾ ਦਿੱਲੀ ਵਿਖੇ 23ਵੇਂ ਕਿਤਾਬ ਮੇਲੇ ਵਿੱਚ ਹਿੱਸਾ ਲੈਣਾ, 2017




*ਪ੍ਰਗਤੀ ਮੈਦਾਨ, ਨਵੀਂ ਦਿੱਲੀ ਵਿਖੇ 23ਵੇਂ ਪੁਸਤਕ ਮੇਲੇ ਵਿੱਚ ਪ੍ਰਕਾਸ਼ਨ ਵਿਭਾਗ ਦਾ ਬੁੱਕ ਸਟਾਲ, 2017*

ਪ੍ਰਕਾਸ਼ਨ ਵਿਭਾਗ ਨੇ ਪ੍ਰਗਤੀ ਮੈਦਾਨ ਦਿੱਲੀ ਵਿਖੇ 26 ਅਗਸਤ ਤੋਂ 3 ਸਤੰਬਰ ਤੱਕ ਕਰਵਾਏ ਗਏ 23ਵੇਂ ਦਿੱਲੀ ਕਿਤਾਬ ਮੇਲੇ ਵਿੱਚ ਹਿੱਸਾ ਲਿਆ। ਮੇਲੇ ਦਾ ਆਯੋਜਨ ਇੰਡੀਅਨ ਟਰੇਡ ਪ੍ਰਮੋਸ਼ਨ ਆਰਗੇਨਾਈਜ਼ੇਸ਼ਨ ਵਲੋਂ ਫੈਡਰੇਸ਼ਨ ਆਫ ਇੰਡੀਅਨ ਪਬਲਿਸ਼ਰਜ਼ (ਐੱਫ ਆਈ ਪੀ) ਦੇ ਸਹਿਯੋਗ ਨਾਲ ਕੀਤਾ ਗਿਆ। ਮੇਲੇ ਦਾ ਵਿਸ਼ਾ 'ਪੜ੍ਹੇ ਭਾਰਤ, ਵਧੇ ਭਾਰਤ' – *'ਇੰਡੀਆ ਰੀਡਜ਼ ਇੰਡੀਆ ਗ੍ਰੋਜ਼'* ਸੀ। ਲਗਭਗ 130 ਪਬਲਿਸ਼ਰਜ਼ ਨੇ ਇਸ ਕਿਤਾਬ ਮੇਲੇ ਵਿੱਚ ਹਿੱਸਾ ਲਿਆ।

ਇਸ ਕਿਤਾਬ ਮੇਲੇ ਨੇ ਪ੍ਰਕਾਸ਼ਨ ਵਿਭਾਗ ਨੂੰ ਹਿੰਦੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਕਿਤਾਬਾਂ, ਈ-ਬੁਕਸ ਅਤੇ ਮੈਗਜ਼ੀਨਾਂ ਨੂੰ ਵੱਡੀ ਗਿਣਤੀ ਵਿੱਚ ਲੋਕਾਂ, ਬੱਚਿਆਂ ਅਤੇ ਬਜ਼ੁਰਗ ਸ਼ਹਿਰੀਆਂ ਸਾਹਮਣੇ ਪ੍ਰਦਰਸ਼ਤ ਕਰਨ ਦਾ ਮੌਕਾ ਪ੍ਰਦਾਨ ਕੀਤਾ।

ਇਸ ਮੇਲੇ ਵਿੱਚ ਪ੍ਰਦਰਸ਼ਿਤ ਕੀਤੀਆਂ ਗਈਆਂ ਪੁਸਤਕਾਂ ਦਾ ਵਿਸ਼ੇਸ਼ ਹਿੱਸਾ ਆਜ਼ਾਦੀ ਦੀ ਜੰਗ ''ਆਜ਼ਾਦੀ ਕੀ ਕਹਾਨੀ, ਕਿਤਾਬੋਂ ਕੀ ਜ਼ਬਾਨੀ'' ਬਾਰੇ ਸੀ ਜੋ ਕਿ ਭਾਰਤ ਛੱਡੋ ਅੰਦੋਲਨ ਦੀ 75ਵੀਂ ਵਰ੍ਹੇਗੰਢ ਅਤੇ ਭਾਰਤ ਦੀ ਆਜ਼ਾਦੀ ਦੇ 70 ਵਰ੍ਹੇ ਪੂਰੇ ਹੋਣ ਨੂੰ ਸਮਰਪਿਤ ਸੀ। ਇਸ ਬਾਰੇ ਸਟਾਲ ਵਿੱਚ ਲੋਕਾਂ ਨੇ ਵਿਸ਼ੇਸ਼ ਦਿਲਚਸਪੀ ਵਿਖਾਈ। ਇਸ ਵਿੱਚ ਪ੍ਰਦਰਸ਼ਿਤ ਕੁਝ ਕਿਤਾਬਾਂ 'ਹੂਜ਼ ਹੂ ਆਫ ਇੰਡੀਅਨ ਮਾਰਟਾਇਰਜ਼' (ਅਣਜਾਣ ਸੂਰਮਿਆਂ ਦਾ ਜੀਵਨ ਪਰੀਚੈ), 'ਫਰਾਮ ਰਾਜ ਟੂ ਸਵਰਾਜ', 'ਭਾਰਤ ਮੇਂ ਅੰਗਰੇਜ਼ੀ ਰਾਜ', 'ਭਾਰਤੀ ਸਵਤੰਤਰਤਾ ਅੰਦੋਲਨ ਦਾ ਇਤਿਹਾਸ', 'ਹਿਸਟਰੀ ਆਫ ਦਿ ਫਰੀਡਮ ਮੂਵਮੈਂਟ ਇਨ ਇੰਡੀਆ', 'ਇੰਡੀਅਨ-ਬੀਫੋਰ ਐਂਡ ਆਫਟਰ ਦਿ ਮਿਊਟਨੀ', '1857-ਦਿ ਅੱਪਰਾਈਜ਼ਿੰਗ', 'ਰਿਮੈਂਬਰ ਅਸ ਵਨਸ ਇਨ ਏ ਵਾਈਲ', 'ਰੋਮੇਨ ਰੋਲੈਂਡ ਐਂਡ ਗਾਂਧੀ ਕਾਰਸਪੌਂਡੈਂਟਸ', 'ਸਤਿਆਗ੍ਰਹਿ' ਵੀ ਪ੍ਰਦਰਸ਼ਨੀ ਵਿੱਚ ਰੱਖੀਆਂ ਗਈਆਂ। ਭਾਰਤ ਦੇ ਅਮੀਰ ਅਤੇ ਸਭਿਆਚਾਰਕ ਵਿਰਸੇ, ਆਜ਼ਾਦੀ ਘੁਲਾਟੀਆਂ ਅਤੇ ਕੌਮੀ ਆਗੂਆਂ ਦੀਆਂ ਜੀਵਨੀਆਂ, ਇਤਿਹਾਸ, ਕਲਾ ਅਤੇ ਸਭਿਆਚਾਰ, ਜ਼ਮੀਨ ਅਤੇ ਲੋਕਾਂ, ਹੋਰ ਵਿਸ਼ਿਆਂ ਅਤੇ ਬੱਚਿਆਂ ਦੀਆਂ ਕਿਤਾਬਾਂ ਹਿੰਦੀ, ਅੰਗਰੇਜ਼ੀ ਅਤੇ ਖੇਤਰੀ ਭਾਸ਼ਾਵਾਂ ਦੀਆਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ। ਆਉਣ ਵਾਲੇ ਲੋਕਾਂ ਲਈ ਇਕ ਈ-ਕਿਓਸਕ ਵੀ ਲਗਾਇਆ ਗਿਆ ਤਾਂ ਕਿ ਉਹ ਪ੍ਰਕਾਸ਼ਨ ਵਿਭਾਗ ਦੀ ਡਿਜੀਟਲ ਲਾਇਬਰੇਰੀ ਉੱਤੇ ਵੀ ਨਜ਼ਰ ਮਾਰ ਸਕਣ। ਇਸ ਵਿੱਚ 1000 ਡਿਜੀਟਲ ਕਿਤਾਬਾਂ ਹਨ।



*ਆਏ ਹੋਏ ਲੋਕ ਪ੍ਰਕਾਸ਼ਨ ਵਿਭਾਗ ਦੇ ਸਟਾਲ ਵਿਖੇ ਕਿਤਾਬਾਂ 'ਤੇ ਨਜ਼ਰ ਮਾਰਦੇ ਹੋਏ*

ਸੱਭਿਆਚਾਰ ਬਾਰੇ ਰਾਜ ਮੰਤਰੀ ਮਾਨਯੋਗ ਡਾ. ਮਹੇਸ਼ ਸ਼ਰਮਾ, ਪ੍ਰਕਾਸ਼ਨ ਵਿਭਾਗ ਵਲੋਂ ਪ੍ਰਗਤੀ ਮੈਦਾਨ, ਨਵੀਂ ਦਿੱਲੀ ਵਿਖੇ ਆਯੋਜਿਤ 23ਵੇਂ ਦਿੱਲੀ ਕਿਤਾਬ ਮੇਲੇ, 2017 ਵਿੱਚ ਪਹੁੰਚੇ। ਡੀ ਓ ਪੀ ਟੀ ਦੇ ਸਕੱਤਰ ਸ੍ਰੀ ਅਜੇ ਮਿੱਤਰ, ਚੇਅਰਮੈਨ ਆਈ ਜੀ ਐੱਨ ਸੀ ਏ ਸ੍ਰੀ ਰਾਮ ਬਹਾਦਰ ਰਾਏ, ਮੈਂਬਰ ਸਕੱਤਰ ਆਈ ਜੀ ਐੱਨ ਸੀ ਏ ਸ੍ਰੀ ਸਚਿੱਦਾ ਨੰਦ ਜੋਸ਼ੀ ਤੋਂ ਇਲਾਵਾ

ਹੋਰ ਬਹੁਤ ਸਾਰੇ ਸੀਨੀਅਰ ਸਰਕਾਰੀ ਅਧਿਕਾਰੀ, ਲੇਖਿਕ ਅਤੇ ਪਬਲਿਸ਼ਰਜ਼ ਵੀ ਪ੍ਰਕਾਸ਼ਨ ਵਿਭਾਗ ਦੇ ਸਟਾਲ ਵਿੱਚ ਪਹੁੰਚੇ।

***ਪ੍ਰਕਾਸ਼ਨ ਵਿਭਾਗ ਨੇ ਇਸ ਕਿਤਾਬ ਮੇਲੇ ਵਿੱਚ ਵੱਖ-ਵੱਖ ਕਿਤਾਬਾਂ ਅਤੇ ਰਸਾਲਿਆਂ ਦੀ 15.37 ਲੱਖ ਰੁਪਏ ਦੀ ਵਿੱਕਰੀ ਕੀਤੀ। ਪਿਛਲੇ ਸਾਲ ਇਹ ਵਿਕਰੀ 10 ਲੱਖ ਰੁਪਏ ਦੀ ਸੀ। ਇਸ ਵਾਰੀ ਪ੍ਰਕਾਸ਼ਨ ਵਿਭਾਗ ਨੇ ਐੱਮ ਪੀ ਓ ਐੱਸ ਮਸ਼ੀਨਾਂ ਵੀ ਨਕਦੀ-ਰਹਿਤ ਲੈਣ-ਦੇਣ ਲਈ ਲਗਾਈਆਂ ਹੋਈਆਂ ਸਨ। ਕੁੱਲ ਵਿਕਰੀ ਦਾ 22 ਪ੍ਰਤਿਸ਼ਤ ਹਿੱਸਾ ਨਕਦੀ ਰਹਿਤ ਲੈਣ-ਦੇਣ ਰਾਹੀਂ ਕੀਤਾ ਗਿਆ।***

ਮੇਲੇ ਦੌਰਾਨ 26 ਅਗਸਤ ਅਤੇ 31 ਅਗਸਤ 2017 ਨੂੰ ਕਿਤਾਬਾਂ ਜਾਰੀ ਕਰਨ ਦੇ ਦੋ ਸਮਾਰੋਹ ਕਰਵਾਏ ਗਏ ਜਿਨ੍ਹਾਂ ਵਿੱਚ ਵੱਖ-ਵੱਖ ਵਿਸ਼ਿਆਂ ਉੱਤੇ ਕੁਲ 17 ਕਿਤਾਬਾਂ ਜਾਰੀ ਕੀਤੀਆਂ ਗਈਆਂ। ਇਹ ਕਿਤਾਬਾਂ ਗਾਇਕ 'ਮੰਨਾ ਡੇ ਦੀ ਜੀਵਨੀ, ਪ੍ਰਸਿੱਧ ਇਤਿਹਾਸਕਾਰ ਤਾਰਾਚੰਦ ਦੀ 'ਹਿਸਟਰੀ ਆਫ ਇੰਡੀਅਨ ਫਰੀਡਮ ਮੂਵਮੈਂਟ' ਤੋਂ ਇਲਾਵਾ ਭਾਰਤੀ ਵੇਸ-ਭੂਸ਼ਾ, 'ਸੰਸਕ੍ਰਿਤ ਸਾਹਿਤਯ ਰਤਨਾਵਲੀ' ਦੀਆਂ ਚਾਰ ਜਿਲਦਾਂ, ਜਿਨ੍ਹਾਂ ਨੂੰ ਕਿ ਸਸਤਾ ਸਾਹਿਤਯ ਮੰਡਲ ਨਾਲ ਮਿਲ ਕੇ ਪ੍ਰਕਾਸ਼ਿਤ ਕੀਤਾ ਗਿਆ ਸੀ, ਜਾਰੀ ਕੀਤੀਆਂ ਗਈਆਂ।




*ਪ੍ਰਕਾਸ਼ਨ ਵਿਭਾਗ ਦੇ ਅਧਿਕਾਰੀ 'ਐਕਸੀਲੈਂਸ ਇਨ ਬੁੱਕ ਪ੍ਰੋਡਕਸ਼ਨ' ਦਾ ਪੁਰਸਕਾਰ ਮਾਨਯੋਗ ਸੱਭਿਆਚਾਰ ਅਤੇ ਸੈਰਸਪਾਟਾ ਰਾਜ ਮੰਤਰੀ ਡਾ. ਮਹੇਸ਼ ਸ਼ਰਮਾ ਤੋਂ ਹਾਸਲ ਕਰਦੇ ਹੋਏ*

ਇਕ ਮੋਬਾਈਲ ਐਪ 'ਸੈਲਯੂਟਿੰਗ ਦੀ ਪੈਟਰੀਆਟਸ' ਵੀ ਇਸ ਮੌਕੇ ਉਤੇ ਜਾਰੀ ਕੀਤਾ ਗਿਆ ਤਾਂ ਕਿ ਭਾਰਤ ਦੇ ਆਜ਼ਾਦੀ ਸੰਗ੍ਰਾਮ ਦੇ ਸ਼ਾਨਦਾਰ ਇਤਿਹਾਸ ਬਾਰੇ ਸੰਖੇਪ ਅਤੇ ਪ੍ਰੇਰਨਾਮਈ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ। ਇਹ ਇਨ-ਹਾਊਸ ਐਪ ਦੋ ਭਾਸ਼ਾਵਾਂ ਵਿੱਚ ਹੈ।

ਫੈਡਰੇਸ਼ਨ ਆਫ ਇੰਡੀਅਨ ਪਬਲੀਸ਼ਰਜ਼ ਵਲੋਂ ਹਰ ਸਾਲ ਦਿੱਲੀ ਕਿਤਾਬ ਮੇਲੇ ਦੌਰਾਨ ਵੱਖ-ਵੱਖ ਵਰਗਾਂ ਵਿੱਚ ਕਿਤਾਬਾਂ ਦੀ ਪ੍ਰਕਾਸ਼ਨਾ ਬਾਰੇ ਪੁਰਸਕਾਰ ਦਿੱਤੇ ਜਾਂਦੇ ਹਨ। ਇਸ ਸਾਲ ਪ੍ਰਕਾਸ਼ਨ ਵਿਭਾਗ ਨੇ ਕੁਲ 11 ਪੁਰਸਕਾਰ ਅਤੇ 2 ਸਰਟੀਫਿਕੇਟ ਆਫ ਮੈਰਿਟ 'ਐਕਸੀਲੈਂਸ ਇਨ ਬੁੱਕ ਪ੍ਰੋਡਕਸ਼ਨ' ਵਿੱਚ ਹਿੰਦੀ, ਅੰਗਰੇਜ਼ੀ ਅਤੇ ਖੇਤਰੀ ਭਾਸ਼ਾਵਾਂ ਦੇ ਵੱਖ-ਵੱਖ ਵਰਗਾਂ ਵਿੱਚ ਹਾਸਲ ਕੀਤੇ। ਮਾਨਯੋਗ ਸੱਭਿਆਚਾਰ ਅਤੇ ਸੈਰਸਪਾਟਾ ਰਾਜ ਮੰਤਰੀ ਡਾ. ਮਹੇਸ਼ ਸ਼ਰਮਾ ਨੇ 31 ਅਗਸਤ, 2017 ਨੂੰ ਪੁਰਸਕਾਰ ਵੰਡੇ।

23ਵੇਂ ਦਿੱਲੀ ਕਿਤਾਬ ਮੇਲੇ ਵਿੱਚ ਪ੍ਰਕਾਸ਼ਨ ਵਿਭਾਗ ਦੇ ਸਟਾਲ ਨੂੰ 'ਟਰਾਫੀ ਫਾਰ ਐਕਸੀਲੈਂਸ ਇਨ ਡਿਸਪਲੇ' ਖੇਤਰੀ ਭਾਸ਼ਾਵਾਂ ਲਈ ਪ੍ਰਦਾਨ ਕੀਤਾ ਗਿਆ। ਇਸ ਦਾ ਡਿਜ਼ਾਈਨ ਅਤੇ ਤਿਆਰੀ ਅੰਦਰੂਨੀ ਆਰਟਿਸਟਾਂ ਵਲੋਂ ਕੀਤੀ ਗਈ ਸੀ। ਇਹ ਪੁਰਸਕਾਰ ਐਗਜ਼ੈਕਟਿਵ ਡਾਇਰੈਕਟਰ, ਆਈ ਟੀ ਪੀ ਓ ਨੇ 3 ਸਤੰਬਰ, 2017 ਨੂੰ ਪੁਰਸਕਾਰ ਵੰਡ ਸਮਾਰੋਹ ਵਿੱਚ ਪ੍ਰਦਾਨ ਕੀਤਾ। ❑❑



*ਪ੍ਰਕਾਸ਼ਨ ਵਿਭਾਗ ਦੇ ਅਧਿਕਾਰੀ 'ਐਕਸੀਲੈਂਸ ਇਨ ਡਿਸਪਲੇ' ਲਈ ਸੋਨੇ ਦੀ ਟਰਾਫੀ ਆਈ ਟੀ ਪੀ ਓ ਤੋਂ ਹਾਸਲ ਕਰਦੇ ਹੋਏ*

# ਭਾਰਤ ਵਿੱਚ ਬੁਲੇਟ ਟਰੇਨ ਦਾ ਸਫਰ ਸ਼ੁਰੂ

ਭਾਰਤ ਅਤੇ ਜਾਪਾਨ ਦੇ ਪ੍ਰਧਾਨ ਮੰਤਰੀਆਂ ਵਲੋਂ 14 ਸਤੰਬਰ, 2017 ਨੂੰ ਭਾਰਤ ਦੇ ਪਹਿਲੀ ਤੇਜ਼ ਰਫ਼ਤਾਰ ਰੇਲ ਨੈੱਟਵਰਕ ਦਾ ਨੀਂਹ ਪੱਥਰ ਸਾਂਝੇ ਤੌਰ ਤੇ ਰੱਖਿਆ ਗਿਆ। ਇਹ ਟਰੇਨ ਮੁੰਬਈ ਅਤੇ ਅਹਿਮਦਾਬਾਦ ਦਰਮਿਆਨ ਦੌੜੇਗੀ। ਇਸ ਮੌਕੇ ਉਤੇ ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨੇ ਉੱਚ ਇੱਛਾਵਾਂ ਅਤੇ 'ਨਵੇਂ ਭਾਰਤ' ਦੀ ਇੱਛਾ ਸ਼ਕਤੀ ਦਾ ਜ਼ਿਕਰ ਕੀਤਾ। ਇਸ ਮੌਕੇ ਭਾਰਤ ਦੇ ਲੋਕਾਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਆਖਿਆ ਕਿ ਬੁਲੇਟ ਟਰੇਨ ਪ੍ਰੋਜੈਕਟ ਗਤੀ ਅਤੇ ਤਰੱਕੀ ਪ੍ਰਦਾਨ ਕਰੇਗਾ ਅਤੇ ਤੇਜ਼ੀ ਨਾਲ ਨਤੀਜੇ ਦੇਵੇਗਾ।

ਮੁੰਬਈ-ਅਹਿਮਦਾਬਾਦ ਦਾ ਇਹ ਤੇਜ਼ ਗਤੀ ਰੇਲ ਪ੍ਰਾਜੈਕਟ (ਐੱਮ ਏ ਐੱਚ ਐੱਸ ਆਰ) ਜਿਸ ਨੂੰ ਅਹਿਮਦਾਬਾਦ-ਮੁੰਬਈ ਬੁਲੇਟ ਟ੍ਰੇਨ ਦੇ ਨਾਮ ਨਾਲ ਜ਼ਿਆਦਾ ਜਾਣਿਆ ਜਾਂਦਾ ਹੈ, ਇਕ ਦੂਰਦਰਸ਼ੀ ਪ੍ਰਾਜੈਕਟ ਹੈ ਜੋ ਲੋਕਾਂ ਲਈ ਸੁਰੱਖਿਆ, ਤੇਜ਼ ਰਫ਼ਤਾਰ ਅਤੇ ਸੇਵਾ ਦੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ ਅਤੇ ਅਕਾਰ, ਰਫ਼ਤਾਰ ਅਤੇ ਹੁਨਰ ਦੇ ਮਾਮਲੇ ਵਿੱਚ ਭਾਰਤੀ ਰੇਲਵੇ ਦੀ ਅੰਤਰ-ਰਾਸ਼ਟਰੀ ਆਗੂ ਬਣਨ ਵਿੱਚ ਮਦਦ ਕਰੇਗਾ।

## ਪ੍ਰਾਜੈਕਟ ਦੀ ਘੱਟ ਲਾਗਤ

ਵੱਡੇ ਪੱਧਰ ਦੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੇ ਜ਼ਿਆਦਾਤਰ ਹਿੱਸਿਆਂ ਦਾ ਵਿੱਤੀਕਰਨ ਕਰਜ਼ੇ ਲੈ ਕੇ ਕੀਤਾ ਜਾਂਦਾ ਹੈ ਅਤੇ ਕਰਜ਼ੇ ਦੀ ਲਾਗਤ ਕੁੱਲ ਲਾਗਤ ਦਾ ਇਕ ਵੱਡਾ ਹਿੱਸਾ ਹੁੰਦੀ ਹੈ। ਭਾਰਤ ਅਤੇ ਜਾਪਾਨ ਵਿਚਾਲੇ ਸਹਿਯੋਗ ਸਮਝੌਤੇ ਦੇ ਭਾਗ ਦੇ ਤੌਰ ਤੇ, ਜਾਪਾਨ ਸਰਕਾਰ ਲਗਭਗ 88000 ਕਰੋੜ ਰੁਪਏ ਦਾ ਆਸਾਨ ਕਰਜ਼ਾ 0.1 ਪ੍ਰਤਿਸ਼ਤ ਦੀ ਨਿਊਨਤਮ ਵਿਆਜ਼ ਦਰ ਉਤੇ ਦੇਵੇਗੀ। ਇਸ ਕਰਜ਼ੇ ਨੂੰ ਮੋੜਨ ਦੀ ਮਿਆਦ 50 ਸਾਲ ਹੈ। ਕਰਜ਼ੇ ਦੀ ਵਾਪਸੀ, ਕਰਜ਼ਾ ਮਿਲਣ ਤੋਂ 15 ਸਾਲ ਬਾਅਦ ਸ਼ੁਰੂ ਹੋਵੇਗੀ, ਜਿਸ ਨਾਲ ਵਿਵਹਾਰਕ ਤੌਰ ਤੇ ਇਹ ਮੁਫ਼ਤ ਵਰਗਾ ਹੀ ਹੋਵੇਗਾ ਕਿਉਂਕਿ ਕਰਜ਼ੇ ਦਾ ਵਿਆਜ ਮੋਟੇ ਤੌਰ ਤੇ 7-8 ਕਰੋੜ ਰੁਪਏ ਪ੍ਰਤਿ ਮਹੀਨਾ ਬਣਦਾ ਹੈ।

ਆਮ ਕਰਕੇ, ਵਿਸ਼ਵ ਬੈਂਕ ਜਾਂ ਹੋਰ ਏਜੰਸੀਆਂ ਤੋਂ ਅਜਿਹੇ ਕਰਜ਼ੇ ਉਤੇ ਵੀ ਵਿਆਜ ਦੀ ਦਰ 5-7 ਪ੍ਰਤਿਸ਼ਤ ਹੁੰਦੀ ਹੈ ਅਤੇ ਜਿਸ ਦੀ ਅਦਾਇਗੀ ਦਾ ਸਮਾਂ 25-35 ਸਾਲ ਹੁੰਦਾ ਹੈ, ਇਸ ਲਈ ਭਾਰਤ ਨੂੰ ਤੇਜ਼ ਰਫ਼ਤਾਰ ਰੇਲ ਨੈੱਟਵਰਕ ਲਈ ਕਰਜ਼ਾ ਇਕ ਤਰ੍ਹਾਂ ਨਾਲ ਸਿਫਰ ਲਾਗਤ ਉਤੇ ਪ੍ਰਾਪਤ ਹੋ ਰਿਹਾ ਹੈ ਜਿਸ ਦਾ ਦੇਸ਼ ਦੇ ਮੌਜੂਦਾ ਵਿੱਤੀ ਸਰੋਤਾਂ ਉਤੇ ਕੋਈ ਬੋਝ ਨਹੀਂ ਪਵੇਗਾ, ਕਿਉਂਕਿ ਪ੍ਰਾਜੈਕਟ ਦੀ ਕੁੱਲ ਲਾਗਤ ਦਾ 80 ਪ੍ਰਤਿਸ਼ਤ ਤੋਂ ਵੱਧ ਜਾਪਾਨ ਸਰਕਾਰ ਵਲੋਂ ਦਿੱਤਾ ਜਾ ਰਿਹਾ ਹੈ। ਦੇਸ਼ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਵੇਗਾ ਕਿ ਕਿਸੇ ਬੁਨਿਆਦੀ ਢਾਂਚਾ ਪ੍ਰਾਜੈਕਟ ਦਾ ਵਿੱਤੀਕਰਨ ਏਨੀਆਂ ਆਸਾਨ ਸ਼ਰਤਾਂ ਉਤੇ ਕੀਤਾ ਜਾ ਰਿਹਾ ਹੈ।

## ਮੇਕ ਇਨ ਇੰਡੀਆ

ਇਸ ਪ੍ਰਾਜੈਕਟ ਦੇ ਪ੍ਰਮੁੱਖ ਉਦੇਸ਼ਾਂ ਵਿੱਚੋਂ ਇਕ 'ਮੇਕ ਇਨ ਇੰਡੀਆ' ਹੈ ਜਿਸ ਨੂੰ ਪ੍ਰਾਜੈਕਟ ਸ਼ੁਰੂ ਹੋਣ ਤੋਂ ਪਹਿਲਾਂ ਹਾਸਲ ਕੀਤਾ ਜਾਣਾ ਹੈ। ਸਰਕਾਰਾਂ ਦਰਮਿਆਨ ਹੋਏ ਸਮਝੌਤੇ ਮੁਤਾਬਕ, ਐੱਮ ਏ ਐੱਚ ਐੱਸ ਆਰ ਪ੍ਰਜੈਕਟ ਦੇ ਉਦੇਸ਼ਾਂ ਵਿੱਚ 'ਮੇਕ ਇਨ ਇੰਡੀਆ' ਅਤੇ 'ਤਕਨਾਲੋਜੀ ਦਾ ਤਬਾਦਲਾ' ਸ਼ਾਮਲ ਹਨ। ਟਾਸਕ ਫੋਰਸ ਦੇ ਮਾਰਗ ਦਰਸ਼ਨ ਤਹਿਤ (ਡੀ ਆਈ ਪੀ ਪੀ ਅਤੇ ਜਾਪਾਨ ਬਾਹਰੀ ਵਪਾਰ ਸੰਗਠਨ – ਜੇ ਈ ਟੀ ਆਰ ਓ), ਸਵੀਕ੍ਰਿਤ ਸੰਕਲਪ ਪੱਤਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੀ ਕਾਰਵਾਈ ਕੀਤੀ ਜਾ ਰਹੀ ਹੈ। ਭਾਰਤ ਦੀ ਸੱਨਅਤ, ਜਾਪਾਨੀ ਸੱਨਅਤ, ਡੀ ਆਈ ਪੀ ਪੀ, ਐੱਨ ਐੱਚ ਐੱਸ ਆਰ ਸੀ ਐੱਲ ਅਤੇ ਜੇ ਈ ਟੀ ਆਰ ਓ ਦੇ ਨੁਮਾਇੰਦਿਆਂ ਦੇ ਚਾਰ ਉਪ-ਸਮੂਹ ਬਣਾਏ ਗਏ ਹਨ ਜੋ ਮੇਕ ਇਨ ਇੰਡੀਆ ਲਈ ਸੰਭਾਵਿਤ ਵਸਤਾਂ ਅਤੇ ਉਪ-ਪ੍ਰਣਾਲੀਆਂ ਦੀ ਸ਼ਨਾਖ਼ਤ ਕਰਨਗੇ। ਭਾਰਤ ਤੇ ਜਾਪਾਨ ਦੀਆਂ ਸੱਨਅਤਾਂ ਦਰਮਿਆਨ ਸਰਗਰਮ ਸੰਵਾਦ ਪਹਿਲਾਂ ਹੀ ਹੋ ਰਿਹਾ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਮੇਂ ਅੰਦਰ ਵੱਖ-ਵੱਖ ਪੁਰਜ਼ਿਆਂ ਦੇ ਨਿਰਮਾਣ ਲਈ ਬਹੁਤ ਸਾਰੇ ਸਾਂਝੇ ਉੱਦਮ ਸਥਾਪਤ ਕੀਤੇ ਜਾਣਗੇ ਜਿਨ੍ਹਾਂ ਵਿੱਚ ਰੇਲ ਦੇ ਡੱਬੇ ਅਤੇ ਇੰਜਣ ਵੀ ਸ਼ਾਮਲ ਹੋਣਗੇ। ਇਸ ਨਾਲ ਨਾ ਸਿਰਫ ਭਾਰਤੀ ਸੱਨਅਤ ਨੂੰ ਹੀ ਨਵੀਂ ਤਕਨਾਲੋਜੀ ਦੇ ਰੂਪ ਵਿੱਚ ਲਾਭ ਹੋਵੇਗਾ ਸਗੋਂ ਦੇਸ਼ ਅੰਦਰ ਰੋਜ਼ਗਾਰ ਦੇ ਅਨੇਕ ਮੌਕੇ ਵੀ ਪੈਦਾ ਹੋਣਗੇ। ਮੇਕ ਇਨ ਇੰਡੀਆ ਦਾ ਉਦੇਸ਼ ਇਹ ਯਕੀਨੀ ਬਣਾਏਗਾ ਕਿ ਇਸ ਪ੍ਰਜੈਕਟ ਵਿੱਚ ਨਿਵੇਸ਼ ਕੀਤੀ ਜ਼ਿਆਦਾਤਰ ਰਕਮ ਦੀ ਵਰਤੋਂ ਭਾਰਤ ਅੰਦਰ ਹੀ ਕੀਤੀ ਜਾਵੇਗੀ।

ਭਾਰਤ ਵਿੱਚ ਉਸਾਰੀ ਖੇਤਰ ਨੂੰ ਵੀ ਨਾ ਕੇਵਲ ਨਿਵੇਸ਼ ਸਗੋਂ ਨਵੀਂ ਤਕਨਾਲੋਜੀ ਅਤੇ ਕੰਮ ਸਭਿਆਚਾਰ ਦੇ ਮਾਮਲੇ ਵਿੱਚ ਵੱਡਾ ਹੁਲਾਰਾ ਮਿਲੇਗਾ। ਇਸ ਪ੍ਰਾਜੈਕਟ ਤੋਂ ਲਗਭਗ 20,000 ਕਾਮਿਆਂ ਨੂੰ ਉਸਾਰੀ ਦੌਰਾਨ ਰੋਜ਼ਗਾਰ ਮਿਲਣ ਦੀ ਉਮੀਦ ਹੈ, ਜਿਨ੍ਹਾਂ ਨੂੰ ਭਾਰਤ ਵਿੱਚ ਅਜਿਹੇ ਪ੍ਰਾਜੈਕਟਾਂ ਦੀ ਉਸਾਰੀ ਲਈ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ। ਕੁੱਝ ਨਵੇਂ ਖੇਤਰ ਜਿਥੇ ਉਸਾਰੀ ਦੇ ਹੁਨਰ ਵਿਕਸਤ ਕੀਤੇ ਜਾਣਗੇ, ਉਨ੍ਹਾਂ ਵਿੱਚ ਰੋੜੀ ਰਹਿਤ ਪਟੜੀਆਂ ਅਤੇ ਸਮੁੰਦਰ ਹੇਠਾਂ ਸੁਰੰਗ ਦੀ ਉਸਾਰੀ ਸ਼ਾਮਲ ਹਨ। ਵਡੋਦਰਾ ਵਿਖੇ ਤੇਜ਼ ਰਫ਼ਤਾਰ ਰੇਲ ਸਿਖਲਾਈ ਦਾ ਇਕ ਸਮਰਪਿਤ ਸੰਸਥਾਨ ਵਿਕਸਤ ਕੀਤਾ ਜਾ ਰਿਹਾ ਹੈ। ਇਹ ਸੰਸਥਾਨ ਸਿਮੂਲੇਟਰ ਵਰਗੀਆਂ ਸਹੂਲਤਾਂ ਅਤੇ ਸਾਜ਼ ਸਮਾਨਾ ਨਾਲ ਲੈਸ ਹੋਵੇਗਾ ਜਿਵੇਂ ਜਾਪਾਨ ਵਿੱਚ ਮੌਜੂਦਾ ਸਮੇਂ ਸਿਖਲਾਈ ਲਈ ਸਹੂਲਤਾਂ ਮੌਜੂਦ ਹਨ। ਇਹ ਸੰਸਥਾਨ 2020 ਦੇ ਅਖੀਰ ਤੱਕ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਇਸ ਸੰਸਥਾਨ ਵਿੱਚ ਸਹੂਲਤਾਂ ਦੀ ਵਰਤੋਂ ਅਗਲੇ ਤਿੰਨ ਸਾਲਾਂ ਵਿੱਚ ਲਗਭਗ 4000 ਅਮਲੇ ਨੂੰ ਸਿਖਲਾਈ ਦੇਣ ਲਈ ਕੀਤੀ ਜਾਵੇਗਾ, ਜਿਸ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਵਿਦੇਸ਼ੀ ਨਿਰਭਰਤਾ ਦੀ ਥਾਂ ਉਤੇ ਭਾਰਤ ਵਿੱਚ ਇਹ ਕੰਮ ਹੁਨਰਮੰਦ ਲੋਕਾਂ ਵਲੋਂ ਕੀਤਾ ਜਾਵੇ। ਇਹ ਲੋਕ ਭਾਰਤ ਅੰਦਰ ਭਵਿੱਖ ਵਿੱਚ ਦੂਜੇ ਤੇਜ਼ ਰਫ਼ਤਾਰ ਲਾਂਘਿਆਂ ਦੇ ਵਿਕਾਸ ਲਈ ਰੀੜ੍ਹ ਦੀ ਹੱਡੀ ਦਾ ਕੰਮ ਕਰਨਗੇ। ਇਸ ਦੇ ਨਾਲ ਹੀ, ਭਾਰਤੀ ਰੇਲਵੇ ਦੇ



300 ਨੌਜਵਾਨ ਅਫ਼ਸਰਾਂ ਨੂੰ ਜਾਪਾਨ ਵਿੱਚ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਕਿ ਉਨ੍ਹਾਂ ਨੂੰ ਤੇਜ਼ ਰਫ਼ਤਾਰ ਪਟੜੀਆਂ ਦੀ ਤਕਨਾਲੋਜੀ ਦਾ ਅਨੁਭਵ ਪ੍ਰਾਪਤ ਹੋ ਸਕੇ। ਮਨੁੱਖੀ ਸਰੋਤ ਦੇ ਵਿਕਾਸ ਲਈ ਦੀਰਘਕਾਲੀ ਯੋਜਨਾ ਨੂੰ ਮੱਦੇ ਨਜ਼ਰ ਰੱਖਦਿਆਂ ਜਾਪਾਨ ਸਰਕਾਰ ਵਲੋਂ ਕਾਰਜਰਤ ਭਾਰਤੀ ਰੇਲਵੇ ਦੇ ਅਫ਼ਸਰਾਂ ਲਈ ਜਾਪਾਨ ਦੀਆਂ ਯੂਨੀਵਰਸਿਟੀਆਂ ਵਿੱਚ ਮਾਸਟਰਜ਼ ਕੋਰਸ ਕਰਨ ਵਾਸਤੇ 20 ਸੀਟਾਂ ਰਾਖਵੀਆਂ ਰੱਖਣ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਪ੍ਰੋਗਰਾਮ ਦਾ ਦੀ ਪੂੰਜੀਕਾਰੀ ਮੁਕੰਮਲ ਤੌਰ ਤੇ ਜਾਪਾਨ ਸਰਕਾਰ ਵਲੋਂ ਕੀਤੀ ਜਾ ਰਹੀ ਹੈ।

## ਅਤਿ-ਆਧੁਨਿਕ ਬਨਾਮ ਭੱਜ ਕੇ ਫੜਨ ਵਾਲੀ ਤਕਨਾਲੋਜੀ

ਦੂਸਰੇ ਖੇਤਰਾਂ ਤੋਂ ਉਲਟ ਦੇਸ਼ ਨੂੰ ਸਮੂਹਿਕ ਰੂਪ ਵਿੱਚ ਅਤਿ-ਆਧੁਨਿਕ ਤਕਨਾਲੋਜੀ ਪ੍ਰਾਪਤ ਹੋ ਰਹੀ ਹੈ। ਸਿਨਕਾਨਸਨ ਤਕਨਾਲੋਜੀ ਆਪਣੀ ਭਰੋਸੇਯੋਗਤਾ ਅਤੇ ਸੁਰੱਖਿਆ ਲਈ ਜਾਣੀ ਜਾਂਦੀ ਹੈ ਅਤੇ 50 ਵਰ੍ਹਿਆਂ ਤੋਂ ਵੀ ਜ਼ਿਆਦਾ ਅਜ਼ਮਾਈ ਹੋਈ ਹੈ। ਸਿਨਕਾਨਸਨ ਦਾ ਰੇਲ ਚੱਲਣ ਵਿੱਚ ਦੇਰੀ ਹੋਣ ਦਾ ਰਿਕਾਰਡ 1 ਮਿੰਟ ਤੋਂ ਵੀ ਘੱਟ ਤੇ ਜਾਨੀ ਮਾਲੀ ਨੁਕਸਾਨ ਦੀ ਦਰ ਸਿਫਰ ਹੈ।

ਇਸ ਪ੍ਰਕਾਰ ਇਹ ਪ੍ਰਾਜੈਕਟ ਸੁਰੱਖਿਆ ਦੇ ਉੱਚ ਮਿਆਰਾਂ ਵਾਲੀ ਭਰੋਸੇਮੰਦ ਅਤੇ ਅਰਾਮਦਾਇਕ ਸੇਵਾ ਪ੍ਰਦਾਨ ਕਰੇਗਾ। ਆਫ਼ਤ ਦੀ ਪੇਸ਼ੀਨਗੋਈ ਅਤੇ ਰੋਕਥਾਮ ਨਾਲ ਸੰਬੰਧਿਤ ਤਕਨਾਲੋਜੀ ਵੀ ਇਸ ਪ੍ਰਾਜੈਕਟ ਦੇ ਭਾਗ ਵਜੋਂ ਹਾਸਲ ਕੀਤੀ ਜਾਵੇਗੀ। ਅਜਿਹੀਆਂ ਸੁਰੱਖਿਆ ਪ੍ਰਣਾਲੀਆਂ ਯਕੀਨੀ ਬਣਾਉਂਦੀਆਂ ਹਨ ਕਿ ਭੁਚਾਲ ਵਰਗੀ ਕਿਸੇ ਕੁਦਰਤੀ ਆਫ਼ਤ ਸਮੇਂ ਵੀ ਰੇਲ ਸੰਚਾਲਨ ਸੁਰੱਖਿਆ ਬਣਾ ਕੇ ਰੱਖੀ ਜਾ ਸਕੇ।

ਇਸ ਤਕਨਾਲੋਜੀ ਦੀ ਮੌਜੂਦਗੀ ਅਤੇ ਉਪਲਬਧਤਾ ਨਾਲ ਭਾਰਤ ਨਵੀਨਤਮ ਰੇਲ ਤਰੱਕੀ ਦੀ ਆਤਿ-ਆਧੁਨਿਕ ਤਕਨਾਲੋਜੀ ਦੇ ਮਾਮਲੇ ਵਿੱਚ ਇਕ ਵੱਡੀ ਪੁਲਾਂਘ ਭਰੇਗਾ ਜਿਸ ਵਿੱਚ ਮੌਜੂਦਾ 7-8 ਘੰਟੇ ਦੇ ਰੇਲ ਸਫਰ ਦੀ ਬਜਾਇ ਯਾਤਰੀ 2 ਘੰਟੇ ਅੰਦਰ ਹੀ ਆਪਣੀ ਮੰਜ਼ਿਲ ਉਤੇ ਪਹੁੰਚ ਸਕਣਗੇ। ਇੰਜੀਨੀਅਰਿੰਗ ਅਮਲਾ ਜਿਵੇਂ-ਜਿਵੇਂ ਨਵੀਨਤਮ ਤਕਨਾਲੋਜੀ ਸਿੱਖਦਾ ਜਾਵੇਗਾ ਅਗੋਂ ਭਾਰਤ ਵਿੱਚ ਹੀ ਇਸ ਨੂੰ ਵਿਕਸਤ ਕਰਨ ਵਿੱਚ ਮਦਦ ਮਿਲੇਗੀ।

ਇਸ ਅਕਾਰ ਨੂੰ ਦਿਮਾਗ ਵਿੱਚ ਰੱਖਦਿਆਂ ਕਈ ਹੋਰ ਤੇਜ਼ ਰਫ਼ਤਾਰ ਲਾਂਘਿਆਂ ਦੀ ਵੀ ਸਮੀਖਿਆ ਕੀਤੀ ਜਾ ਰਹੀ ਹੈ ਜਿਵੇਂ ਦਿੱਲੀ-ਕੋਲਕਾਤਾ, ਦਿੱਲੀ-ਮੁੰਬਈ, ਮੁੰਬਈ-ਚੇਨੱਈ, ਦਿੱਲੀ-ਚੰਡੀਗੜ੍ਹ, ਮੁੰਬਈ-ਨਾਗਪੁਰ, ਦਿੱਲੀ-ਨਾਗਪੁਰ। ਇਹ ਸਾਰੇ ਲਾਂਘੇ ਵੀ ਭਵਿੱਖ ਵਿੱਚ ਤੇਜ਼ ਰਫ਼ਤਾਰ ਰੇਲਾਂ ਚਲਾ ਸਕਣਗੇ। ਇਸ ਵਾਸਤੇ ਰੇਲ ਮੰਤਰਾਲੇ ਵਲੋਂ ਨੈਸ਼ਨਲ ਹਾਈ ਸਪੀਡ ਰੇਲ ਕਾਰਪੋਰੇਸ਼ਨ ਦਾ ਗਠਨ ਕੀਤਾ ਗਿਆ ਹੈ ਜੋ ਇਸ ਐੱਮ ਏ ਐੱਚ ਐੱਸ ਆਰ ਪ੍ਰਾਜੈਕਟ ਉਤੇ ਵੀ ਅਮਲ ਕਰ ਰਿਹਾ ਹੈ।

## ਮੁੰਬਈ-ਅਹਿਮਦਾਬਾਦ ਤੇਜ਼ ਰਫ਼ਤਾਰ ਰੇਲ ਪ੍ਰਾਜੈਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ :

- ਲੰਬਾਈ 508 ਕਿਲੋਮੀਟਰ (ਲਗਭਗ), ਦੋ ਰਾਜਾਂ ਵਿੱਚ ਦੂਹਰੀ ਪਟੜੀ, ਮਹਾਰਾਸ਼ਟਰ (156 ਕਿਲੋਮੀਟਰ) ਅਤੇ ਗੁਜਰਾਤ (351 ਮਿਲੋਮੀਟਰ) ਅਤੇ ਦਾਦਰਾ ਤੇ ਨਗਰ ਹਵੇਲੀ ਕੇਂਦਰ ਸ਼ਾਸ਼ਤ ਪ੍ਰਦੇਸ਼ (2 ਕਿਲੋਮੀਟਰ)
- ਸਭ ਤੋਂ ਲੰਮੀ ਸੁਰੰਗ 21 ਕਿਲੋਮੀਟਰ ਜੋ 7 ਕਿਲੋਮੀਟਰ ਸਮੁੰਦਰ ਦੇ ਅੰਦਰ ਹੋਵੇਗੀ (ਥਾਣੇ ਕ੍ਰੀਕ)
- 12 ਸਟੇਸ਼ਨ : ਮੁੰਬਈ, ਥਾਣੇ, ਵਿਰਾਰ, ਬੋਇਸਰ, ਵਾਪੀ, ਬਿਲੀਮੋਰਾ, ਸੂਰਤ, ਭਰੂਚ, ਵਡੋਦਰਾ, ਆਨੰਦ, ਅਹਿਮਦਾਬਾਦ, ਸਾਬਰਮਤੀ। ਮੁੰਬਈ ਦੇ ਜ਼ਮੀਨਦੋਜ਼ ਸਟੇਸ਼ਨ ਨੂੰ ਛੱਡ ਕੇ ਬਾਕੀ ਸਾਰੇ ਜ਼ਮੀਨੀ ਸਤਿਹ ਤੋਂ ਉੱਤੇ ਹੋਣਗੇ।
- ਵੱਧ ਤੋਂ ਵੱਧ ਡਿਜ਼ਾਈਨ ਰਫ਼ਤਾਰ-250 ਕਿਲੋਮੀਟਰ ਪ੍ਰਤਿ ਘੰਟਾ।
- ਵੱਧ ਤੋਂ ਵੱਧ ਸੰਚਾਲਨ ਰਫ਼ਤਾਰ 320 ਕਿਲੋਮੀਟਰ ਪ੍ਰਤਿ ਘੰਟਾ।
- ਯਾਤਰਾ ਦਾ ਸਮਾਂ 2 ਘੰਟੇ 7 ਮਿੰਟ (ਸੀਮਤ ਵਿਰਾਮ), 2 ਘੰਟੇ 58 ਮਿੰਟ (ਸਾਰੇ ਸਟੇਸ਼ਨਾਂ ਉਤੇ ਠਹਿਰਾਅ) ਬਨਾਮ ਰੇਲ ਸਫਰ ਦਾ ਮੌਜੂਦਾ ਸਮਾਂ 7-8 ਘੰਟੇ।

## ਘੱਟ ਲਾਗਤ ਤੇਜ਼ ਰਫ਼ਤਾਰ

- ਅੰਦਾਜ਼ਨ ਲਾਗਤ 1,08,000 ਕਰੋੜ

ਰੁਪਏ, ਸਾਰਾ ਲਾਂਘਾ ਸੁਰੱਖਿਆ ਅਤੇ ਭੂਮੀ ਦੀ ਬੱਚਤ ਦੇ ਨਜ਼ਰੀਏ ਤੋਂ ਜ਼ਮੀਨੀ ਪੱਧਰ ਤੋਂ ਉਪਰ।

• ਪ੍ਰਾਜੈਕਟ ਲਾਗਤ ਦਾ 81 ਪ੍ਰਤਿਸ਼ਤ ਜਾਪਾਨ ਤੋਂ ਅਸਲ ਕਰਜ਼ੇ ਦੇ ਰੂਪ ਵਿੱਚ ਇਸ ਦੀ ਸਾਲਾਨਾ ਵਿਆਜ ਦਰ 0.1 ਪ੍ਰਤਿਸ਼ਤ ਅਤੇ ਭੁਗਤਾਨ ਦਾ ਸਮਾਂ 50 ਸਾਲ - ਜਿਸ ਵਿੱਚ 15 ਸਾਲ ਦਾ ਰਿਆਇਤੀ ਵਕਫਾ ਵੀ ਸ਼ਾਮਲ ਹੈ।

• ਪ੍ਰਾਜੈਕਟ ਦਾ ਵਿੱਤੀਕਰਨ ਕਰਜ਼ੇ ਦੀਆਂ ਇਹੋ ਜਿਹੀਆਂ ਸ਼ਰਤਾਂ ਉਤੇ ਜੋ ਗਰਾਂਟ ਵਰਗੀਆਂ ਹਨ।

• ਭਾਰਤ ਵਿੱਚ ਪਹਿਲੀ ਵਾਰ ਕਿਸੇ ਬੁਨਿਆਦੀ ਢਾਂਚੇ ਦਾ ਵਿੱਤੀਕਰਨ ਅਜਿਹੀਆਂ ਅਸਾਨ ਸ਼ਰਤਾਂ ਉਤੇ ਕੀਤਾ ਜਾ ਰਿਹਾ ਹੈ।

## ਮੇਕ ਇੰਨ ਇੰਡੀਆ

• ਸਰਕਾਰ ਵਿਚਾਲੇ ਸਮਝੌਤੇ ਮੁਤਾਬਕ, ਐੱਮ ਏ ਐੱਚ ਐੱਸ ਆਰ ਪ੍ਰਾਜੈਕਟ ਵਿੱਚ 'ਮੇਕ ਇਨ ਇੰਡੀਆ ਅਤੇ 'ਤਕਨਾਲੋਜੀ ਦੀ ਤਬਦੀਲੀ' ਦੇ ਉਦੇਸ਼ ਸ਼ਾਮਲ ਹਨ।

## ਭਾਰਤ ਨੂੰ ਬੇਹਤਰੀਨ ਤਕਨੀਕ ਦੀ ਉਪਲਬਧਤਾ

• ਭਾਰਤੀ ਰੇਲਵੇ ਦਾ ਸ਼ੁਮਾਰ ਉਨ੍ਹਾਂ ਦੇਸ਼ਾਂ ਦੇ ਖ਼ਾਸ ਸਮੂਹ ਵਿੱਚ ਹੋ ਜਾਵੇਗਾ ਜਿਨ੍ਹਾਂ ਕੋਲ ਅਤਿ-ਆਧੁਨਿਕ ਤਕਨਾਲੋਜੀ ਹੈ।

• ਸਿਨਕਾਨਸਨ ਤਕਨਾਲੋਜੀ, ਭਰੋਸੇਯੋਗਤਾ ਅਤੇ ਸੁਰੱਖਿਆ ਲਈ ਜਾਣੀ ਜਾਂਦੀ ਹੈ ਜਿਸ ਦਾ 50 ਸਾਲ ਤੋਂ ਵੱਧ ਦਾ ਅਜਮਾਇਆ ਟਰੈਕ ਰਿਕਾਰਡ ਹੈ।

• ਸਮੇਂ ਦੀ ਪਾਬੰਦੀ ਦਾ ਰਿਕਾਰਡ ਇਕ ਮਿੰਟ ਤੋਂ ਵੀ ਘੱਟ ਹੈ, ਕੋਈ ਜਾਨੀ ਨੁਕਸਾਨ ਨਹੀਂ।

• ਭਰੋਸੇਮੰਦ ਤੇ ਅਰਾਮਦਾਇਕ ਸੇਵਾਵਾਂ।

• ਪ੍ਰਾਜੈਕਟ ਨਾਲ ਤਕਨੀਕੀ ਸਹਾਇਤਾ ਅਤੇ ਜਾਪਾਨੀ ਕਾਰੀਗਰ ਵੀ ਆਉਣਗੇ - ਜਿਸ ਨਾਲ ਭਵਿੱਖੀ ਪ੍ਰਾਜੈਕਟਾਂ ਵਿੱਚ ਭਾਰਤੀਆਂ ਨੂੰ ਤਕਨੀਕ ਦਾ ਤਬਾਦਲਾ ਯਕੀਨੀ ਹੋ ਜਾਵੇਗਾ।

• ਵਡੋਦਰਾ ਵਿਖੇ ਤੇਜ਼ ਰਫ਼ਤਾਰ ਰੇਲ ਸਿਖਲਾਈ ਸੰਸਥਾਨ ਜੋ 4000 ਅਮਲੇ ਨੂੰ ਸੰਚਾਲਨ ਅਤੇ ਰੱਖ ਰਖਾਅ ਦੀ ਸਿਖਲਾਈ ਦੇਵੇਗਾ।

## ਆਰਥਿਕਤਾ ਅਤੇ ਰੋਜ਼ਗਾਰ ਨੂੰ ਹੁਨਰ

• 20000 ਉਸਾਰੀ ਖੇਤਰ ਵਿੱਚ ਨੌਕਰੀਆਂ।


• ਸੰਚਾਲਨ ਲਈ 4000 ਸਿੱਧੇ ਅਤੇ 20,000 ਅਸਿੱਧੇ ਰੋਜ਼ਗਾਰ।

• ਸ਼ਹਿਰੀ ਅਤੇ ਉਦਯੋਗਿਕ ਵਿਕਾਸ ਲਈ ਇਸ ਲਾਂਘੇ ਦੇ ਆਲੇ ਦੁਆਲੇ ਹੁਲਾਰਾ।

ਸ਼ਹਿਰਾਂ ਦਰਮਿਆਨ ਸਫਰ ਕਰਨ ਦੀ ਸੌਖ ਅਤੇ ਯਾਤਰਾ ਲਈ ਵਿਆਪਕ ਸਮਰੱਥਾ।

• ਦੂਜੇ ਤੇਜ਼ ਰਫ਼ਤਾਰ ਪ੍ਰਾਜੈਕਟਾਂ ਲਈ ਸਮਰੱਥਾ ਦਾ ਵਿਕਾਸ।

❑❑




PUBLICATIONS DIVISION
website: publicationsdivision.nic.in
Some Prestigious Titles Now Available Online
India 2016 (also available as eBook)
Bharat 2016 (also available as eBook)
Legends of Indian Silver Screen (also available as eBook)
Abode Under The Dome
Winged Wonders of Rashtrapati Bhavan
Right of The Line : The President's Bodyguard
Indra Dhanush
The Presidential Retreats of India
Rashtrapati Bhawan
Belief In The Ballot (also available as eBook)
Gandhi : Jeevan Aur Darshan (hindi)
1857 The Uprising
Sardar Patel-Sachitra Jeevni(hindi) (also available as eBook)
Sardar Patel - A Pictorial Biography (also available as eBook)
Basohli Painting
Kangra Painting
Indian Women : Contemporary Essays
Bharat Ki Ekta Ka Nirman (hindi) (also available as eBook)
Yuva Sanyasi (hindi)
Gazetteer of India Vol.2
The Geet Govinda of Shri Jaydev
Who's Who of Indian Martyrs (Vol-I)
Who's Who of Indian Martyrs (Vol-II)
Saga of Valour
Some Aspects of Indian Culture
Art & Science of Playing Tabla (also available as eBook)
Indian Classical Dance
Celebration of Life : Indian Folk Dance
Nataraja
Bengali Theatre: 200 Years (also available as eBook)
Bihari Satsai (hindi)
Bihari Satsai - A Commentary
Eye In Art
Looking Again At Indian Art
The Life of Krishna In Indian Art
Pahari Painting of Nala Damayanti Theme
Ajanta Ka Vaibhav (hindi)
Bharatiya Kala - Udhbhav Aur Vikas (hindi)
Bharatiya Chitrakala Main Sangeet Tatva (hindi)
South Indian Paintings
Garhwal Chitrakala (hindi)
A Moment In Time
Samay, Cinema Aur Itihas (hindi)
Indian Cinema Through The Century
Bharatiya Cinema Ka Safarnama (hindi)
A History of Socialism
Lamps of India
Bharat Ke Durg (hindi)
Wood Carving of Gujarat
Lawns And Gardens
Paryavaran Sanrakshan : Chunotiyan Aur Samadhan (hindi)
eBooks
Lokmanya Bal Gangadhar Tilak
The Gospel of Buddha
Introduction To Indian Music
Sardar Vallabhbhai Patel
Sardar Vallabhbhai Patel (Adhunik Bharat Ke Nirmata Series)
Lauh Purush Sardar Patel
Aise They Bapu
Mahatama Gandhi -A Pictorial Biography
Gandhi In Champaran
Mahatma Gandhi And One World
Printed Books available at flipkart.com
eBooks at kobo.com

**PUBLICATIONS DIVISION**
**Ministry of Information & Broadcasting**
**Soochna Bhawan, CGO Complex,**
**Lodhi Road, New Delhi-110003**

## COMMERCIAL ADVERTISEMENT RATES FOR DPD JOURNALS
**(w.e.f. 15th March, 2016**

| S. No. | Name of Journal | Inside Text Page | | | | Back Cover | 2nd Cover Page | 3rd Cover Page |
|---|---|---|---|---|---|---|---|---|
| | (Rate for each Journals for one edition | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English) | 35,000 | 20,000 | 25,000 | 15,000 | 10,0000 | 70,000 | 70,000 |
| 2 | Yojana (Hindi) | 25,000 | 15,000 | 18,000 | 11,000 | 75,000 | 50,000 | 50,000 |
| 3 | Kurukshetra (English & Hindi) | 20,000 | 12,000 | 15,000 | 10,000 | 30,000 | 27,000 | 25,000 |
| 4 | Ajkal (Hindi& Urdu) | 10,000 | 6,000 | 7,000 | 5,000 | 15,000 | 12000 | 11000 |
| 5 | Yojana (Urdu/Punjabi/ Oriya/Assamese/ Gujrati/Malayalam) | 70,00 | 4,500 | 5,000 | 3,000 | 10,000 | 9000 | 8000 |
| 6 | Ball Bharti | 10,000 | | | | 15,000 | 12,000 | 11000 |
| 7 | Yojana (Bengali/Telgu/ Marathi/Tamil/Kannada) | 13,000 | 8,000 | 10,000 | 6,000 | 20,000 | 17,000 | 15000 |

COMMERCIAL ADVERTISEMENT RATES FOR INDIA/BHARAT**

| | India | | Bharat | |
|---|---|---|---|---|
| | Colour | Black & White | Colour | Black & White |
| Full Page | 40,000 | 25,000 | 25,000 | 15,000 |
| 2nd Cover Page | | | | |
| 3rd Cover Page | 70,000 | | 50,000 | |

** Rates of Advertisement tariff in India & Bharat annual reference are inclusive for print & electronic version

Note :

2nd cover page of magazines will be reserved for the DAVP and Government Organizations. The above rate are only for PSU advertisement.

* 2 % extra discount on each additional insertion of advertisement subject to maximum discount of 40%

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |

Advertisement material - Artpull/Artwork/CD/Positives

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, Room No. 48-53, Soochna Bhawan, CGO Complex, Lodi Road, New Delhi-1100 03. E-mail : *pdjucir@gmail.com*. For any other query please contact at 011-24367453.